## CONTENTS


| Sr. No. | Subject | Page No. |
|---|---|---|
| 1. | **Welcome announcement by the Secretary** | 1 |
| 2. | **Welcome announcement by the Hon'ble Deputy Speaker** | 2 |
| 3. | **Welcome announcement by the secretary regarding presence of hon'ble member Sardar Gurpreet Singh Banawali** | 3 |
| 4. | **Welcome announcement by Hon'ble Parliamentary Affairs Minister** | 4 |
| 5. | **Welcome announcement by Hon'ble Speaker** | 6 |
| 6. | **Presentation of momentoes to the dignitaries** | 9 |
| 7. | **Starred questions and answers** | 10 |
| 8. | **Welcome announcement by the Hon'ble Speaker** | 17 |
| 9. | **Starred questions and answers *(resumption)*** | 17 |
| 10. | **Welcome announcement by the Speaker** | 18 |
| 11. | **Starred questions and answers *(resumption)*** | 18 |
| 12. | **Motion under rule 16** | 20 |
| 13. | **Matters raised during zero hour** | 21 |
| 14. | **Welcome announcement by the Hon'ble Speaker** | 24 |
| 15. | **Calling attention notices under rule 66** | 24 |
| 16. | **Collective discussion on the issues of constitution, democracy and law and order** | 27 |
| 17. | **Short adjournment of the house** | 30 |

| | | |
|---|---|---|
| 18. | **Collective discussion on the issues of constitution, democracy and law and order *(resumption)*** | 30 |
| 19. | **Walk out** | 30 |
| 20. | **Collective discussion on the issues of constitution, democracy and law and order *(resumption)*** | 31 |
| 21. | **Short adjournment of the house** | 39 |
| 22. | **Address by Hon'ble Speaker (Sardar Kultar Singh Sandhwan)** | 39 |
| 23. | **Collective discussion on the issues of constitution, democracy and law and order *(resumption)*** | 40 |
| 24. | **Non official resolution regarding inclusion of subject in school syllabus to protect students from drug abuse and empowering them for nation building** | 47 |
| 25. | **Legislative business**<br>**1. The Punjab Panchayati Raj (amendment) bill, 2024** | 53 |
| 26. | **2. The prevention of cruelty towards animals (punjab amendment) bill, 2025** | 59 |
| 27. | **Announcement by the secretary reg. Giving a chance for speech to students** | 68 |
| 28. | **Concluding remarks by the Hon'ble Speaker (Shri Jagmandar Singh)** | 76 |
| 29. | **Announcement by the Secretary** | 76 |
| 30. | **Concluding remarks by the Hon'ble Speaker (Sardar Kultar Singh Sandhwan)** | 76 |

**MOCK SESSION OF PUNJAB VIDHAN SABHA OF SCHOOL STUDENTS FOR CREATING AWARENESS AMONGST THE STUDENTS REGARDING WORKING OF LEGISLATURE**

*Wednesday, the 26th November, 2025*

*The Vidhan Sabha met in the Punjab Vidhan Sabha Hall, Sri Anandpur Sahib, District Rupnagar at 10.00 A.M. for Mock Session of School Students*

---

**WELCOME ANNOUNCEMENT BY THE SECRETARY**

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ)** : ਮਾਣਯੋਗ ਸਪੀਕਰ ਸਾਹਿਬ, ਜੇ ਜਨਾਬ ਦੀ ਆਗਿਆ ਹੋਵੇ ਤਾਂ ਬਕਾਇਦਾ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਹਰ ਹਲਕੇ ਤੋਂ ਆਏ ਬੱਚੇ ਨੂੰ ਆਪ ਜੀ ਦਾ ਅਤੇ ਮੰਚ ਤੇ ਬਿਰਾਜਮਾਨ ਸ਼ਖਸੀਅਤਾਂ ਦਾ ਸੰਦੇਸ਼ ਦੇ ਦਿੱਤਾ ਜਾਵੇ।

ਮਾਣਯੋਗ ਸਪੀਕਰ ਸਾਹਿਬ ਅਤੇ ਮੰਚ ਤੇ ਬਿਰਾਜਮਾਨ ਸਾਰੀਆਂ ਸ਼ਖਸੀਅਤਾਂ ਨੂੰ ਸਤਿ ਸ੍ਰੀ ਅਕਾਲ। ਨੌਵੀਂ ਅਤੇ ਦਸਵੀਂ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਉਚੇਚੇ ਤੌਰ ਤੇ ਆਏ ਹੋਏ ਪੰਜਾਬ ਵਿਧਾਨ ਸਭਾ ਦੇ ਜਰਨਲਿਸਟਾਂ, ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ, ਸਿੱਖਿਆ ਅਧਿਕਾਰੀ ਸਾਹਿਬਾਨਾਂ, ਅਧਿਆਪਕ ਸਾਹਿਬਾਨਾਂ ਨੂੰ ਮੈਂ ਸਕੱਤਰ, ਪੰਜਾਬ ਵਿਧਾਨ ਸਭਾ ਤਹਿ ਦਿਲੋਂ ਸਵਾਗਤ ਕਰਦਾ ਹਾਂ। ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ ਦਾ ਸਵਾਗਤ ਕਰਦਾ ਹਾਂ, ਜਿਨ੍ਹਾਂ ਦੀ ਵਿਲੱਖਣ ਸੋਚ ਅਤੇ ਰਹਿਨੁਮਾਈ ਸਦਕਾ ਵਿਦਿਆਰਥੀਆਂ ਦਾ ਪੰਜਾਬ ਵਿਧਾਨ ਸਭਾ ਦਾ ਮੋਕ ਸੈਸ਼ਨ ਉਲੀਕਿਆ ਗਿਆ ਹੈ। ਇਹ ਬੜੇ ਮਾਣ ਦੀ ਗੱਲ ਹੈ ਕਿ ਇਸ ਸੈਸ਼ਨ ਦੀ ਅਗਵਾਈ ਅਤੇ ਸੰਚਾਲਨ ਮਾਣਯੋਗ ਸਪੀਕਰ ਸਾਹਿਬ ਖੁਦ ਕਰ ਰਹੇ ਹਨ। ਮੈਂ ਮਾਣਯੋਗ ਸੰਸਦੀ ਮਾਮਲਿਆਂ ਬਾਰੇ ਮੰਤਰੀ ਡਾਕਟਰ ਰਵਜੋਤ ਸਿੰਘ ਜੀ ਦਾ ਵੀ ਸਵਾਗਤ ਕਰਦਾ ਹਾਂ, ਜਿਨ੍ਹਾਂ ਨੇ ਉਚੇਚੇ ਤੌਰ ਤੇ ਸਭ ਦਾ ਹੌਂਸਲਾ ਵਧਾਉਣ ਲਈ ਅੱਜ ਇਸ ਸਮਾਗਮ ਵਿੱਚ ਆਉਣਾ ਸਵੀਕਾਰ ਕੀਤਾ ਹੈ। ਮੈਂ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਡਿਪਟੀ ਸਪੀਕਰ ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ ਨੂੰ ਵੀ ਜੀ ਆਇਆਂ ਆਖਦਾ ਹਾਂ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਸਾਨੂੰ ਦਿੱਤਾ ਹੈ। ਮੈਂ ਇਸ ਸਮਾਗਮ ਦਾ ਆਪਣੀ ਮੌਜੂਦਗੀ ਨਾਲ ਸ਼ੋਭਾ ਵਧਾ ਰਹੀਆਂ ਸਾਰੀਆਂ ਸ਼ਖਸੀਅਤਾਂ ਦਾ ਦਿਲੋਂ ਧੰਨਵਾਦੀ ਹਾਂ। ਅੱਜ ਭਾਰਤੀ ਸੰਵਿਧਾਨ ਦਿਵਸ ਹੈ। ਮੈਂ ਮੰਤਰੀ/ਐਮ.ਐਲ.ਏ. ਸਾਹਿਬਾਨ ਦੀਆਂ ਸੀਟਾਂ ਤੇ ਬਿਰਾਜੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਪਰਸੋਂ 24 ਨਵੰਬਰ, 2025 ਨੂੰ ਇਸੇ ਥਾਂ ਤੇ ਹੋਇਆ ਸੀ। ਮੈਂ ਉਮੀਦ ਕਰਦਾ ਹਾਂ ਕਿ ਸਾਰਿਆਂ ਨੇ ਉਸ ਦਾ ਸਿੱਧਾ ਪ੍ਰਸਾਰਨ ਵੀ ਦੇਖਿਆ ਹੋਵੇਗਾ। ਅੱਜ ਦਾ ਇਹ ਜਿਹੜਾ ਸਮਾਗਮ ਹੈ, ਇਹ ਪਹਿਲਾਂ ਚੰਡੀਗੜ੍ਹ ਵਿਖੇ ਹੋਣਾ ਉਲੀਕਿਆ ਗਿਆ ਸੀ ਪਰ ਗੁਰੂ ਸਾਹਿਬ ਜੀ ਦੀ ਕਿਰਪਾ ਕਹਿ ਸਕਦੇ ਹਾਂ ਜਾਂ ਅਸੀਂ ਭਾਗਾਂ ਵਾਲੇ ਹਾਂ ਕਿ ਇਸ ਪਵਿੱਤਰ ਸਥਾਨ ਤੇ ਸ੍ਰੀ ਗੁਰੂ ਸਾਹਿਬ ਜੀ ਦੀ ਅਸੀਸ ਲੈ ਕੇ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲੇਗਾ। ਮਾਣਯੋਗ ਸਪੀਕਰ ਸਾਹਿਬ ਤੇ ਸਾਰੀਆਂ ਬਿਰਾਜਮਾਨ

ਸ਼ਖਸੀਅਤਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਵਿਦਿਆਰਥੀ ਵਿਧਾਇਕਾਂ ਦੇ ਰੂਪ ਵਿੱਚ ਸਾਮ੍ਹਣੇ ਬੈਠੇ ਹਨ, ਜਿਨ੍ਹਾਂ ਨੂੰ 19 ਨਵੰਬਰ ਨੂੰ ਡਿਸਕਸ਼ਨ ਸਬੰਧੀ ਪ੍ਰੈਕਟਿਸ ਕਰਵਾ ਦਿੱਤੀ ਗਈ ਸੀ ਕਿ ਕਿਵੇਂ ਸਦਨ ਵਿੱਚ ਵਿਚਰਨਾ ਹੈ, ਉਹ ਦੱਸ ਦਿੱਤਾ ਗਿਆ ਸੀ ਅਤੇ ਅੱਜ ਦਾ ਏਜੰਡਾ ਵੀ ਤਹਿ ਕਰਕੇ ਦੇ ਦਿੱਤਾ ਗਿਆ ਸੀ। ਵਿਦਿਆਰਥੀ, ਜਿਹੜੇ ਇੱਥੇ ਵਿਧਾਇਕਾਂ ਦੇ ਰੂਪ ਵਿੱਚ ਬੈਠੇ ਹਨ, ਅੱਜ ਉਨ੍ਹਾਂ ਨੇ ਤਿਆਰੀ ਕੀਤੀ ਹੋਵੇਗੀ। ਅੱਜ ਉਨ੍ਹਾਂ ਨੂੰ ਸਪੀਚਾਂ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਪਹਿਲਾਂ ਕਿ ਮੈਂ ਮਾਣਯੋਗ ਸਪੀਕਰ ਸਾਹਿਬ ਨੂੰ ਆਪਣਾ ਸੰਦੇਸ਼ ਦੇਣ ਲਈ ਇਨਵਾਈਟ ਕਰਾਂ, ਮੈਂ ਮਾਣਯੋਗ ਡਿਪਟੀ ਸਪੀਕਰ ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਕੀਮਤੀ ਸ਼ਬਦਾਂ ਨਾਲ ਵਿਦਿਆਰਥੀਆਂ ਦਾ ਹੌਸਲਾ ਵਧਾਉਣ।

------

## WELCOME ANNOUNCEMENT BY THE HON'BLE DEPUTY SPEAKER

**ਮਾਣਯੋਗ ਡਿਪਟੀ ਸਪੀਕਰ (ਸਰਦਾਰ ਜੈ ਕ੍ਰਿਸ਼ਨ ਸਿੰਘ)**: ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬਾਨ, ਅਧਿਆਪਕ ਸਾਹਿਬਾਨ ਅਤੇ ਪਿਆਰੇ ਵਿਦਿਆਰਥੀਓ! ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਮੁਕੱਦਸ ਧਰਤੀ ਤੇ ਜਿੱਥੇ ਅਸੀਂ ਹਿੰਦ ਦੀ ਚਾਦਰ, ਪੂਰੀ ਕਾਇਨਾਤ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾ ਰਹੇ ਹਾਂ, ਉੱਥੇ ਅੱਜ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਭਾਰਤ ਦੇ ਸੰਵਿਧਾਨ ਦਿਵਸ ਦੇ ਮੌਕੇ ਪੰਜਾਬ ਦੇ ਵੱਖ ਵੱਖ ਹਲਕਿਆਂ ਤੋਂ ਆਏ ਵਿਦਿਆਰਥੀਆਂ ਨਾਲ ਇਕ ਮੌਕ ਇਜਲਾਸ ਕਰਨ ਲਈ ਵਿਦਿਆਰਥੀ ਵਿਧਾਨ ਸਭਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਦੋਵੇਂ ਮੌਕੇ ਸਾਨੂੰ ਇੱਕ ਗਹਿਰਾ ਸੁਨੇਹਾ ਦਿੰਦੇ ਹਨ ਕਿ ਸਾਨੂੰ ਧਰਮ, ਮਨੁੱਖਤਾ, ਆਜ਼ਾਦੀ ਲਈ ਜੀਣਾ ਅਤੇ ਸਿਧਾਂਤਾਂ ਲਈ ਖੜ੍ਹੇ ਰਹਿਣਾ ਚਾਹੀਦਾ ਹੈ।

ਇਹਨਾਂ ਬੱਚਿਆਂ ਲਈ ਅੱਜ ਦਾ ਇਹ ਮੌਕ ਇਜਲਾਸ ਇੱਕ ਰਿਹਰਸਲ ਹੀ ਨਹੀਂ, ਸਗੋਂ ਭਵਿੱਖ ਦੀ ਤਿਆਰੀ ਹੈ। ਇੱਕ ਦਿਨ ਇਨ੍ਹਾਂ ਬੱਚਿਆ ਵਿਚੋਂ ਹੀ ਕੋਈ ਵਿਧਾਇਕ, ਮੰਤਰੀ, ਮੁੱਖ ਮੰਤਰੀ, ਅਫਸਰ, ਵਿਦਵਾਨ ਬਣ ਕੇ ਇਸ ਪਵਿੱਤਰ ਸਦਨ ਦਾ ਹਿੱਸਾ ਬਣ ਸਕਦਾ ਹੈ ਅਤੇ ਆਪਣੇ ਦੇਸ਼, ਆਪਣੇ ਰਾਜ ਦਾ ਨਾਮ ਪੂਰੀ ਦੁਨੀਆਂ ਵਿਚ ਰੌਸ਼ਨ ਕਰੇਗਾ।

ਸੰਵਿਧਾਨ ਉਹ ਪਵਿੱਤਰ ਦਸਤਾਵੇਜ਼ ਹੈ ਜੋ ਸਾਡੇ ਹੱਕਾਂ, ਜ਼ਿੰਮੇਵਾਰੀਆਂ ਅਤੇ ਦੇਸ਼ ਦੇ ਚਲਣ ਦੀਆਂ ਬੁਨਿਆਦੀ ਲਿਖਤਾਂ ਨੂੰ ਦਰਸਾਉਂਦਾ ਹੈ। ਜੋ ਦਸਦਾ ਹੈ ਕਿ ਕਿਹੜੇ ਰਾਹ ਤੇ ਚਲ ਕੇ ਅਸੀਂ ਇੱਕ ਮਜ਼ਬੂਤ, ਸਫਲ ਦੇਸ਼ ਦਾ ਨਿਰਮਾਣ ਕਰ ਸਕਦੇ ਹਾਂ, ਸੰਵਿਧਾਨ ਸਾਨੂੰ ਬਰਾਬਰ ਦਾ ਵਤੀਰਾ, ਏਕਤਾ, ਆਜ਼ਾਦੀ, ਦੂਜਿਆਂ ਦੇ ਧਰਮ ਅਤੇ ਵਿਚਾਰਾਂ ਦੀ ਇੱਜ਼ਤ ਕਰਨਾ ਸਿਖਾਉਂਦਾ ਹੈ।

ਸਾਰੇ ਮੂਲ ਸਿਧਾਂਤ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜ਼ਿੰਦਗੀ ਵਿੱਚ ਵੀ ਵੇਖਦੇ ਹਾਂ। ਉਨ੍ਹਾਂ ਨੇ ਮਨੁੱਖਤਾ, ਧਰਮ ਦੀ ਆਜ਼ਾਦੀ, ਵਿਚਾਰਧਾਰਾ ਦੀ ਆਜ਼ਾਦੀ ਅਤੇ ਸੱਚ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ। ਉਹ ਉਸ ਵਕਤ ਮਾਨਵਤਾ ਦੀ ਬਾਂਹ ਫੜ੍ਹ ਕੇ ਮਨੁੱਖੀ ਹੱਕਾਂ ਦੇ ਝੰਡਾ ਬਰਦਾਰ ਬਣ ਮੈਦਾਨ ਵਿੱਚ ਨਿੱਤਰੇ ਸਨ, ਜਦੋਂ ਇਹ

ਸਿਰਫ਼ ਇੱਕ ਕਿਤਾਬੀ ਗੱਲ ਸੀ, ਜਦੋਂ ਦੁਨੀਆਂ ਵਿੱਚ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਿਸੇ ਹੋਰ ਧਰਮ ਦੀ ਰੱਖਿਆ ਲਈ ਵੀ ਆਪਣਾ ਸੀਸ ਵਾਰਿਆ ਜਾ ਸਕਦਾ ਹੈ। ਇਹ ਸੀ ਸਾਡੇ ਗੁਰੂ ਸ੍ਰੀ ਤੇਗ ਬਹਾਦਰ ਜੀ।

ਸਪੀਕਰ ਸਾਹਿਬ, ਇਹ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਸੰਵਿਧਾਨ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਦੇਸ਼ ਨੂੰ ਬਿਹਤਰ ਬਣਾਉਣ ਦੀ ਜ਼ਿੰਮੇਵਾਰੀ ਇਕ ਵਿਅਕਤੀ ਦੀ ਹੀ ਨਹੀਂ ਸਗੋਂ ਸਾਡੀ ਸਾਰਿਆਂ ਦੀ ਹੈ। ਜਿਸ ਸਮਾਜ ਵਿੱਚ ਹਰ ਧਰਮ, ਹਰ ਜਾਤੀ ਅਤੇ ਹਰ ਵਿਚਾਰਧਾਰਾ ਨੂੰ ਆਜ਼ਾਦੀ ਮਿਲਦੀ ਹੈ ਉਹੀ ਸਮਾਜ ਸੱਚਾ ਲੋਕਤੰਤਰ ਹੈ।

ਅੱਜ ਦੇ ਮੌਕ ਇਜਲਾਸ ਰਾਹੀਂ ਬੱਚੇ ਲੋਕਤੰਤਰ ਦੀ ਕਾਰਗੁਜ਼ਾਰੀ ਨੂੰ ਸਮਝਣਗੇ ਕਿ ਕਿਵੇਂ ਵਿਚਾਰ-ਵਟਾਂਦਰਾ ਹੁੰਦਾ ਹੈ, ਕਿਵੇਂ ਕਾਨੂੰਨ ਬਣਦੇ ਹਨ ਅਤੇ ਕਿਵੇਂ ਇੱਕ ਸੰਸਦ ਜਾਂ ਵਿਧਾਨ ਸਭਾ ਦੇਸ਼ ਦੀ ਰੀੜ੍ਹ ਦੀ ਹੱਡੀ ਬਣ ਕੇ ਕੰਮ ਕਰਦੀ ਹੈ।

ਮੈਂ ਆਪ ਜੀ ਰਾਹੀਂ ਬੱਚਿਆਂ ਨੂੰ ਕਹਿਣਾ ਚਾਹਾਂਗਾ ਕਿ ਬੱਚਿਓ, ਇੱਕ ਸੁਪਨਾ ਰੱਖੋ, ਮਜ਼ਬੂਤ, ਸੱਚੇ, ਕਾਬਿਲ ਤੇ ਜ਼ਿੰਮੇਵਾਰ ਨਾਗਰਿਕ ਬਣੋ। ਸਾਡੇ ਦੇਸ਼ ਭਾਰਤ ਨੂੰ ਆਜ਼ਾਦ ਕਰਵਾਉਣ ਵਿਚ ਸਾਡੇ ਮਹਾਨ ਦੇਸ਼ ਭਗਤਾਂ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ। ਉਹਨਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਆਜ਼ਾਦ ਫ਼ਿਜ਼ਾ ਵਿਚ ਸਾਹ ਲੈ ਰਹੇ ਹਾਂ ਅਤੇ ਸਾਨੂੰ ਇੱਕ ਚੰਗਾ ਸੰਵਿਧਾਨ ਮਿਲਿਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਾਨੂੰ ਇੱਕ ਸਾਂਝਾ ਸੁਨੇਹਾ ਦਿੰਦੀ ਹੈ ਕਿ ਧਰਮ ਸਿਰਫ਼ ਆਪਣਾ ਨਹੀਂ, ਸਗੋਂ ਸਾਰਿਆਂ ਦਾ ਹੈ। ਉਹਨਾਂ ਨੇ ਸਿਰਫ ਇਕ ਧਰਮ ਦੀ ਨਹੀਂ, ਸਗੋਂ ਹਰ ਉਸ ਵਿਅਕਤੀ ਦੀ ਰੱਖਿਆ ਕੀਤੀ ਜਿਸ ਦਾ ਅਕੀਦਾ ਖਤਰੇ ਵਿੱਚ ਸੀ। ਇਸ ਲਈ ਅੱਜ ਸਾਨੂੰ ਉਹਨਾਂ ਨੂੰ ਮਾਨਵਤਾ ਦੀ ਚਾਦਰ, ਇਨਸਾਨੀਅਤ ਦੀ ਚਾਦਰ, ਪੂਰੀ ਕਾਇਨਾਤ ਦੀ ਚਾਦਰ ਕਹਿਣਾ ਚਾਹੀਦਾ ਹੈ।

ਅੰਤ ਵਿਚ ਮੈਂ ਇਹ ਹੀ ਕਹਾਂਗਾ ਕਿ ਆਓ ਅਸੀਂ ਸਭ ਮਿਲ ਕੇ ਇਹ ਵਾਅਦਾ ਕਰੀਏ ਕਿ ਅਸੀਂ ਸੰਵਿਧਾਨ ਦੇ ਮਾਰਗ ਤੇ ਚੱਲਾਂਗੇ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਵਾਂਗੇ।

ਇਸ ਦੇ ਨਾਲ ਹੀ ਮੈਂ ਮਾਣਯੋਗ ਸਪੀਕਰ ਸਾਹਿਬ ਦਾ, ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਦਿਲੋਂ ਧੰਨਵਾਦ ਕਰਨਾ ਚਾਹਾਂਗਾ, ਜਿਨ੍ਹਾਂ ਦੀ ਚੰਗੀ ਸੋਚ ਸਦਕਾ ਸਾਡੇ ਆਉਣ ਵਾਲੇ ਭਵਿੱਖ ਨੂੰ ਇਕ ਚੰਗੀ ਦਿਸ਼ਾ ਵੱਲ ਵਧਾਉਣ ਲਈ ਅੱਜ ਦਾ ਇਹ ਵਿਸ਼ੇਸ਼ ਇਜਲਾਸ ਵਿਦਿਆਰਥੀ ਵਿਧਾਨ ਸਭਾ ਦੇ ਰੂਪ ਵਿਚ ਕਰਵਾਉਣ ਲਈ ਮਹੱਤਪੂਰਣ ਕਦਮ ਚੁੱਕਿਆ ਗਿਆ।

ਆਪ ਸਭ ਨੂੰ ਸੰਵਿਧਾਨ ਦਿਵਸ ਦੀਆਂ ਲੱਖ ਲੱਖ ਵਧਾਈਆਂ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

------

## WELCOME ANNOUNCEMENT BY THE SECRETARY REGARDING PRESENCE OF HON'BLE MEMBER SARDAR GURPREET SINGH BANAWALI

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ):** ਧੰਨਵਾਦ, ਡਿਪਟੀ ਸਪੀਕਰ ਸਾਹਿਬ। ਅੱਜ ਸਾਡੇ ਦਰਮਿਆਨ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਵੀ ਮੌਜੂਦ ਹਨ। ਅਸੀਂ ਉਨ੍ਹਾਂ ਦਾ ਵੀ ਸਵਾਗਤ ਕਰਦੇ ਹਾਂ ਅਤੇ ਧੰਨਵਾਦ ਕਰਦੇ ਹਾਂ ਕਿ ਉਹ ਉਚੇਚੇ ਤੌਰ ’ਤੇ ਅੱਜ ਵਿਦਿਆਰਥੀਆਂ ਦੇ ਮੌਕ ਸੈਸ਼ਨ ਵਿੱਚ ਸ਼ਾਮਲ

ਹੋਏ ਹਨ। ਹੁਣ ਮੈਂ ਮਾਣਯੋਗ ਸੰਸਦੀ ਮਾਮਲਿਆਂ ਬਾਰੇ ਮੰਤਰੀ ਡਾਕਟਰ ਰਵਜੋਤ ਸਿੰਘ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣਾ ਸੰਦੇਸ਼ ਵਿਦਿਆਰਥੀਆਂ ਨੂੰ ਦੇਣ ਦੀ ਕ੍ਰਿਪਾਲਤਾ ਕਰਨ।

------

**WELCOME ANNOUNCEMENT BY HON'BLE PARLIAMENTARY AFFAIRS MINISTER**

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਬਹੁਤ ਬਹੁਤ ਧੰਨਵਾਦ ਜੀ। ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ। ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਡਿਪਟੀ ਸਪੀਕਰ ਸਾਹਿਬ, ਮਾਣਯੋਗ ਐਮ.ਐਲ.ਏ. ਸਾਹਿਬਾਨ ਅਤੇ ਮੇਰੇ ਸਾਹਮਣੇ ਬੈਠੇ ਬੱਚੇ, ਜੋ ਕਿ ਅੱਜ ਇੱਥੇ ਮੌਕ ਸੈਸ਼ਨ ਵਿੱਚ ਬਤੌਰ ਐਮ.ਐਲ.ਏ., ਬਤੌਰ ਮੰਤਰੀ ਅਤੇ ਬਤੌਰ ਸੀ.ਐਮ. ਰੋਲ ਪਲੇਅ ਕਰ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦੇ ਟੀਚਰਜ਼ ਅਤੇ ਸਾਡੇ ਪ੍ਰੈੱਸ ਮੀਡੀਆ, ਤੁਹਾਨੂੰ ਸਾਰਿਆਂ ਨੂੰ ਸਭ ਤੋਂ ਪਹਿਲਾਂ ਮੈਂ ਫਤਹਿ ਬੁਲਾਉਂਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਮੈਂ ਕਹਾਂਗਾ ਕਿ ਅੱਜ ਬੜਾ ਖੁਸ਼ੀਆਂ ਦਾ ਸਮਾਂ ਹੈ। ਸਾਡੇ ਬੱਚਿਆਂ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅਸੀਂ ਪੂਰੇ ਦੇਸ਼ ਵਿੱਚ ਅਤੇ ਪੂਰੀ ਦੁਨੀਆਂ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਸੈਸ਼ਨ ਕਰਵਾਇਆ ਹੈ ਅਤੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ ਉੱਤੇ ਜਿਹੜਾ ਇਹ ਬੱਚਿਆਂ ਦਾ ਮੌਕ ਸੈਸ਼ਨ ਕਰਵਾ ਰਹੇ ਹਾਂ, ਉਨ੍ਹਾਂ ਦੇ ਆਸ਼ੀਰਵਾਦ ਪ੍ਰਾਪਤ ਧਰਤੀ ’ਤੇ ਅੱਜ ਅਸੀਂ ਇਕੱਠੇ ਹੋਏ ਹਾਂ, ਮੈਂ ਸਮਝਦਾ ਹਾਂ ਕਿ ਇਹ ਸਾਡੇ ਲਈ ਬੜਾ ਹੀ ਭਾਗਾਂ ਵਾਲਾ ਸਮਾਂ ਹੈ, ਭਾਗਾਂ ਵਾਲਾ ਦਿਨ ਹੈ। ਦੂਸਰੀ ਗੱਲ, ਕਿ ਪੂਰੇ ਦੇਸ਼ ਵਿੱਚ ਅੱਜ ਆਪਾਂ ਸੰਵਿਧਾਨ ਦਿਵਸ (Constitution Day) ਮਨਾ ਰਹੇ ਹਾਂ। ਤੀਸਰੀ, ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੀ ਆਮ ਆਦਮੀ ਪਾਰਟੀ ਨੂੰ ਅੱਜ 14 ਵਰ੍ਹੇ ਹੋ ਚੱਲੇ ਹਨ, ਅਸੀਂ ਉਸ ਦਾ ਵੀ ਫਾਊਂਡੇਸ਼ਨ ਡੇਅ ਪੂਰੇ ਭਾਰਤ ਵਿੱਚ ਮਨਾ ਰਹੇ ਹਾਂ।

ਅੱਜ ਅਸੀਂ ਸੰਵਿਧਾਨ ਦੀ ਗੱਲ ਕਰਾਂਗੇ, Constitution of India ਭਾਰਤ ਦਾ ਸਰਵਉੱਚ ਕਾਨੂੰਨ ਹੈ। ਮੈਂ ਕਹਾਂਗਾ ਕਿ ਇਹ ਸੱਚ ਹੀ ਹੈ ਕਿ ਸਾਡਾ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਲਿਖਿਆ ਹੋਇਆ ਸੰਵਿਧਾਨ ਹੈ ਜਿਸ ਨੂੰ ਕਿ 26 ਨਵੰਬਰ, 1949 ਨੂੰ ਆਪਾਂ ਅਡਾਪਟ ਕੀਤਾ ਸੀ। ਇਸ ਨੂੰ ਬਣਾਉਣ ਵਾਸਤੇ ਸਾਡੇ ਜੋ ਆਰਕੀਟੈਕਟ ਸੀ, ਡਾਕਟਰ ਬੀ.ਆਰ. ਅੰਬੇਦਕਰ ਸਾਹਿਬ, ਜਿਨ੍ਹਾਂ ਦੀ ਅਗਵਾਈ ਹੇਠ ਇਹ ਸੰਵਿਧਾਨ ਬਣਿਆ। ਇਸ ਸੰਵਿਧਾਨ ਨੂੰ ਤਿਆਰ ਕਰਨ ਵਿੱਚ ਤਕਰੀਬਨ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ ਸਨ ਅਤੇ ਸਾਲ 2015 ਤੱਕ 26 ਨਵੰਬਰ ਹਮੇਸ਼ਾ ਨੈਸ਼ਨਲ ਲਾਅ ਡੇਅ ਵਜੋਂ ਮਨਾਇਆ ਜਾਂਦਾ ਸੀ ਪਰ ਜਦੋਂ ਬਾਬਾ ਸਾਹਿਬ ਅੰਬੇਦਕਰ ਜੀ ਦੀ 125ਵੀਂ ਬਰਥ ਐਨੇਵਰਸਰੀ ਸੀ, ਉਸ ਸਾਲ 26 ਨਵੰਬਰ, 2015 ਤੋਂ ਇਸ ਨੂੰ ਸੰਵਿਧਾਨ ਦਿਵਸ (Constitution Day) ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ। ਮੈਂ ਇੱਥੇ ਦੱਸਣਾ ਚਾਹਾਂਗਾ ਕਿ ਵਾਕਿਆ ਹੀ ਬਾਬਾ ਸਾਹਿਬ ਅੰਬੇਦਕਰ ਜੀ ਨੇ ਇਸ ਦੀ ਰਚਨਾ ਕੀਤੀ ਅਤੇ ਸਾਰਾ ਕੁਝ ਉਨ੍ਹਾਂ ਦੀ ਸੋਚ, ਉਨ੍ਹਾਂ ਦੀ ਮਿਹਨਤ ਸੀ ਪਰ ਮੈਂ ਕਹਾਂਗਾ ਕਿ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਜਿਹੜਾ ਸੰਵਿਧਾਨ ਹੱਥ ਨਾਲ ਲਿਖਿਆ ਗਿਆ ਸੀ, ਉਹ ਸ਼੍ਰੀ ਪ੍ਰੇਮ ਬਿਹਾਰੀ ਨਰਾਇਣ ਰਾਇਜ਼ਾਦਾ ਜੀ ਦੁਆਰਾ ਲਿਖਿਆ ਗਿਆ ਸੀ, ਮੈਂ ਇਹ ਵੀ ਜ਼ਰੂਰ ਦੱਸਣਾ ਚਾਹਾਂਗਾ ਉਨ੍ਹਾਂ ਨੂੰ ਇਹ ਲਿਖਣ ਵਾਸਤੇ ਤਕਰੀਬਨ 6 ਮਹੀਨੇ ਲੱਗ ਗਏ ਸੀ। ਉਨ੍ਹਾਂ ਨੂੰ ਪਾਰਲੀਮੈਂਟ ਵਿੱਚ ਇੱਕ ਸਪੈਸ਼ਲ ਕਮਰਾ ਸੰਵਿਧਾਨ ਲਿਖਣ ਵਾਸਤੇ ਦਿੱਤਾ ਗਿਆ ਸੀ। ਉਨ੍ਹਾਂ ਨੇ ਇੰਗਲਿਸ਼ ਵਰਜ਼ਨ ਵਿੱਚ ਸੰਵਿਧਾਨ ਆਪਣੇ ਹੱਥਾਂ ਨਾਲ ਲਿਖਿਆ ਸੀ। ਹਿੰਦੀ ਵਿੱਚ ਜਿਹੜਾ ਸੰਵਿਧਾਨ ਸੀ, ਉਹ ਬਸੰਤ ਕ੍ਰਿਸ਼ਨਾ ਵੈਦ ਜੀ ਨੇ ਲਿਖਿਆ ਸੀ। ਜਦੋਂ ਸੰਵਿਧਾਨ ਹੱਥ ਨਾਲ ਲਿਖਣ ਦੀ ਗੱਲ ਸ਼ੁਰੂ ਹੋਈ ਤਾਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਜੀ ਨੇ ਉਨ੍ਹਾਂ ਨੂੰ ਬੇਨਤੀ

ਕੀਤੀ ਕਿ ਤੁਸੀਂ ਇਹ ਸੰਵਿਧਾਨ ਆਪਣੇ ਹੱਥ ਨਾਲ ਲਿਖੋ। ਪ੍ਰਧਾਨ ਮੰਤਰੀ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਇਸ ਵਾਸਤੇ ਤੁਹਾਡੀ ਕੀ ਇੱਛਾ ਹੈ, ਤੁਸੀਂ ਸਾਡੇ ਕੋਲੋਂ ਕੀ ਚਾਹੁੰਦੇ ਹੋ ਤਾਂ ਪ੍ਰੇਮ ਬਿਹਾਰੀ ਨਰਾਇਣ ਰਾਇਜ਼ਾਦਾ ਜੀ ਨੇ ਜਦੋਂ ਸੰਵਿਧਾਨ ਲਿਖਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਮੇਰੀ ਕੋਈ ਮੰਗ ਨਹੀਂ ਹੈ। ਮੇਰੇ ਕੋਲ ਪ੍ਰਮਾਤਮਾ ਦਾ ਦਿੱਤਾ ਸਭ ਕੁਝ ਹੈ। ਮੇਰੀ ਕੇਵਲ ਇਹੀ ਮੰਗ ਹੈ ਕਿ ਜਦੋਂ ਮੈਂ ਸੰਵਿਧਾਨ ਲਿਖ ਦਿਆਂਗਾ ਤਾਂ ਇਸ ਦੇ ਅਖੀਰਲੇ ਪੰਨੇ ਤੇ ਮੇਰਾ ਨਾਂ ਅਤੇ ਮੇਰੇ ਗਰੈਂਡਫਾਦਰ ਦਾ ਨਾਂਅ ਲਿਖਿਆ ਜਾਵੇ। ਉਨ੍ਹਾਂ ਦੀ ਇਸ ਮੰਗ ਨੂੰ ਪੂਰਾ ਕੀਤਾ ਗਿਆ। ਉਨ੍ਹਾਂ ਦਾ ਲਿਖਿਆ ਹੋਇਆ ਸੰਵਿਧਾਨ ਅੱਜ ਵੀ ਇਕ ਸਪੈਸ਼ਲ ਕੇਸ ਵਿਚ ਬੰਦ ਕਰਕੇ ਰੱਖਿਆ ਹੋਇਆ ਹੈ ਤਾਂ ਜੋ ਉਹ ਖਰਾਬ ਨਾ ਹੋਵੇ।

ਸਾਥੀਓ, ਅੱਜ ਅਸੀਂ ਇੱਥੇ ਕਾਨੂੰਨ ਬਾਰੇ ਕੋਈ ਜ਼ਿਆਦਾ ਗੱਲਾਂ ਨਹੀਂ ਕਰਨੀਆਂ ਸਗੋਂ ਦੋ ਗੱਲਾਂ ਹੀ ਕਰਨੀਆਂ ਹਨ। ਤੁਸੀਂ ਦਸਵੀਂ ਜਾਂ ਬਾਰਵੀਂ ਦੇ ਵਿਦਿਆਰਥੀ ਹੋ। ਜੇਕਰ ਅਸੀਂ ਆਪਣੇ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਅਤੇ ਮੌਲਿਕ ਕਰਤੱਵਾਂ ਦੀ ਗੱਲ ਕਰੀਏ ਤਾਂ ਮੈਂ ਤੁਹਾਨੂੰ ਇਸ ਬਾਰੇ ਜ਼ਰੂਰ ਦੱਸਣਾ ਚਾਹਾਂਗਾ ਕਿਉਂਕਿ ਇਸ ਵੇਲੇ ਤੁਸੀਂ ਗਰੋਇੰਗ ਏਜ ਵਿਚ ਹੋ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਜਿਹੜਾ ਸਮਾਨਤਾ ਦਾ ਅਧਿਕਾਰ ਹੈ, ਇਸ ਦਾ ਮਤਲਬ ਹੈ ਕਿ ਅਸੀਂ ਕਾਨੂੰਨ ਦੀਆਂ ਨਜ਼ਰਾਂ ਵਿਚ ਬਰਾਬਰ ਹਾਂ। ਚਾਹੇ ਸਾਡਾ ਕੋਈ ਵੀ ਧਰਮ ਹੋਵੇ, ਕੋਈ ਵੀ ਸਾਡਾ ਸਮਾਜ ਹੋਵੇ, ਚਾਹੇ ਅਸੀਂ ਜਿੰਨੇ ਮਰਜ਼ੀ ਵੱਡੇ ਅਹੁੱਦੇ ਤੇ ਬੈਠੇ ਹਾਂ ਪਰ ਅਸੀਂ ਸਾਰੇ ਕਾਨੂੰਨ ਦੇ ਸਾਹਮਣੇ ਬਰਾਬਰ ਹਾਂ। ਦੂਸਰਾ, ਮੌਲਿਕ ਅਧਿਕਾਰ ਸੁਤੰਤਰਤਾ ਦਾ ਅਧਿਕਾਰ ਹੈ। ਤੀਸਰਾ ਸ਼ੋਸ਼ਣ ਵਿਰੁੱਧ ਅਧਿਕਾਰ ਹੈ। ਜਿਸ ਵਿਚ ਲਿਖਿਆ ਗਿਆ ਹੈ ਕਿ 14 ਸਾਲ ਦੀ ਉਮਰ ਤੋਂ ਘੱਟ ਦੇ ਬੱਚਿਆਂ ਦੀ ਮਿਹਨਤ ਮਜ਼ਦੂਰੀ ਕਰਨ ਦੀ ਮਨਾਹੀ ਹੈ। ਇਹ ਸਾਡੇ ਕੁਝ ਮੌਲਿਕ ਅਧਿਕਾਰ ਸੀ। ਸਾਡੇ ਦੇਸ਼ ਦੇ ਪ੍ਰਤੀ ਸਾਡੇ ਕੁਝ ਮੌਲਿਕ ਕਰਤੱਵ ਵੀ ਹਨ, ਜੋ ਸੰਵਿਧਾਨ ਦੇ ਵਿਚ ਲਿਖੇ ਹੋਏ ਹਨ। ਸੰਵਿਧਾਨ ਦੀ ਪਾਲਣਾ ਕਰਨਾ ਅਤੇ ਇਸ ਦੇ ਆਦਰਸ਼ਾਂ, ਇਸ ਦੀਆਂ ਸੰਸਥਾਵਾਂ, ਸਾਡਾ ਰਾਸ਼ਟਰੀ ਝੰਡਾ, ਸਾਡਾ ਰਾਸ਼ਟਰੀ ਗੀਤ ਅਤੇ ਇਨ੍ਹਾਂ ਦਾ ਸਨਮਾਨ ਕਰਨਾ। ਵੈਸੇ ਤਾਂ ਸਾਡੇ ਕੁੱਲ 11 ਮੌਲਿਕ ਕਰਤੱਵ ਹਨ ਪਰ ਮੈਂ ਕੁੱਝ ਚੁਣਵੇਂ ਮੌਲਿਕ ਕਰਤੱਵ ਹੀ ਤੁਹਾਨੂੰ ਦੱਸੇ ਹਨ। ਸੋ, ਮੈਂ ਤੁਹਾਡਾ ਸਾਰਿਆਂ ਦਾ ਇੱਥੇ ਪਹੁੰਚਣ ਤੇ ਸਵਾਗਤ ਕਰਦਾ ਹਾਂ, ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਇਕ ਵਾਰ ਫਿਰ ਕਹਾਂਗਾ ਕਿ ਇਹ ਸਾਡੇ ਲਈ ਬਹੁਤ ਖੁਸ਼ੀ ਅਤੇ ਮਾਣ ਵਾਲਾ ਮੌਕਾ ਹੈ ਕਿਉਂਕਿ ਅੱਜ ਤੋਂ ਤਿੰਨ ਸਾਲ ਪਹਿਲਾਂ ਜਦੋਂ ਮੈਂ ਵਿਧਾਨ ਸਭਾ ਆਇਆ ਸੀ ਤਾਂ ਪਹਿਲੀ ਵਾਰ ਆਇਆ ਸੀ। ਇਸ ਵਾਸਤੇ ਮੈਂ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦਾ ਧੰਨਵਾਦ ਕਰਾਂਗਾ ਅਤੇ ਸਾਡੇ ਮਾਣਯੋਗ ਸਪੀਕਰ ਸਾਹਿਬ ਦਾ ਧੰਨਵਾਦ ਕਰਾਂਗਾ ਜਿਨ੍ਹਾਂ ਨੇ ਇਹ ਬਹੁਤ ਵੱਡਾ ਇਨੀਸ਼ੀਏਟਿਵ ਲਿਆ। ਇਹ ਪਹਿਲੀ ਵਾਰ ਹੋ ਰਿਹਾ ਹੈ। ਇਹ ਇਕ ਇਤਿਹਾਸਕ ਮੌਕਾ ਹੈ ਜਿੱਥੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਵਿਧਾਨ ਸਭਾ ਵਿਚ ਆਪਣੇ ਹਲਕਿਆਂ ਦੀਆਂ ਮੁਸ਼ਕਿਲਾਂ ਰੱਖਣ ਦਾ ਮੌਕਾ ਦਿੱਤਾ ਹੈ। ਸੋ, ਮੈਂ ਇਕ ਵਾਰ ਫਿਰ ਦਿਲ ਦੀਆਂ ਗਹਿਰਾਈਆਂ ਤੋਂ ਤੁਹਾਡਾ ਸਾਰਿਆਂ ਦਾ ਸਵਾਗਤ ਕਰਦਾ ਹਾਂ ਅਤੇ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਸਕੱਤਰ, ਪੰਜਾਬ ਵਿਧਾਨ ਸਭਾ (ਸ਼੍ਰੀ ਰਾਮ ਲੋਕ ਖਟਾਣਾ):** ਧੰਨਵਾਦ, ਮਾਣਯੋਗ ਮੰਤਰੀ ਜੀ। ਹੁਣ ਮੈਂ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਵਿਦਿਆਰਥੀ ਵਿਧਾਇਕ ਸਾਹਿਬਾਨ ਦਾ ਹੌਸਲਾ ਵਧਾਉਣ ਦੀ ਖੇਚਲ ਕਰਨ ਜੀ।

-------

## WELCOME ANNOUNCEMENT BY HON'BLE SPEAKER

**ਮਾਣਯੋਗ ਸਪੀਕਰ (ਸਰਦਾਰ ਕੁਲਤਾਰ ਸਿੰਘ ਸੰਧਵਾਂ):** ਅੱਜ ਬੜਾ ਵੱਡਾ ਦਿਨ ਹੈ। 26 ਨਵੰਬਰ ਦਾ ਉਹ ਸਮਾਂ ਜਦੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਅਗਵਾਈ ਵਿਚ ਬਣੀ ਸੰਵਿਧਾਨ ਕਮੇਟੀ ਨੇ ਬੜੀਆਂ ਮਿਹਨਤਾਂ, ਮੁਸ਼ੱਕਤਾਂ ਅਤੇ ਬਹੁਤ ਵੱਡੀ ਸਟੱਡੀ ਤੋਂ ਬਾਅਦ ਸਾਡਾ ਸੰਵਿਧਾਨ ਡਰਾਫ਼ਟ ਕੀਤਾ। ਅੱਜ ਦਾ ਦਿਨ ਅਸੀਂ ਸੰਵਿਧਾਨ ਦਿਵਸ ਵਜੋਂ ਮਨਾਉਂਦੇ ਹਾਂ। ਉਸ ਸੰਵਿਧਾਨ ਦਿਵਸ ਨੂੰ ਮਨਾਉਣ ਵਾਸਤੇ ਤੁਸੀਂ ਇੱਥੇ ਪਹੁੰਚੇ ਹੋ, ਸ੍ਰੀ ਆਨੰਦਪੁਰ ਸਾਹਿਬ ਦੀ ਮੁਕੱਦਸ ਧਰਤੀ ਤੇ ਪੰਜਾਬ ਵਿਧਾਨ ਸਭਾ ਦੇ ਪਰਾਂਗਣ ਵਿਚ, ਜਿਹੜਾ ਕਿ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਜਿਵੇਂ ਸੈਕਟਰੀ ਸਾਹਿਬ ਨੇ ਦੱਸਿਆ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਵਿਧਾਨ ਸਭਾ ਚੰਡੀਗੜ੍ਹ ਤੋਂ ਬਾਹਰ ਲਗਾਈ ਗਈ। ਉਹ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਪ੍ਰਤੀ, ਉਸ ਨੂੰ ਸਮਰਪਿਤ ਅਕੀਦਤ ਪੇਸ਼ ਕਰਨ ਵਾਸਤੇ ਹੈ ਅਤੇ ਸ਼ਹਾਦਤ ਦਾ ਮੈਸੇਜ ਦੁਨੀਆਂ ਦੇ ਘਰ ਘਰ ਵਿੱਚ ਪਹੁੰਚਾਉਣ ਵਾਸਤੇ ਇਹ ਵਿਧਾਨ ਸਭਾ ਇੱਥੇ ਲਗਾਈ ਗਈ ਹੈ। ਇੱਥੇ ਲਗਾਈ ਗਈ ਵਿਧਾਨ ਸਭਾ ਦੇ ਵਿੱਚ ਹਿੱਸਾ ਲੈਣ ਆਏ ਹੋਏ ਤੁਸੀਂ ਸਿਰਫ ਸਟੂਡੈਂਟ ਨਹੀਂ ਹੋ, ਤੁਸੀਂ ਤਾਂ ਪੰਜਾਬ ਦੇ ਆਉਣ ਵਾਲੇ ਲੀਡਰ ਹੋ। ਤੁਹਾਡੇ ਹੱਥਾਂ ਦੇ ਵਿੱਚ ਪੰਜਾਬ ਨੇ ਅੱਗੇ ਵੱਧਣਾ ਹੈ, ਤਰੱਕੀ ਕਰਨੀ ਹੈ। ਤੁਸੀਂ ਸਾਡੇ ਪੰਜਾਬ ਦਾ ਭਵਿੱਖ ਹੋ। ਤੁਹਾਨੂੰ ਇੱਥੇ ਲੈ ਕੇ ਆਉਣ ਵਾਲੇ ਬਹੁਤ ਹੀ ਸਤਿਕਾਰਯੋਗ ਗੁਰੂਜਨ ਟੀਚਰ ਸਾਹਿਬਾਨ, ਜਿਨ੍ਹਾਂ ਦਾ ਗੁਰਬਾਣੀ ਵਿੱਚ ਬਹੁਤ ਹੀ ਵੱਡਾ ਮਾਣ-ਸਨਮਾਨ ਹੈ। ਗੁਰੂ ਸਾਹਿਬ ਟੀਚਰਜ਼ ਬਾਰੇ ਕਹਿੰਦੇ ਹਨ ਕਿ "ਗੁਰਦੇਵ ਮਾਤਾ ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸੁਰਾ।। ਸਾਡੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਸਾਹਿਬਾਨ ਅਤੇ ਡੀ.ਓ ਸਾਹਿਬਾਨ ਜਿਨ੍ਹਾਂ ਨੇ ਦਿਨ-ਰਾਤ ਲਗਾ ਕੇ ਇਸ ਈਵੈਂਟ ਲਈ ਬੱਚਿਆਂ ਦੀ ਤਿਆਰੀ ਕਰਵਾਈ, ਤੁਹਾਨੂੰ ਬੱਚਿਆਂ ਨੂੰ ਇੱਥੇ ਇੰਨੀ ਸਰਦੀ ਦੇ ਵਿੱਚ ਲੈ ਕੇ ਆਏ ਹਨ ਨਹੀਂ ਤਾਂ ਅਫਸਰ ਤਾਂ ਆਰਾਮ ਨਾਲ ਹੀ ਕੰਮ ਕਰਦੇ ਹੁੰਦੇ ਹਨ, ਲੇਕਿਨ ਦੇਖੋ ਤੁਹਾਡੇ ਵਾਸਤੇ ਇਨ੍ਹਾਂ ਨੇ ਕਿੰਨੀ ਪੇਨ ਲਈ ਹੈ। ਸਾਡੇ ਪੰਜਾਬ ਵਿਧਾਨ ਸਭਾ ਦਾ ਸਾਰਾ ਸਟਾਫ ਵੈਸੇ ਤਾਂ ਸੈਸ਼ਨ ਵਿੱਚ ਬੜੀ ਮਿਹਨਤ ਨਾਲ ਕੰਮ ਕਰਦੇ ਹੁੰਦੇ ਹਨ ਲੇਕਿਨ ਤੁਹਾਡੇ ਕਰਕੇ ਪੰਜਾਬ ਵਿਧਾਨ ਸਭਾ ਦੇ ਸਾਰੇ ਸਟਾਫ ਨੇ ਬੜੀ ਖੁਸ਼ੀ ਨਾਲ ਅਤੇ ਬੜੇ ਉਤਸ਼ਾਹ ਨਾਲ ਕੰਮ ਕੀਤਾ ਹੈ। ਸਾਡੇ ਮੀਡੀਆ ਦੇ ਅਧਿਕਾਰੀ ਜਿਹੜੇ ਕੇ ਸਾਡੇ ਲੋਕਤੰਤਰ ਦਾ ਚੌਥਾ ਸਤੰਭ ਹਨ, ਪਹਿਲਾ ਸਤੰਭ ਤਾਂ ਲੈਜਿਸਲੇਚਰ ਹੈ, ਦੂਜਾ ਸਤੰਭ ਐਗਜ਼ੈਕਟਿਵ ਹੈ ਜਿਸ ਨੂੰ ਸਰਕਾਰ ਕਹਿੰਦੇ ਹਨ, ਤੀਜਾ ਸਤੰਭ ਜੁਡੀਸ਼ਰੀ ਹੈ, ਨਿਆਂ ਪਾਲਕਾ ਅਤੇ ਚੋਥਾ ਸਤੰਭ ਮੀਡੀਆ ਹੈ। ਸਾਡੇ ਪੱਤਰਕਾਰ ਸਾਥੀ ਸਾਡੇ ਨਾਲੋਂ ਵੀ ਪਹਿਲਾਂ ਇੱਥੇ ਪਹੁੰਚ ਗਏ ਸੀ। ਸੋ, ਸਭ ਤੋਂ ਪਹਿਲਾਂ ਸ਼ਹੀਦ ਮਾਤਾ ਪਿਤਾ ਦੇ ਪੁੱਤਰ, ਸ਼ਹੀਦ ਬੱਚਿਆਂ ਦੇ ਪਿਤਾ, ਸਰਬੰਸਦਾਨੀ ਮਰਦ-ਅਗੰਮੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖਸ਼ੀ ਹੋਈ ਫਤਹਿ ਦਾ ਜੁਆਬ ਫਤਹਿ ਵਿੱਚ ਦਿਉ "ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ" ।। ਬੱਚਿਓ, ਮੈਂ ਅੱਜ ਆਪਣੇ ਆਪ ਨੂੰ ਬੜਾ ਸੁਭਾਗਾ ਸਮਝ ਰਿਹਾ ਹਾਂ ਕਿ ਅੱਜ ਇਸ ਧਰਤੀ ਤੇ ਵਿਲਖੱਣ ਕੰਮ, ਵਿਲਖੱਣ ਐਕਟੀਵਿਟੀ ਹੋ ਰਹੀ ਹੈ। ਮੇਰੇ ਨਾਲ ਮੇਰੇ ਡਿਪਟੀ ਸਪੀਕਰ ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ, ਦੂਜੇ ਪਾਸੇ ਪਾਰਲੀਮੈਂਟਰੀ ਅਫੇਅਰਸ ਮਨਿਸਟਰ ਸਰਦਾਰ ਰਵਜੋਤ ਸਿੰਘ ਜੀ ਬੈਠੇ ਹਨ ਅਤੇ ਸਾਡੇ ਨਾਲ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ, ਐਮ.ਐਲ.ਏ. ਵੀ ਬੈਠੇ ਹਨ। ਇਹ ਸਾਡੇ ਨਾਲ ਸਹਿਮਤ ਹੋਣਗੇ ਕਿ ਸਾਡੀ ਸਰਕਾਰ ਬਣਨ ਤੋਂ ਪਹਿਲਾਂ ਬਹੁਤ ਵਿਰਲੇ ਪਾਲੀਟੀਸ਼ਨ ਹੋਣਗੇ ਜਿਹੜੇ ਆਮ ਲੋਕਾਂ ਨੂੰ ਵਿਧਾਨ ਸਭਾ ਦੇ ਨੇੜੇ ਤੋਂ ਵੀ ਲੰਘਣ ਦਿੰਦੇ ਹੋਣਗੇ। ਉਹ ਚਾਹੁੰਦੇ ਸੀ, ਮੈਨੂੰ ਲੱਗਦਾ ਹੈ, ਬਹੁਤੇ ਲੋਕ ਇਹ ਚਾਹੁੰਦੇ ਸੀ ਕਿ ਤੁਹਾਨੂੰ, ਆਮ ਲੋਕਾਂ ਨੂੰ ਇਸ ਜਗ੍ਹਾ ਦਾ ਪਤਾ ਹੀ ਨਾ ਲੱਗੇ। ਸਿਆਣੇ ਕਹਿੰਦੇ ਹਨ ਕਿ "ਵਾਹ ਪਏ ਜਾਣੀਏ ਜਾਂ ਰਾਹ ਪਏ ਜਾਣੀਏ"। ਜਦੋਂ ਪਤਾ ਹੀ ਨਾ ਹੋਵੇ ਤਾਂ ਤੁਹਾਡੇ ਵੀ ਦਿਮਾਗ ਵਿੱਚ ਕਿੱਥੋਂ ਆਵੇਗਾ

ਕਿ ਉਥੇ ਵੀ ਜਾਇਆ ਜਾ ਸਕਦਾ ਹੈ। ਸੋ, ਮੈਂ ਸਮਝਦਾ ਹਾਂ ਕਿ ਅੱਜ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨੇ ਸਾਡੇ ਤੇ ਕਿਰਪਾ ਕੀਤੀ ਹੈ। ਮੇਰਾ ਵਿਚਾਰ ਤਾਂ ਤੁਹਾਡਾ ਇਹ ਸੈਸ਼ਨ ਵਿਧਾਨ ਸਭਾ ਚੰਡੀਗੜ੍ਹ ਵਿੱਚ ਲਗਾਉਣ ਦਾ ਹੀ ਸੀ ਪਰ ਗੁਰੂ ਸਾਹਿਬ ਦੀ ਕਿਰਪਾ ਹੋਈ ਕਿ ਅਰਵਿੰਦ ਕੇਜਰੀਵਾਲ ਜੀ ਦੇ ਦਿਮਾਗ ਵਿੱਚ ਇਹ ਗੱਲ ਆਈ, ਮੁੱਖ ਮੰਤਰੀ ਸਾਹਿਬ ਦੇ ਦਿਮਾਗ ਵਿੱਚ ਇਹ ਗੱਲ ਆਈ ਕਿ ਵਿਦਿਆਰਥੀਆਂ ਦਾ ਸੈਸ਼ਨ ਵੀ ਇਤਿਹਾਸਕ ਬਣ ਜਾਵੇ। ਸੋ, ਅੱਜ ਅਸੀਂ ਇਤਿਹਾਸਕ ਜਗ੍ਹਾ ਤੇ ਇਹ ਸੈਸ਼ਨ ਕਰ ਰਹੇ ਹਾਂ। ਇਹ ਬਹੁਤ ਵੱਡੀ ਗੱਲ ਹੈ। ਮੈਂ ਤੁਹਾਨੂੰ ਇਸ ਜਗ੍ਹਾ ਦਾ ਮਹੱਤਵ ਦੱਸਣਾ ਚਾਹੁੰਦਾ ਹਾਂ ਕਿ ਜਿੱਥੇ ਪੰਜਾਬ ਵਿਧਾਨ ਸਭਾ, ਸ੍ਰੀ ਅਨੰਦਪੁਰ ਸਾਹਿਬ ਬਣਾਈ ਗਈ ਹੈ, ਇਹ ਭਾਈ ਜੈਤਾ ਜੀ ਸਮਾਰਕ ਹੈ। ਭਾਈ ਜੈਤਾ ਜੀ ਉਹ ਮਹਾਂਪੁਰਸ਼ ਹਨ ਜਿਨ੍ਹਾਂ ਦੀ ਕੁਰਬਾਨੀ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਦੀਆਂ ਡਿਟੇਲਜ਼ ਪਤਾ ਲੱਗੀਆਂ। ਜੇਕਰ ਉਨ੍ਹਾਂ ਦੀ ਇੰਨੀ ਵੱਡੀ ਕੁਰਬਾਨੀ ਨਾ ਹੁੰਦੀ ਤਾਂ ਸਾਨੂੰ ਪਤਾ ਹੀ ਨਹੀਂ ਸੀ ਲੱਗਣਾ। ਭਾਈ ਜੈਤਾ ਜੀ ਕਿਸ ਕਠਿਨਾਈ ਨਾਲ ਸੀਸ ਲੈ ਕੇ ਆਏ ਸਨ ਅਤੇ ਸੀਸ ਲੈ ਕੇ ਆਉਣ ਤੋਂ ਪਹਿਲਾਂ ਦੀ ਜਿਹੜੀ ਕੁਰਬਾਨੀ ਹੈ, ਉਹ ਤਾਂ ਕਦੇ ਸੁਣੀ ਨਹੀਂ। ਭਾਈ ਜੈਤਾ ਜੀ ਨੂੰ ਲੱਗਾ ਕਿ ਜੇਕਰ ਮੈਂ ਸੀਸ ਲੈ ਗਿਆ ਅਤੇ ਮੁਗਲ ਸਰਕਾਰ ਨੂੰ ਪਤਾ ਲੱਗ ਗਿਆ ਕਿ ਇੱਥੋਂ ਸੀਸ ਚੋਰੀ ਹੋ ਗਿਆ ਹੈ ਤਾਂ ਸਕਿਉਰਿਟੀ ਟਾਈਟ ਹੋ ਜਾਵੇਗੀ। ਭਾਈ ਜੈਤਾ ਜੀ ਨੇ ਆਪਣੇ ਪਿਤਾ ਦਾ ਸੀਸ ਵੱਢ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਧੜ ਕੋਲ ਰੱਖਿਆ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ। ਇੰਨੀ ਵੱਡੀ ਕੁਰਬਾਨੀ ਕਦੇ ਕਿਸੇ ਨੇ ਨਹੀਂ ਸੀ ਸੁਣੀ। ਉਨ੍ਹਾਂ ਦੀ ਇਹ ਕੁਰਬਾਨੀ ਹੀ ਉਹ ਕੁਰਬਾਨੀ ਸੀ, ਜਿਸ ਕਰਕੇ ਉਸ ਸ਼ਖਸ ਨੂੰ ਗੁਰੂ ਸਾਹਿਬ ਨੇ ਆਪਣੇ ਸੀਨੇ ਨਾਲ ਲਗਾ ਕੇ ਪੰਜਵੇਂ ਸਾਹਿਬਜ਼ਾਦੇ ਦਾ ਮਾਣ ਦਿੱਤਾ। ਇਹ ਬਹੁਤ ਵੱਡੀ ਗੱਲ ਹੈ। ਸੋ, ਇਹ ਤਾਂ ਇਸ ਧਰਤੀ ਦੀ ਮਹੱਤਤਾ ਹੋ ਗਈ, ਜਿਸ ਜਗ੍ਹਾ ਤੇ ਉਨ੍ਹਾਂ ਦੀ ਯਾਦ ਵਿੱਚ ਸਮਾਰਕ ਬਣਾਈ ਗਈ ਹੈ ਅਤੇ ਇਸ ਥਾਂ ਤੇ ਪੰਜਾਬ ਵਿਧਾਨ ਸਭਾ ਬਣਾਈ ਗਈ ਹੈ।

ਅਗਲੀ ਗੱਲ, ਬੱਚਿਓ ਤੁਸੀਂ ਸਾਡੇ ਭਵਿੱਖ ਦੇ, ਪੰਜਾਬ ਦੇ ਭਵਿੱਖ ਦੇ, ਦੇਸ਼ ਦੇ ਭਵਿੱਖ ਦੇ ਕਸਟੋਡੀਅਨ ਹੋ। ਰਾਜਨੀਤੀ ਇੱਕ ਐਸਾ ਕੰਮ ਹੈ ਜੋ ਸਾਡੇ ਜ਼ਿੰਦਗੀ ਦੇ ਹਰੇ ਸ਼ੋਭੇ ਵਿੱਚ ਵੱਸਦਾ ਹੈ। ਤੁਸੀਂ ਜਿਹੜੀਆਂ ਸੋਹਣੀਆਂ ਦਸਤਾਰਾਂ ਸਜਾਈਆਂ ਹਨ, ਇਸ ਦੇ ਕੱਪਣੇ ਦੀ ਕੀ ਕੀਮਤ ਹੋਵੇਗੀ, ਇਹ ਰਾਜਨੀਤੀ ਡਿਸਾਈਡ ਕਰਦੀ ਹੈ। ਜਿਹੜੀ ਸਾਡੇ ਲੀਡਰ ਆਫ ਆਪੋਜ਼ੀਸ਼ਨ ਸਾਹਿਬ ਨੇ ਜੈਕੇਟ ਪਾਈ ਹੈ, ਇਸ ਤੇ ਬਟਨ ਕਿੰਨੇ ਦੇ ਲੱਗਣਗੇ, ਉਸ ਦੀ ਕੀ ਕੀਮਤ ਹੋਵੇਗੀ, ਇਹ ਰਾਜਨੀਤੀ ਡਿਸਾਈਡ ਕਰਦੀ ਹੈ। ਇਹ ਰਾਜਨੀਤੀ ਡਿਸਾਈਡ ਕਰਦੀ ਹੈ ਕਿ ਸਾਡੀ ਐਜੂਕੇਸ਼ਨ ਕਿਸ ਤਰ੍ਹਾਂ ਦੀ ਹੋਵੇਗੀ, ਸਾਡੀ ਰਿਸਰਚ ਕਿਸ ਤਰ੍ਹਾਂ ਦੀ ਹੋਵੇਗੀ, ਸਾਡੇ ਬੀਜ ਕਿਸ ਤਰ੍ਹਾਂ ਦੇ ਹੋਣਗੇ, ਸਾਡੀਆਂ ਫ਼ਸਲਾਂ ਕਿਸ ਤਰ੍ਹਾਂ ਦੀਆਂ ਹੋਣਗੀਆਂ, ਸਾਡੀਆਂ ਫ਼ਸਲਾਂ ਦੇ ਭਾਅ ਕਿਸ ਤਰ੍ਹਾਂ ਦੇ ਹੋਣਗੇ। ਸਾਡੇ ਮਾਂ-ਬਾਪ ਨੂੰ ਮਿਲਣ ਵਾਲੀ ਦਵਾਈ ਦੀ ਕੀ ਕੀਮਤ ਹੋਵੇਗੀ, ਉਸ ਦੀ ਕੀ ਗੁਣਵੱਤਾ ਹੋਵੇਗੀ, ਇਹ ਰਾਜਨੀਤੀ ਡਿਸਾਈਡ ਕਰਦੀ ਹੈ। ਤੁਹਾਡੇ ਨਾਲ ਇੰਨਾ ਕੁਝ ਸ਼ੇਅਰ ਕਰਨ ਦਾ ਮੇਰਾ ਮਤਲਬ ਹੈ ਕਿ ਰਾਜਨੀਤੀ ਸਭ ਤੋਂ ਵੱਧ ਪ੍ਰਭਾਵਕਾਰੀ ਸ਼ੋਭਾ ਹੈ ਅਤੇ ਇਸ ਵਿੱਚ ਸਭ ਤੋਂ ਘੱਟ ਇੰਟਰਸਟ ਲਿਆ ਜਾਂਦਾ ਹੈ। ਯੂਥ ਨੂੰ ਇਸ ਵਿੱਚ ਵੱਧ ਤੋਂ ਵੱਧ ਇੰਟਰਸਟ ਲੈਣਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਅਸੀਂ, ਪੰਜਾਬ ਸਰਕਾਰ, ਪੰਜਾਬ ਵਿਧਾਨ ਸਭਾ ਦੇ ਸਾਰੇ ਸਾਥੀ, ਤੁਹਾਨੂੰ ਸਹੀ ਐਜੂਕੇਸ਼ਨ ਦੇਣ ਵਾਲੇ ਪਾਸੇ ਤੁਰੇ ਹਾਂ, ਇਹ ਜਿਹੜੀ ਕਿ ਵਿਧਾਨਕ ਕੰਮ ਕਾਰ ਦੀ ਐਜੂਕੇਸ਼ਨ ਹੈ। ਵਿਧਾਨਕ ਕੰਮ ਕਾਰ ਦੀ ਐਜੂਕੇਸ਼ਨ ਨਾਲ ਹੀ ਤੁਹਾਨੂੰ ਪਤਾ ਲੱਗੇਗਾ ਕਿ ਤੁਹਾਡੇ ਭੇਜੇ ਹੋਏ ਨੁਮਾਇੰਦੇ, ਐਮ.ਐਲ.ਏ. ਸਾਹਿਬਾਨ ਆਪਣਾ ਕੰਮ ਕਿੰਨੇ ਕੁ ਪ੍ਰਭਾਵਕਾਰੀ ਤਰੀਕੇ ਨਾਲ ਕਰਦੇ ਹਨ। ਇੱਕ ਗੱਲ ਹੋਰ ਹੈ ਕਿ ਬੰਦਾ ਚੰਗਾ ਕੰਮ ਉਦੋਂ ਹੀ ਕਰਦਾ ਹੈ ਜਦੋਂ ਉਸ ਨੂੰ ਪਤਾ ਹੋਵੇ ਕਿ ਉਸ ਨੂੰ ਕੋਈ ਵੇਖ ਰਿਹਾ ਹੈ। ਜਦੋਂ ਉਸ ਨੂੰ

ਪਤਾ ਹੋਵੇ ਕਿ ਉਸ ਨੂੰ ਕੋਈ ਵੇਖਣ ਵਾਲਾ ਨਹੀਂ ਹੈ ਤਾਂ ਉਸ ਨੇ ਕੰਮ ਹੀ ਨਹੀਂ ਕਰਨਾ ਹੈ। ਅੱਜ ਤੋਂ ਬਾਅਦ ਜਦੋਂ ਤੁਸੀਂ ਇੱਥੋਂ ਜਾਓਗੇ ਤਾਂ ਆਪਣੇ ਆਪਣੇ ਐਮ.ਐਲ.ਏ. ਦੀ, ਮੰਤਰੀ ਦੀ, ਮੁੱਖ ਮੰਤਰੀ ਦੀ, ਸਪੀਕਰ ਦੀ ਕਾਰਗੁਜ਼ਾਰੀ ਨੂੰ ਵਾਚੋਗੇ। ਇਸ ਦਾ ਕੋਈ ਫਰਕ ਪਵੇਗਾ ਕਿ ਨਹੀਂ ਪਵੇਗਾ?

(**ਆਵਾਜ਼ਾਂ** : ਹਾਂ ਜੀ।)

**ਮਾਣਯੋਗ ਸਪੀਕਰ** : ਜਦੋਂ ਤੁਸੀਂ ਵਾਚੋਗੇ ਤਾਂ ਮੈਂ ਵੀ ਸੋਚਾਂਗਾ ਕਿ ਜਦੋਂ ਮੇਰੇ ਹਲਕੇ ਦੇ ਲੋਕ ਮੇਰੀ ਕਾਰਗੁਜ਼ਾਰੀ ਦਾ ਧਿਆਨ ਰੱਖਦੇ ਹਨ ਤਾਂ ਮੈਂ ਚੰਗੀ ਤਰ੍ਹਾਂ ਕੰਮ ਕਰਾਂ। ਤੁਹਾਨੂੰ ਇੱਥੇ ਬੁਲਾਉਣ ਦਾ ਇੱਕ ਮਕਸਦ ਇਹ ਵੀ ਹੈ।

ਇਸ ਤੋਂ ਇਲਾਵਾ ਮੈਂ ਇੱਕ ਗੱਲ ਤੁਹਾਡੇ ਨਾਲ ਸ਼ੇਅਰ ਕਰਨੀ ਚਾਹੁੰਦਾ ਹਾਂ। ਜੋ ਤੁਸੀਂ ਆਪਣੇ ਮਨ ਵਿੱਚ ਆਸ਼ਾ ਬਣਾ ਲਵੋਗੇ, ਨਿਸ਼ਾਨਾ ਬਣਾ ਲਵੋਗੇ, ਗੁਰੂ ਸਾਹਿਬ ਮਿਹਰ ਕਰਦੇ ਹਨ ਕਿ ਤੁਸੀਂ ਉਥੇ ਪਹੁੰਚ ਜਾਵੋਗੇ। ਆਪਣੇ ਗੁਰੂ ਪਿਤਾ ਨੇ ਆਪਣੀ ਮਾਂ ਵਾਰੀ, ਆਪਣਾ ਪਿਉ ਵਾਰਿਆ, ਚਾਰ ਸਾਹਿਬਜ਼ਾਦੇ ਵਾਰੇ, ਅਨੇਕਾਂ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ। ਉਹ ਕਿਸ ਲਈ ਦਿੱਤੀਆਂ ਸੀ? ਉਹ ਸ਼ਹੀਦੀਆਂ ਆਪਾਂ ਨੂੰ ਨਿੱਕੀਆਂ ਮੋਟੀਆਂ ਨੌਕਰੀਆਂ ਕਰਨ ਵਾਸਤੇ ਨਹੀਂ ਦਿੱਤੀਆਂ ਸੀ ਕਿ ਆਪਾਂ ਉਨ੍ਹਾਂ ਦੇ ਬੱਚੇ ਨਿੱਕੀਆਂ ਮੋਟੀਆਂ ਨੌਕਰੀਆਂ ਕਰਦੇ ਫਿਰੀਏ, ਨਾ, ਨਾ। ਗੁਰੂ ਸਾਹਿਬ ਨੇ ਉਹ ਸ਼ਹਾਦਤਾਂ ਇਸ ਕਰਕੇ ਦਿੱਤੀਆਂ ਸੀ, ਉਨ੍ਹਾਂ ਨੇ ਕਿਹਾ ਸੀ ਕਿ "इन गरीब सिखन को दै हूं पातशाही, ये याद करैं हमरी गुरयाई||" ਸੋ, ਆਪਾਂ ਨੂੰ ਰਾਜੇ ਬਣਾਉਣ ਵਾਸਤੇ ਦਿੱਤੀਆਂ ਸੀ। ਸੋ, ਹਮੇਸ਼ਾ ਰਾਜ ਕਰਨ ਦੀ ਸੋਚ ਆਪਣੇ ਦਿਮਾਗ ਵਿੱਚ ਰੱਖਣੀ ਹੈ। ਵੈਸੇ ਤਾਂ ਆਪਾਂ ਅਰਦਾਸ ਵਿੱਚ ਵੀ ਇਹੀ ਪੜ੍ਹਦੇ ਹਾਂ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ", ਇਹ ਅਰਦਾਸ ਵਿੱਚ ਇਸੇ ਕਰਕੇ ਸ਼ਾਮਿਲ ਕੀਤਾ ਗਿਆ ਹੈ ਕਿ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿਣਾ ਹੈ ਅਤੇ ਰਾਜ ਕਰਨ ਦੀ ਸੋਚ ਰੱਖਣੀ ਹੈ, ਨਿੱਕੇ ਮੋਟੇ ਕੰਮ ਦੀ ਸੋਚ ਨਹੀਂ ਰੱਖਣੀ ਹੈ। ਬਾਕੀ ਉਹ ਕਹਿੰਦੇ ਹਨ ਕਿ ਜੇ ਛਾਲ ਮਾਰਨੀ ਹੈ ਤਾਂ ਫਿਰ ਚੰਨ੍ਹ ਤੇ ਮਾਰੋ ਕਿਉਂਕਿ ਜੇ ਚੰਨ੍ਹ ਤੇ ਨਾ ਵੀ ਪਹੁੰਚੇ ਤਾਂ ਤਾਰੇ ਤਾਂ ਦਿਖਣਗੇ ਹੀ। If you have to shoot, shoot for the moon, even if you fail, you will land among the stars. ਸੋ, ਆਪਣੀ ਜ਼ਿੰਦਗੀ ਵਿੱਚ ਬੱਚਿਓ, ਹਮੇਸ਼ਾ ਨਿਸ਼ਾਨਾ ਉੱਚਾ ਰੱਖਣਾ ਹੈ, ਵੱਡਾ ਨਿਸ਼ਾਨਾ ਰੱਖਣਾ ਹੈ ਔਰ ਜਦੋਂ ਤੁਹਾਡਾ ਨਿਸ਼ਾਨਾ ਉੱਚਾ ਹੈ ਤਾਂ ਗੁਰੂ ਸਾਹਿਬ ਫਰਮਾਉਂਦੇ ਹਨ ਕਿ "ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਇ ਦੇਵੈ।।" ਤੇ ਉਹ ਮਿਲ ਹੀ ਜਾਂਦਾ ਹੈ। ਕਈਆਂ ਨੇ ਤਾਂ ਮੰਗਿਆ ਹੀ ਬਾਹਰ ਜਾਣਾ ਹੈ ਤੇ ਫਿਰ ਉਹ ਬਾਹਰ ਚਲੇ ਜਾਂਦੇ ਹਨ, ਜਿਹੜੇ ਰਾਜ ਮੰਗ ਲੈਣਗੇ, ਉਨ੍ਹਾਂ ਨੂੰ ਰਾਜ ਮਿਲ ਜਾਵੇਗਾ। ਅਗਲੀ ਗੱਲ ਹੈ ਕਿ, ਠਾਕੁਰ ਕਿਹੜਾ ਹੈ ਜਿਸ ਤੋਂ ਮੰਗਣਾ ਹੈ? ਗੁਰਬਾਣੀ ਦੱਸਦੀ ਹੈ ਤੇ ਮੈਂ ਸ਼ੁਰੂ ਵਿੱਚ ਕੋਟ ਵੀ ਕੀਤਾ ਹੈ ਕਿ – ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸਰਾ।। ਸਭ ਤੋਂ ਪਹਿਲੇ ਰੱਬ ਤਾਂ ਤੁਹਾਡੇ ਮਾਤਾ ਪਿਤਾ ਹਨ, ਉਨ੍ਹਾਂ ਤੋਂ ਮੰਗਣਾ ਹੈ ਤੇ ਫਿਰ ਤੁਹਾਡੇ ਟੀਚਰ ਹਨ, ਇਹ ਤੁਰਿਆ ਫਿਰਦਾ ਰੱਬ ਹੈ। ਆਪਣੇ ਮਾਤਾ ਪਿਤਾ ਦਾ, ਆਪਣੇ ਟੀਚਰਜ਼ ਦਾ ਸਤਿਕਾਰ ਕਰੋ, ਪ੍ਰਮਾਤਮਾ ਸਮਝ ਕੇ ਸਤਿਕਾਰ ਕਰੋ ਤੇ ਫਿਰ "ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਇ ਦੇਵੈ।।" ਫਿਰ ਜੋ ਤੁਹਾਡਾ ਜ਼ਿੰਦਗੀ ਦਾ ਨਿਸ਼ਾਨਾ ਹੋਵੇਗਾ ਤੁਸੀਂ ਉਸੇ ਨਿਸ਼ਾਨੇ ਤੇ ਪਹੁੰਚ ਜਾਓਗੇ। ਬਾਕੀ ਤੁਹਾਡੀ ਸਭ ਦੀ ਇੱਥੇ ਟ੍ਰੇਨਿੰਗ ਤਾਂ ਹੋ ਗਈ ਸੀ ਅਤੇ ਵਿਧਾਨ ਸਭਾ ਦੇ ਬੇਸਿਕ ਰੂਲਜ਼ ਤਾਂ ਤੁਹਾਨੂੰ ਕਲੀਅਰ ਹੋ ਗਏ ਹੋਣਗੇ। ਇੱਕ ਗੱਲ ਮੈਂ ਦੇਖ ਰਿਹਾ ਹਾਂ ਕਿ ਸਾਡੀਆਂ ਬੱਚੀਆਂ ਵੀ ਇੱਥੇ ਆਈਆਂ ਹਨ। ਕ੍ਰਿਪਾ ਕਰਕੇ ਸਾਡੇ ਐਮ.ਐਲ.ਏ. ਸਾਹਿਬਾਨ ਬੱਚੀਆਂ ਖੜ੍ਹੇ ਹੋ ਕੇ ਸਾਰਿਆਂ ਨੂੰ ਦਰਸ਼ਨ ਦੇ ਦੇਣ। (ਇਸ ਸਮੇਂ ਸਦਨ ਵਿੱਚ ਮੌਜੂਦ ਸਾਰੀਆਂ ਬੱਚੀਆਂ (ਐਮ.ਐਲ.ਏਜ਼) ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਈਆਂ।) ਵਾਹ ਜੀ ਵਾਹ (ਥੰਪਿੰਗ) ਬੋਲੇ ਸੋ ਨਿਹਾਲ, ਸਤਿ ਸ਼੍ਰੀ ਅਕਾਲ। ਬੈਠੋ, ਬੇਟਾ, ਬੈਠੋ। ਮੈਂ ਸਪੈਸ਼ਲ ਇਨ੍ਹਾਂ ਬੱਚੀਆਂ ਦੇ ਮਾਂ-ਬਾਪ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਨ੍ਹਾਂ ਬੱਚੀਆਂ ਦੀ ਸਖਤ

ਟ੍ਰੇਨਿੰਗ ਕਰਵਾਈ ਕਿ ਉਹ ਸਖਤ ਮੁਕਾਬਲੇ ਵਿੱਚੋਂ ਚੁਣ ਕੇ ਵਿਧਾਨ ਸਭਾ ਵਿੱਚ ਪਹੁੰਚੀਆਂ ਹਨ। ਇਹ ਬਹੁਤ ਅੱਛੀ ਗੱਲ ਹੈ। ਮੈਨੂੰ ਇਹ ਲਗਦਾ ਹੈ ਕਿ ਸਾਡੇ ਗਿਆਰਵੀਂ ਬਾਰ੍ਹਵੀਂ ਦੇ ਬੱਚੇ ਇੱਥੋਂ ਕੁਝ ਸਿੱਖ ਕੇ ਜਾਣਗੇ। ਇਹ ਪੜ੍ਹਨ ਵਾਲੇ ਬੱਚੇ ਹਨ ਤਾਂ ਹੀ ਇੱਥੋਂ ਤੱਕ ਪਹੁੰਚੇ ਹਨ। ਬੱਚੋ, ਕੁਝ ਨਾ ਕੁਝ ਪੜ੍ਹਦੇ ਰਿਹਾ ਕਰੋ ਅਤੇ ਬਿਨਾਂ ਸਿਲੈਬਸ ਤੋਂ ਵੀ ਪੜ੍ਹਦੇ ਰਿਹਾ ਕਰੋ। ਜਿਹੜਾ ਪੜ੍ਹਦਾ ਹੈ, ਉਹ ਲਿਖਦਾ ਹੈ ਅਤੇ ਜਿਹੜਾ ਲਿਖਦਾ ਹੈ ਉਹ ਅਮਰ ਹੋ ਜਾਂਦਾ ਹੈ। ਸੋ, ਲਿਖਣ ਦੀ ਆਦਤ ਪਾਓ, ਅਖਬਾਰ ਪੜ੍ਹੋ, ਨਿਸ਼ਾਨਾ ਉੱਚਾ ਰੱਖੋ। ਮੈਨੂੰ ਹੁਣ ਬੜੀ ਕਾਹਲੀ ਹੋ ਰਹੀ ਹੈ ਕਿ ਮੈਂ ਇੱਥੇ ਤੁਹਾਡੀ ਕਾਰਵਾਈ ਦੇਖਾਂ। ਵੈਸੇ ਤਾਂ ਮੈਂ ਗੱਲਾਂ ਬਹੁਤ ਕਰਨੀਆਂ ਸੀ ਤੇ ਦਫਤਰ ਨੇ ਮੈਨੂੰ 10-12 ਪੰਨ੍ਹੇ ਲਿਖ ਕੇ ਦਿੱਤੇ ਸੀ ਤੁਹਾਡੇ ਨਾਲ ਸ਼ੇਅਰ ਕਰਨ ਵਾਸਤੇ ਲੇਕਿਨ ਮੈਂ ਆਪਣੇ ਦਿਲ ਦੇ ਜਜ਼ਬਾਤ ਤੁਹਾਡੇ ਨਾਲ ਸ਼ੇਅਰ ਕੀਤੇ ਹਨ। ਸੋ, ਮਾਂ-ਬਾਪ ਨੂੰ ਰੱਬ ਮੰਨ ਕੇ ਉਨ੍ਹਾਂ ਦੀ ਸੇਵਾ ਕਰਿਓ, ਟੀਚਰਜ਼ ਨੂੰ ਰੱਬ ਮੰਨ ਕੇ ਸੇਵਾ ਕਰਿਓ ਤੇ ਤੁਸੀਂ ਜ਼ਰੂਰ ਆਪਣੇ ਮਾਂ-ਬਾਪ ਦਾ ਨਾਂ ਰੋਸ਼ਨ ਕਰੋਗੇ, ਪੰਜਾਬ ਦਾ ਨਾਂ ਰੋਸ਼ਨ ਕਰੋਗੇ ਔਰ ਗੁਰੂ ਗੋਬਿੰਦ ਸਿੰਘ ਮਹਾਰਾਜ ਤੁਹਾਡੇ ਤੇ ਪਾਤਸ਼ਾਹੀਆਂ ਦੀ ਬਖਸ਼ਿਸ਼ ਕਰਨਗੇ। ਆਪਾਂ ਰਾਜ ਕਰਨ ਵਾਸਤੇ ਬਣੇ ਹਾਂ, ਇਹ ਗੱਲ ਦਿਮਾਗ ਵਿੱਚ ਲੈ ਕੇ ਜਾਣੀ ਹੈ। ਆਪਾਂ ਕੀ ਕਰਨ ਵਾਸਤੇ ਬਣੇ ਹਾਂ, ਆਪਾਂ ਰਾਜ ਕਰਨ ਵਾਸਤੇ ਬਣੇ ਹਾਂ। ਆਪਾਂ ਦੁਨੀਆਂ ਦੇ ਉਤੇ ਰਾਜ ਕਰਨਾ ਹੈ, ਪੰਜਾਬੀ ਜਿੱਥੇ ਵੀ ਜਾਂਦੇ ਹਨ ਰਾਜ ਕਰਦੇ ਹਨ। ਆਪਣੀ ਮਿਹਨਤ ਸਦਕਾ, ਆਪਣੇ ਕੈਰੇਕਟਰ ਸਦਕਾ, ਆਪਣੇ ਗੁਰੂ ਦੀ ਦਿੱਤੀ ਹੋਈ ਸਿੱਖਿਆ ਸਦਕਾ। ਸੋ, ਗੁਰੂ ਦੀ ਸਿੱਖਿਆ ਨੂੰ, ਗੁਰਬਾਣੀ ਨੂੰ ਆਪਣੇ ਦਿਲ ਵਿੱਚ ਵਸਾ ਕੇ ਚਲਣਾ ਹੈ, ਗੁਰਬਾਣੀ ਅਨੁਸਾਰ ਚਲਣਾ ਹੈ ਤਾਂ ਤੁਸੀਂ ਰਾਜ ਕਰੋਗੇ। ਬਹੁਤ ਬਹੁਤ ਧੰਨਵਾਦ ਅਤੇ ਸਾਰਿਆਂ ਨੂੰ ਇੱਕ ਵਾਰ ਫਿਰ ਜੀ ਆਇਆਂ ਨੂੰ ਔਰ ਮੈਂ ਆਪਣੀ ਖੁਸ਼ੀ ਨੂੰ ਸ਼ਬਦਾਂ ਵਿੱਚ ਵਿਅਕਤ ਨਹੀਂ ਕਰ ਸਕਦਾ ਹਾਂ। ਸਾਡੇ ਪੰਜਾਬ ਦਾ ਮੁਸਕਰਾਉਂਦਾ ਚਿਹਰਾ ਅਤੇ ਭਵਿੱਖ ਦੇਖ ਕੇ ਮੈਨੂੰ ਬੜੀ ਖੁਸ਼ੀ ਹੋ ਰਹੀ ਹੈ। ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ਜੈ ਹਿੰਦ।

------

## PRESENTATION OF MOMENTOES TO THE DIGNITARIES

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ):** ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਇਹ ਆਪ ਜੀ ਦੀ ਵਿੱਲਖਣ ਸੋਚ ਅਤੇ ਰਹਿਨੁਮਾਈ ਹੈ ਜਿਸ ਦੇ ਸਦਕਾ ਇਹ ਨਾ ਸਿਰਫ ਵਿਦਿਆਰਥੀਆਂ ਨੂੰ ਮੌਕਾ ਮਿਲਿਆ ਹੈ ਬਲਕਿ ਸਾਨੂੰ ਅਤੇ ਸਾਡੇ ਸਟਾਫ ਨੂੰ ਵੀ ਅੱਜ ਨਵਾਂ ਤਜ਼ਰਬਾ ਹੋਇਆ ਹੈ। ਇਹ ਵੀ ਪਹਿਲੀ ਵਾਰ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਇਹ ਮੌਕ ਸੈਸ਼ਨ ਹੋ ਰਿਹਾ ਹੈ, ਧੰਨਵਾਦ ਸਰ। ਹੁਣ ਮੰਚ ਤੇ ਬਿਰਾਜਮਾਨ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤਾ ਜਾਵੇਗਾ।

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਡਿਪਟੀ ਸਪੀਕਰ ਸਾਹਿਬ, ਸੰਸਦੀ ਮਾਮਲੇ ਮੰਤਰੀ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ. ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤਾ ਗਿਆ)

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ):** ਬਹੁਤ ਬਹੁਤ ਧੰਨਵਾਦ, ਮਾਣਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਹੁਣ ਮੌਕ ਸੈਸ਼ਨ ਦੀ ਸ਼ੁਰੂਆਤ ਕੀਤੀ ਜਾਵੇਗੀ, ਇਸ ਲਈ ਬੈੱਲ ਵਜਾਈ ਜਾਵੇਗੀ। ਜੇਕਰ ਕੋਈ ਸਟੂਡੈਂਟ ਬਾਹਰ ਹੋਵੇਗਾ ਤਾਂ ਉਹ ਵੀ ਅੰਦਰ ਆ ਜਾਵੇਗਾ।

--------

## STARRED QUESTIONS AND ANSWERS

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਕਾਲ। ਹਾਂ ਜੀ, ਗੁਰਪ੍ਰੀਤ ਸਿੰਘ ਬਨਾਂਵਾਲੀ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਵਿਦਿਆਰਥੀ ਕਰਨੈਲ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਫੱਤਾ ਮਾਲੋਕਾ, ਮਾਨਸਾ):** ਸਪੀਕਰ ਸਾਹਿਬ, ਪ੍ਰਸ਼ਨ ਨੰਬਰ 16 ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹਾਂ ਜੀ। ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ ਜੀ ਜਵਾਬ ਦੇਣਗੇ।

### ਸਰਦੂਲਗੜ੍ਹ ਵਿੱਚ ਪੈਂਦੇ ਘੱਗਰ ਦਰਿਆ ਦੇ ਗੰਦੇ ਪਾਣੀ ਦੀ ਸਮੱਸਿਆ

***16. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਵਿਦਿਆਰਥੀ ਕਰਨੈਲ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਫੱਤਾ ਮਾਲੋਕਾ, ਮਾਨਸਾ):** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਸਰਦੂਲਗੜ੍ਹ ਦੇ ਘੱਗਰ ਦਰਿਆ ਵਿੱਚ ਕੈਮੀਕਲ ਅਤੇ ਸੀਵਰੇਜ ਦਾ ਪਾਣੀ ਸਿੱਧਾ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਪਾਦੀ ਦੂਸ਼ਿਤ ਹੋ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਗੰਦੇ ਪਾਣੀ ਨੂੰ ਰੋਕਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

**ਸ਼੍ਰੀ ਬਰਿੰਦਰ ਕੁਮਾਰ ਗੋਇਲ (ਵਿਦਿਆਰਥੀ ਮੋਹਿਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੰਗਾਂ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਹਲਕਾ ਸਰਦੂਲਗੜ੍ਹ ਵਿੱਚ ਕਿਸੇ ਵੀ ਉਦਯੋਗਿਕ ਇਕਾਈ ਵੱਲੋਂ ਆਪਣਾ ਸੋਧਿਆ/ਅਣਸੋਧਿਆ ਪਾਣੀ ਸਿੱਧੇ ਜਾਂ ਅਸਿੱਧੇ ਤੌਰ ਤੇ ਦਰਿਆ ਘੱਗਰ ਵਿੱਚ ਨਹੀਂ ਪਾਇਆ ਜਾਂਦਾ ਹੈ। ਮਾਣਯੋਗ ਸਪੀਕਰ ਸਾਹਿਬ, ਸਰਦੂਲਗੜ੍ਹ ਕਸਬੇ ਦੇ ਸੀਵਰੇਜ ਦੇ ਪਾਣੀ ਚਾਰ ਐਮ.ਐਲ.ਈ. ਸਮਰੱਥਾ ਵੇਸਟ ਸਟੇਬਲਾਈਜ਼ੇਸ਼ਨ ਪੌਂਡ (W.S.P.) ਤਕਨੀਕ ਨਾਲ ਬਣੇ ਟਰੀਟਮੈਂਟ ਪਲਾਂਟ ਵਿੱਚ ਸੋਧਣ ਉਪਰੰਤ ਖੇਤਾਂ ਵਿੱਚ ਸਿੰਚਾਈ ਲਈ ਵਰਤਿਆ ਜਾਂਦਾ ਹੈ ਅਤੇ ਜ਼ਰੂਰਤ ਨਾ ਹੋਣ ਦੇ ਸਮੇਂ ਦੌਰਾਨ ਘੱਗਰ ਦਰਿਆ ਵਿੱਚ ਛੱਡਿਆ ਜਾਂਦਾ ਹੈ। ਘੱਗਰ ਦਰਿਆ ਵਿੱਚ ਸਿੱਧੇ ਤੌਰ ਤੇ ਪਾਣੀ ਛੱਡਣ ਦਾ ਸਰੋਤ ਜ਼ਰੂਰਤ ਨਾ ਹੋਣ ਦੇ ਸਮੇਂ ਦੌਰਾਨ ਸਰਦੂਲਗੜ੍ਹ ਕਸਬੇ ਦਾ ਸੋਧਿਆ ਹੋਇਆ ਘਰੇਲੂ ਗੰਦਾ ਪਾਣੀ ਅਤੇ ਪਿੰਡ ਭੂੰਦੜ, ਭਗਵਾਨਪੁਰਾ, ਫੂਸਮੰਡੀ ਅਤੇ ਰੋੜਕੀ ਆਦਿ ਦਾ ਅਣਸੋਧਿਆ ਗੰਦਾ ਪਾਣੀ ਹੈ। ਮਾਣਯੋਗ ਸਪੀਕਰ ਸਾਹਿਬ, ਰਾਜ ਸਰਕਾਰ ਵੱਲੋਂ ਘੱਗਰ ਦਰਿਆ ਨੂੰ ਸਾਫ-ਸੁਥਰਾ ਬਣਾਉਣ ਲਈ ਇੱਕ ਵਿਆਪਕ ਕਾਰਜ ਯੋਜਨਾ (Action Plan for Clean River Ghaggar) ਅਤੇ ਜ਼ਿਲ੍ਹਾ ਮਾਨਸਾ ਦਾ ਵਾਤਾਵਰਣ ਪਲਾਨ ਵੀ ਤਿਆਰ ਕੀਤਾ ਹੋਇਆ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਬਨਾਂਵਾਲੀ ਜੀ, ਸਪਲੀਮੈਂਟਰੀ ਕਰੋ ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਵਿਦਿਆਰਥੀ ਕਰਨੈਲ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਫੱਤਾ ਮਾਲੋਕਾ, ਮਾਨਸਾ):** ਸਪੀਕਰ ਸਾਹਿਬ, ਜਿਵੇਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਘੱਗਰ ਦਰਿਆ ਵਿੱਚ ਕਿਸੇ ਵੀ ਪ੍ਰਕਾਰ ਦਾ ਗੰਦਾ ਪਾਣੀ ਨਹੀਂ ਸੁੱਟਿਆ ਜਾਂਦਾ ਹੈ ਤਾਂ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਘੱਗਰ ਦਰਿਆ ਦਾ ਪਾਣੀ ਗੰਦਾ ਅਤੇ ਦੂਸ਼ਿਤ ਕਿਉਂ ਹੈ ਅਤੇ ਜਦੋਂ ਅਸੀਂ ਘੱਗਰ ਦਰਿਆ ਦੇ ਕੰਢੇ ਖੜ੍ਹੇ ਹੁੰਦੇ ਹਾਂ ਤਾਂ ਉਸ ਵਿੱਚੋਂ ਇੰਨੀ ਗੰਦਗੀ ਬਦਬੂ ਕਿਉਂ ਆਉਂਦੀ ਹੈ?

**ਜਲ ਸਰੋਤ ਮੰਤਰੀ (ਵਿਦਿਆਰਥੀ ਮੋਹਿਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੰਗਾ):** ਮਾਣਯੋਗ ਸਪੀਕਰ ਸਾਹਿਬ, ਮੈਂ ਬਨਾਂਵਾਲੀ ਜੀ ਨੂੰ ਦੱਸਣਾ ਚਾਹਾਂਗਾ ਕਿ ਘੱਗਰ ਦਰਿਆ ਹਿਮਾਚਲ ਦੇ ਸੋਲਨ ਤੋਂ ਲੈ ਕੇ ਸ਼ਿਵਾਲਿਕ ਦੀਆਂ

ਪਹਾੜੀਆਂ ਨਾਲੋਂ ਸਾਫ ਸੁਥਰਾ ਕੁਦਰਤੀ ਪਾਣੀ ਲੈ ਕੇ ਚੱਲਦਾ ਹੈ। ਘੱਗਰ ਦਰਿਆ ਪੰਚਕੂਲਾ, ਡੇਰਾਬੱਸੀ, ਮੋਹਾਲੀ ਵਰਗੇ ਸ਼ਹਿਰਾਂ ਨੂੰ ਕਰਾਸ ਕਰਕੇ 450 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਰਾਜਸਥਾਨ ਦੇ ਓਟੂ ਡੈਮ ਤੱਕ ਜਾਂਦਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰਿਆਣੇ ਦੀ ਡਾਂਗਰੀ ਨਦੀ ਅਤੇ ਮਾਰਕੰਡਾ ਨਦੀ ਰਾਹੀਂ ਘੱਗਰ ਦਰਿਆ ਵਿੱਚ ਹਰਿਆਣੇ ਦੀਆਂ ਇੰਡਸਟਰੀਆਂ ਅਤੇ ਫੈਕਟਰੀਆਂ ਦਾ ਕਾਲਾ ਗੰਦਾ ਪਾਣੀ ਸਿੱਟਿਆ ਜਾਂਦਾ ਹੈ। ਇਸ ਸਬੰਧੀ ਪੰਜਾਬ ਅਤੇ ਹਰਿਆਣੇ ਦੇ ਮੈਂਬਰਾਂ ਦੀ ਮੀਟਿੰਗ ਵੀ ਹੋਈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰਿਆਣੇ ਦੀ ਸਰਕਾਰ ਅਤੇ ਹਰਿਆਣੇ ਦੇ ਮੰਤਰੀਆਂ ਨੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਜਿਹੜਾ ਫੈਕਟਰੀਆਂ ਜਾਂ ਇੰਡਸਟਰੀਆਂ ਦਾ ਸੋਧਿਆ ਜਾਂ ਅਣਸੋਧਿਆ ਪਾਣੀ ਇਸ ਵਿੱਚ ਸੁੱਟਿਆ ਜਾਂਦਾ ਹੈ, ਜਲਦੀ ਹੀ ਇਹ ਪਾਣੀ ਬੰਦ ਕਰ ਦਿੱਤਾ ਜਾਵੇਗਾ। ਮੈਂ ਇਹੀ ਕਹਿੰਦਾ ਹੋਇਆ ਆਪਣੇ ਸ਼ਬਦਾਂ ਨੂੰ ਵਿਸ਼ਰਾਮ ਦਿੰਦਾ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਅੱਜ ਬਹੁਤ ਇਤਿਹਾਸਕ ਮੌਕਾ ਹੈ। ਅੱਜ ਜਿਹੜੇ ਵਿਦਿਆਰਥੀ ਆਏ ਹਨ, ਬੋਲਣ ਸਮੇਂ ਆਪਣਾ ਨਾਮ, ਆਪਣੇ ਹਲਕੇ ਦਾ ਨਾਮ ਜਿਸ ਨੂੰ ਤੁਸੀਂ ਰੀਪ੍ਰਜ਼ੈਂਟ ਕਰ ਰਹੇ ਹੋ ਅਤੇ ਸਬੰਧਤ ਮਾਣਯੋਗ ਵਿਧਾਇਕ ਸਾਹਿਬਾਨ ਦਾ ਨਾਮ, ਜਿਸ ਦੀ ਤੁਸੀਂ ਪ੍ਰਤੀਨਿਧਤਾ ਕਰ ਰਹੇ ਹੋ, ਉਨ੍ਹਾਂ ਸਭ ਬਾਰੇ ਦੱਸਣਾ ਹੈ। ਜਦੋਂ ਬੋਲਣਾ ਹੈ, ਜਿਸ ਵੀ ਵਿਧਾਇਕ ਸਾਹਿਬਾਨ ਨੂੰ ਜਵਾਬ ਦੇਣਾ ਹੈ, ਜਿਸ ਨੂੰ ਐਡਰੈਸ ਕਰਨਾ ਹੈ ਤਾਂ ਉਨ੍ਹਾਂ ਦਾ ਨਾਮ ਬਹੁਤ ਮਾਣ-ਸਤਿਕਾਰ ਨਾਲ ਲੈਣਾ ਹੈ। ਜਿਹੜਾ ਵਿਧਾਇਕ ਹੁੰਦਾ ਹੈ, ਉਹ ਡੇਢ ਲੱਖ ਲੋਕਾਂ ਦੀ ਵੋਟ ਲੈ ਕੇ ਆਉਂਦਾ ਹੈ। ਉਹ ਡੇਢ ਲੱਖ ਲੋਕਾਂ ਦਾ ਨੁਮਾਇੰਦਾ ਹੁੰਦਾ ਹੈ। ਉਹ ਬਹੁਤ ਹੀ ਮਾਣਯੋਗ ਹੁੰਦਾ ਹੈ। ਜਦੋਂ ਕਿਸੇ ਵੀ ਮਾਣਯੋਗ ਵਿਧਾਇਕ ਦਾ ਨਾਮ ਲੈਣਾ ਹੈ, ਤਾਂ ਉਹ ਬਹੁਤ ਹੀ ਸਤਿਕਾਰ ਨਾਲ ਲੈਣਾ ਹੈ।

---

**ਡੇਰਾਬੱਸੀ ਤੋਂ ਬਰਵਾਲਾ ਤੱਕ ਸੜਕ ਦਾ ਨਵੀਨੀਕਰਨ ਕਰਨਾ**

***196. ਸਰਦਾਰ ਕੁਲਜੀਤ ਸਿੰਘ ਰੰਧਾਵਾ: (ਵਿਦਿਆਰਥੀ ਹੁਸਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜ਼ੜੋਤ)** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਮੈਂ ਹੁਸਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜ਼ੜੋਤ ਤੋਂ ਹਾਂ। ਮੈਂ ਆਪਣੇ ਹਲਕੇ ਦੇ ਵਿਧਾਇਕ ਸਰਦਾਰ ਕੁਲਜੀਤ ਸਿੰਘ ਰੰਧਾਵਾ ਜੀ ਨੂੰ ਰੀਪ੍ਰਜ਼ੈਂਟ ਕਰਾਂਗਾ। ਕੀ ਲੋਕ ਨਿਰਮਾਣ (ਭ) ਤੇ (ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡੇਰਾਬੱਸੀ ਤੋਂ ਬਰਵਾਲਾ ਤੱਕ ਸੜਕ ਦੀ ਮਾੜੀ ਹਾਲਤ ਹੋਣ ਕਾਰਨ ਇਸ ਦਾ ਕਦੋਂ ਤੱਕ ਨਵੀਨੀਕਰਨ ਕਰ ਦਿੱਤਾ ਜਾਵੇਗਾ?

**ਸਰਦਾਰ ਹਰਭਜਨ ਸਿੰਘ (ਵਿਦਿਆਰਥੀ ਵੰਸ਼ਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੜਕੇ, ਜੰਡਿਆਲਾ ਗੁਰੂ ਅੰਮ੍ਰਿਤਸਰ)** ਡੇਰਾਬੱਸੀ-ਬਰਵਾਲਾ ਰੋਡ ਦੀ 7.2 ਕਿਲੋਮੀਟਰ ਤੱਕ ਮਜ਼ਬੂਤੀ ਲਈ ਅਨੁਮਾਨ ਬਾਬਤ ਰਕਮ 18.85 ਕਰੋੜ ਰੁਪਏ ਦਾ ਤਿਆਰ ਕਰਕੇ ਵਿੱਤ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ। ਜੇਕਰ ਵਿੱਤ ਵਿਭਾਗ ਵੱਲੋਂ ਫੰਡ ਉਪਲਬਧ ਕਰਵਾਏ ਜਾਂਦੇ ਹਨ ਤਾਂ ਇਸ ਸੜਕ ਦੀ ਮਜ਼ਬੂਤੀ ਨੂੰ ਪਹਿਲ ਦੇ ਆਧਾਰ ਤੇ ਲਿਆ ਜਾਵੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ (ਜਗਮੰਦਰ ਸਿੰਘ):** ਸਪਲੀਮੈਂਟਰੀ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਵਿਦਿਆਰਥੀ ਹੁਸਨਪ੍ਰੀਤ ਸਿੰਘ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਲੋਕ ਨਿਰਮਾਣ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ 18.85 ਕਰੋੜ ਰੁਪਏ ਦੀ ਰਕਮ ਦਾ ਬਜਟ ਤਿਆਰ ਕਰਕੇ ਵਿੱਤ ਵਿਭਾਗ ਨੂੰ ਭੇਜਿਆ ਹੈ, ਕੀ ਉਸ ਵਿੱਚ ਡਰੇਨਜ਼ ਸਿਸਟਮ ਦਾ ਵੀ ਪ੍ਰਬੰਧ ਹੈ? ਕਿਉਂਕਿ ਇਸ ਵੇਲੇ ਉਸ

ਰੋਡ ਤੇ ਬਹੁਤ ਜ਼ਿਆਦਾ ਪਾਣੀ ਖੜ੍ਹਾ ਹੁੰਦਾ ਹੈ। ਸਾਨੂੰ ਭਵਿੱਖ ਵਿੱਚ ਉੱਥੇ ਡਰੇਨਜ਼ ਸਿਸਟਮ ਵੀ ਤਿਆਰ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਜਦੋਂ ਵੀ ਰੋਡ ਬਣ ਕੇ ਤਿਆਰ ਹੋ ਜਾਵੇਗਾ, ਤਾਂ ਸਾਨੂੰ ਉੱਥੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਲੋਕ ਨਿਰਮਾਣ ਮੰਤਰੀ ਜੀ ਇਸ ਗੱਲ ਦਾ ਜਵਾਬ ਦੇ ਦੇਣ।

**ਲੋਕ ਨਿਰਮਾਣ ਮੰਤਰੀ (ਵਿਦਿਆਰਥੀ ਵੰਸ਼ਦੀਪ ਸਿੰਘ):** ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਬਾਰੇ ਸੋਚਿਆ ਜਾ ਰਿਹਾ ਹੈ। ਭਵਿੱਖ ਵਿੱਚ ਇਸ ਸਬੰਧੀ ਕੋਈ ਵੀ ਮੁਸ਼ਕਿਲ ਨਹੀਂ ਆਵੇਗੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ।

---

### ਪਿੰਡਾਂ ਅਤੇ ਸ਼ਹਿਰਾਂ ਦੀਆਂ ਖਾਲੀ ਜ਼ਮੀਨਾਂ ਤੇ ਰੁੱਖ ਲਗਾਉਣਾ

***240. ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਵਿਦਿਆਰਥੀ ਗੁਰਸਿਦਕ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਹੂਰਾ)** : ਧੰਨਵਾਦ, ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਇਸ ਸੈਸ਼ਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਦੇ ਵਾਤਾਵਰਣ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਖਾਲੀ ਪਈ ਥਾਂ/ਸ਼ਾਮਲਾਟ ਜ਼ਮੀਨ ਤੇ ਸਰਕਾਰ ਵੱਲੋਂ ਰੁੱਖ ਲਗਵਾਉਣ ਸਬੰਧੀ ਕੀ ਉਪਰਾਲੇ ਕੀਤੇ ਜਾ ਰਹੇ ਹਨ, ਵੇਰਵੇ ਦਿੱਤੇ ਜਾਣ?

**ਸ੍ਰੀ ਲਾਲ ਚੰਦ (ਵਿਦਿਆਰਥੀ ਸਧਾਂਸ਼ੂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖੋਜਕੀਚੱਕ)** : ਬਹੁਤ ਹੀ ਸਤਿਕਾਰਯੋਗ ਅਧਿਅਕਸ਼ ਮਹੋਦਿਆ ਅਤੇ ਮਾਣਯੋਗ ਸਾਰੇ ਪ੍ਰਤੀਨਿਧੀ। ਮੇਰੇ ਸਤਿਕਾਰਯੋਗ ਪ੍ਰਤੀਨਿਧੀ ਨੇ ਜਿਹੜਾ ਸਵਾਲ ਪੁੱਛਿਆ ਹੈ, ਮੈਂ ਉਸ ਦਾ ਜਵਾਬ ਦੇਣਾ ਚਾਹਾਂਗਾ ਕਿ ਸਾਲ 2022-23 ਦੌਰਾਨ ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਸ਼ਹਿਰਾਂ ਅਤੇ ਕਿਸਾਨਾਂ ਦੀਆਂ ਮੋਟਰਾਂ ਆਦਿ ਤੇ ਹਰੇਕ ਵਿਧਾਨ ਸਭਾ ਹਲਕੇ ਵਿੱਚ 50 ਹਜ਼ਾਰ ਪੌਦੇ ਲਗਾਉਣ ਦੀ ਤਜਵੀਜ਼ ਹੈ। ਇਹ ਬੂਟੇ ਤਜਵੀਜ਼ਤ ਸਕੀਮ 'ਸ਼ਹੀਦ ਭਗਤ ਸਿੰਘ ਹਰਿਆਵਲ ਲਹਿਰ' ਤਹਿਤ ਲਗਾਏ ਜਾਣਗੇ। ਇਨ੍ਹਾਂ ਬੂਟਿਆਂ ਦੀ ਕਿਸਮ ਲੋਕਾਂ ਅਤੇ ਕਿਸਾਨਾਂ ਦੀਆਂ ਜ਼ਰੂਰਤਾਂ ਅਤੇ ਪਸੰਦ ਅਨੁਸਾਰ ਮੈਡੀਸਨਲ, ਫਲਦਾਰ ਅਤੇ ਫੁੱਲਦਾਰ ਕਿਸਮ ਆਦਿ ਦੇ ਲਗਾਏ ਜਾਣਗੇ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਜੀ ਦੇ 115ਵੇਂ ਜਨਮ ਦਿਹਾੜੇ ਮੌਕੇ ਸੂਬੇ ਦੇ ਹਰੇਕ ਵਿਧਾਨ ਸਭਾ ਹਲਕੇ ਵਿੱਚ ਰਵਾਇਤੀ ਕਿਸਮ ਦੀਆਂ 115 ਤ੍ਰਿਵੇਣੀਆਂ ਜਿਵੇਂ ਪਿੱਪਲ, ਬੋਹੜ, ਨਿੰਮ ਦੇ ਕੁੱਲ 40, 365 ਬੂਟੇ ਸੁਰੱਖਿਅਤ ਥਾਵਾਂ ਤੇ ਲਗਾਏ ਜਾਣਗੇ।

ਉਕਤ ਤੋਂ ਇਲਾਵਾ ਵਿਭਾਗ ਵੱਲੋਂ ਇੱਕ ਨਵੀਂ ਸਕੀਮ ਤਹਿਤ ਸਾਲ 2022-23 ਦੌਰਾਨ ਪੰਜਾਬ ਦੀਆਂ ਇੱਛੁਕ ਪੰਚਾਇਤਾਂ ਵੱਲੋਂ ਦਿੱਤੇ ਗਏ ਲਗਭਗ 900 ਹੈਕਟੇਅਰ ਖਾਲੀ ਰਕਬੇ ਵਿੱਚ ਪੌਦੇ ਲਗਾਉਣ ਦੀ ਤਜਵੀਜ਼ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਹਾਂ ਜੀ, ਸਪਲੀਮੈਂਟਰੀ ਜੀ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਵਿਦਿਆਰਥੀ ਗੁਰਸਿਦਕ ਸਿੰਘ)** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਾਤਾਵਰਣ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਰੁੱਖ ਲਗਾਉਣ ਤੋਂ ਇਲਾਵਾ ਪੰਜਾਬ ਸਰਕਾਰ ਹੋਰ ਕੀ ਉਪਰਾਲੇ ਕਰ ਰਹੀ ਹੈ?

**ਜੰਗਲਾਤ ਮੰਤਰੀ (ਵਿਦਿਆਰਥੀ ਸਧਾਂਸ਼ੂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖੋਜਕੀਚੱਕ)** : ਬੀਤੇ ਚਾਰ ਸਾਲਾਂ ਤੋਂ ਸੂਬਾ ਸਰਕਾਰ ਪੰਜਾਬ ਨੂੰ ਸੁਰੱਖਿਅਤ ਰੱਖਣ ਲਈ ਵਾਤਾਵਰਣ ਨੂੰ ਬਚਾਉਣ ਲਈ ਬਹੁਤ ਸਾਰੇ ਕਦਮ ਉਠਾ ਰਹੀ ਹੈ।

ਸਾਡੀ ਸਰਕਾਰ ਨੇ ਪੰਜਾਬ ਵਿੱਚ ਦਰੱਖਤ ਤਾਂ ਲਗਾਏ ਹੀ ਹਨ ਬਲਕਿ ਜਿਹੜੀ ਓਜ਼ੋਨ ਪਰਤ ਹੈ, ਉਸ ਨੂੰ ਸੇਫ ਕਰਨ ਲਈ ਵੀ ਬਹੁਤ ਸਾਰੇ ਯਤਨ ਕਰ ਰਹੀ ਹੈ। ਧੰਨਵਾਦ।

---

**ਹਲਕਾ ਬਾਘਾਪੁਰਾਣਾ ਵਿਖੇ ਮਿਲਕ ਪਲਾਂਟ ਲਗਾਉਣਾ**

***314. ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ (ਵਿਦਿਆਰਥੀ ਸਾਹਿਲਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰਗੜ੍ਹ, ਮੋਗਾ):** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਘਾਪੁਰਾਣਾ ਵਿਖੇ ਕੋਈ ਵੀ ਮਿਲਕ ਪਲਾਂਟ ਨਹੀਂ ਹੈ, ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਬਾਘਾਪੁਰਾਣਾ ਵਿਖੇ ਇੱਕ ਮਿਲਕ ਪਲਾਂਟ ਲਗਾਉਣ ਤੇ ਵਿਚਾਰ ਕਰੇਗੀ, ਜੇਕਰ ਹਾਂ ਤਾਂ ਕਦੋਂ ਤੱਕ?

**ਸ੍ਰੀ ਭਗਵੰਤ ਮਾਨ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ) :** ਜੀ ਹਾਂ, ਇਹ ਠੀਕ ਹੈ ਕਿ ਬਾਘਾਪੁਰਾਣਾ ਵਿਖੇ ਮਿਲਕਫੈੱਡ ਪੰਜਾਬ ਦਾ ਕੋਈ ਵੀ ਮਿਲਕ ਪਲਾਂਟ ਨਹੀਂ ਹੈ, ਪਰੰਤੂ ਹਲਕਾ ਬਾਘਾਪੁਰਾਣਾ ਵਿਖੇ ਮਿਲਕਫੈੱਡ ਦਾ ਇੱਕ ਸਬ-ਸੈਂਟਰ ਚਲਾਇਆ ਜਾ ਰਿਹਾ ਹੈ। ਫਿਲਹਾਲ ਬਾਘਾਪੁਰਾਣਾ ਵਿਖੇ ਮਿਲਕ ਪਲਾਂਟ ਲਗਾਉਣ ਦੀ ਕੋਈ ਵੀ ਤਜਵੀਜ਼ ਨਹੀਂ ਹੈ।

---

**ਰਾਜ ਦੀਆਂ ਗਲੀਆਂ ਵਿੱਚ ਭੀਖ ਮੰਗਣ ਤੇ ਰੋਕ ਲਗਾਉਣਾ**

***683. ਸ੍ਰੀ ਅਵਤਾਰ ਸਿੰਘ ਜੂਨੀਅਰ (ਵਿਦਿਆਰਥੀ ਸ਼ੇਖਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਤੋਖਪੁਰਾ):** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਭੀਖ ਮੰਗਣ ਤੇ ਰੋਕ ਲਗਾਈ ਹੋਈ ਹੈ;

ਅ) ਸਾਲ 2022-23 ਵਿੱਚ ਰਾਜ ਵਿੱਚ ਪੁਨਰਵਾਸ ਕੀਤੇ ਭੀਖਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ੲ) ਸਾਲ 2022-23 ਵਿੱਚ ਰਾਜ ਵਿੱਚ ਭੀਖ ਮੰਗਣ ਨੂੰ ਮੂਲੋਂ ਖਤਮ ਕਰਨ ਲਈ ਕਿਹੜੇ ਕਦਮ ਚੁੱਕੇ ਗਏ ਹਨ?

**ਡਾਕਟਰ ਬਲਜੀਤ ਕੌਰ (ਵਿਦਿਆਰਥੀ ਰਾਧਿਕਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਮੰਡੀ ਹਰਜੀ ਰਾਮ ਸਕੂਲ ਮਲੋਟ):** ਸ੍ਰੀਮਾਨ ਜੀ,

ੳ) ਹਾਂ ਜੀ। ਬਾਲ ਭਿਖਿਆ ਨੂੰ ਰੋਕਣ ਲਈ ਜੁਵੇਨਾਇਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ, 2021 ਅਧੀਨ ਰਾਜ ਵਿੱਚ ਮੁਕੰਮਲ ਰੋਕ ਲਗਾਈ ਗਈ ਹੈ।

ਅ) ਸਾਲ 2022-23 ਵਿੱਚ 260 ਬੱਚਿਆਂ ਨੂੰ ਬਾਲ ਭਿਖਿਆ ਤੋਂ ਰੈਸਕਿਊ ਅਤੇ ਰੀਹੈਬਿਲੀਟੇਟ ਕੀਤਾ ਗਿਆ ਹੈ।

ੲ) ਬਾਲ ਭਿਖਿਆ ਖਤਮ ਕਰਨ ਲਈ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਐਕਸ਼ਨ ਪਲਾਨ ਬਣਾਇਆ ਗਿਆ ਹੈ। ਜਿਸ ਅਨੁਸਾਰ ਜ਼ਿਲ੍ਹਾ ਪੱਧਰ ਤੇ ਕਾਰਵਾਈ ਕੀਤੀ ਜਾਂਦੀ ਹੈ।

ਰਾਜ ਵਿੱਚ ਬਾਲ ਭਿਖਿਆ ਨੂੰ ਖਤਮ ਕਰਨ ਲਈ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰ ਤੇ ਡਿਸਟ੍ਰਿਕਟ ਟਾਸਕ ਫੋਰਸ ਬਣਾਈ ਹੋਈ ਹੈ ਜੋ ਸਮੇਂ ਸਮੇਂ ਤੇ ਬਾਲ ਮਜ਼ਦੂਰੀ ਅਤੇ ਭੀਖ ਮੰਗ ਰਹੇ ਬੱਚਿਆਂ ਨੂੰ ਰੈਸਕਿਊ ਕਰਦੀ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਵਿਦਿਆਰਥੀ ਸ਼ੇਖਰ) :** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਆਪਣੇ ਬੱਸ ਸਟੈਂਡਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਉੱਥੇ ਕਈ ਬੱਚੇ ਅੱਜ ਵੀ ਭੀਖ ਮੰਗ ਰਹੇ ਹਨ ਅਤੇ ਪੁਲਿਸ ਕਰਮਚਾਰੀ ਉਨ੍ਹਾਂ ਨੂੰ ਕਿਉਂ ਨਹੀਂ ਰੋਕ ਰਹੇ? ਸਰਕਾਰ ਨੂੰ ਉਨ੍ਹਾਂ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ।

**ਸਮਾਜਿਕ ਸੁਰੱਖਿਆ ਮੰਤਰੀ (ਵਿਦਿਆਰਥੀ ਰਾਧਿਕਾ):** ਮਾਣਯੋਗ ਸਪੀਕਰ ਸਾਹਿਬ, ਅਸੀਂ ਰੈਸਕਿਊ ਟੀਮ ਲਗਾਈ ਹੋਈ ਹੈ ਅਤੇ ਉਹ ਸਮੇਂ ਸਮੇਂ ਤੇ ਬੱਚਿਆਂ ਨੂੰ ਦੇਖਦੀ ਹੈ ਅਤੇ ਬੱਚਿਆਂ ਨੂੰ ਰੈਸਕਿਊ ਵੀ ਕਰਦੀ ਹੈ। ਜਿਹੜੇ ਬੱਚੇ ਰੈਸਕਿਊ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਸਿੱਖਿਆ ਵੀ ਦਿੱਤੀ ਜਾਂਦੀ ਹੈ।

---

## ਸ੍ਰੀ ਚਮਕੌਰ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਲਈ ਬੱਸ ਸਰਵਿਸ ਸ਼ੁਰੂ ਕਰਨਾ

**1324. ਡਾਕਟਰ ਚਰਨਜੀਤ ਸਿੰਘ (ਵਿਦਿਆਰਥੀ ਅਨਮੋਲਕ ਸਿੰਘ, ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਬਹਿਰਾਮਪੁਰ ਜਿੰਮੀਦਾਰਾ):** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ੍ਰੀ ਚਮਕੌਰ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਲਈ ਪਹਿਲਾਂ ਬੱਸ ਸਰਵਿਸ ਉਪਲਬਧ ਸੀ ਜੋ ਕਿ ਪਿਛਲੇ ਸਮੇਂ ਬੰਦ ਕਰ ਦਿੱਤੀ ਗਈ; ਜੇਕਰ ਅਜਿਹਾ ਹੋਵੇ ਤਾਂ ਕੀ ਸੰਗਤਾਂ ਦੀ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਲਾਲਜੀਤ ਸਿੰਘ ਭੁੱਲਰ (ਵਿਦਿਆਰਥੀ ਗੁਰਸੇਵਕ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਰੀਕੇ):** ਨਹੀਂ ਜੀ, ਪਰੰਤੂ ਭਵਿੱਖ ਵਿੱਚ ਜੇਕਰ ਵਿਭਾਗ ਨੂੰ ਸ੍ਰੀ ਚਮਕੌਰ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਲਈ ਬੱਸ ਸਰਵਿਸ ਚਲਾਉਣ ਲਈ ਮੰਗ ਪ੍ਰਾਪਤ ਹੁੰਦੀ ਹੈ ਤਾਂ ਰੂਟ ਦੀ ਵਾਇਆਬਿਲਟੀ ਦਾ ਮੁਲਾਂਕਣ ਕਰਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਮਾਣਯੋਗ ਸਪੀਕਰ ਸਾਹਿਬ, ਡਾਕਟਰ ਚਰਨਜੀਤ ਸਿੰਘ ਜੀ ਨੂੰ ਮੈਂ ਆਪ ਜੀ ਦੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਕਈ ਵਾਰ ਪਿੰਡਾਂ ਦੇ ਰੂਟਾਂ ਤੇ ਸਵਾਰੀਆਂ ਬਹੁਤ ਘੱਟ ਹੁੰਦੀਆਂ ਹਨ ਜਿਸ ਕਾਰਨ ਮਹਿਕਮੇ ਵੱਲੋਂ ਬੱਸ ਸਰਵਿਸ ਬੰਦ ਕਰ ਦਿੱਤੀ ਜਾਂਦੀ ਹੈ। ਜੇਕਰ ਇਨ੍ਹਾਂ ਦੀ ਮੰਗ ਹੈ ਤਾਂ ਆਪਾਂ ਇਸ ਉੱਪਰ ਜ਼ਰੂਰ ਗੌਰ ਕਰਾਂਗੇ ਔਰ ਆਪਾਂ ਇਸ ਰੂਟ ਦੀ ਵਾਇਆਬਿਲਟੀ ਨੂੰ ਦੇਖ ਕੇ ਆਉਣ ਵਾਲੇ ਸਮੇਂ ਵਿੱਚ ਇਹ ਰੂਟ ਚਾਲੂ ਕੀਤਾ ਜਾਵੇਗਾ। ਇਹ ਬਹੁਤ ਚੰਗੀ ਗੱਲ ਹੈ ਕਿ ਸ੍ਰੀ ਚਮਕੌਰ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਬੱਸ ਸਰਵਿਸ ਅਸੀਂ ਜ਼ਰੂਰ ਚਲਾਵਾਂਗੇ। ਇਸ ਤੇ ਅਗਲੇਰੀ ਕਾਰਵਾਈ ਕਰਨ ਲਈ ਫਾਈਲ ਭੇਜ ਦਿੱਤੀ ਜਾਵੇਗੀ। ਧੰਨਵਾਦ ਜੀ।

**ਡਾਕਟਰ ਚਰਨਜੀਤ ਸਿੰਘ (ਵਿਦਿਆਰਥੀ ਅਨਮੋਲਕ ਸਿੰਘ):** ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੰਮ ਲਈ ਕਿੰਨਾ ਸਮਾਂ ਲੱਗੇਗਾ? ਸਭਾ ਦੇ ਦਿਨ ਬਹੁਤ ਨੇੜੇ ਆ ਰਹੇ ਹਨ ਅਤੇ ਸੰਗਤਾਂ ਨੂੰ ਬਹੁਤ ਖੇਚਲ ਹੁੰਦੀ ਹੈ।

**ਟਰਾਂਸਪੋਰਟ ਮੰਤਰੀ (ਵਿਦਿਆਰਥੀ ਗੁਰਸੇਵਕ ਸਿੰਘ):** ਜਿੰਨੀ ਵੀ ਛੇਤੀ ਹੋ ਸਕੇਗਾ ਕਰਾਂਗੇ ਜੀ। ਮੈਂ ਤਾਂ ਫਾਈਲ ਅੱਜ ਭੇਜ ਦੇਵਾਂਗਾ।

**ਡਾਕਟਰ ਚਰਨਜੀਤ ਸਿੰਘ (ਵਿਦਿਆਰਥੀ ਅਨਮੋਲਕ ਸਿੰਘ):** ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਵਿਦਿਆਰਥੀ ਗੁਰਬੀਰ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਭੀਲੋਵਾਲ ਪੱਕਾ, ਅੰਮ੍ਰਿਤਸਰ):** ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ। ਮੇਰਾ ਨਾਮ ਗੁਰਬੀਰ ਸਿੰਘ ਹੈ, ਮੈਂ ਬਾਰ੍ਹਵੀਂ ਜਮਾਤ ਦਾ ਵਿਦਿਆਰਥੀ ਹਾਂ। ਮੇਰਾ ਹਲਕਾ ਰਾਜਾ ਸਾਂਸੀ ਹੈ ਅਤੇ ਉੱਥੋਂ ਚੌਥੀ ਵਾਰ ਚੁਣੇ ਹੋਏ ਵਿਧਾਇਕ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ਸਾਹਿਬ ਨੂੰ represent ਕਰ ਰਿਹਾ ਹਾਂ।

ਸਪੀਕਰ ਸਾਹਿਬ, ਮੈਂ ਪਿਛਲੇ ਸਵਾਲ ਤੇ ਸਪਲੀਮੈਂਟਰੀ ਲਈ ਹੱਥ ਖੜ੍ਹਾ ਕੀਤਾ ਸੀ ਸ਼ਾਇਦ ਤੁਹਾਡਾ ਧਿਆਨ ਨਹੀਂ ਪਿਆ। ਮੈਂ ਸਦਨ ਦੇ ਧਿਆਨ ਵਿੱਚ ਇੱਕ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਿਰਫ ਭੀਖ ਮੰਗਣ ਤੱਕ ਦਾ ਵਿਸ਼ਾ ਨਹੀਂ ਹੈ ਕਿ ਇਸ ਦਾ ਕੀ ਪ੍ਰਭਾਵ ਪੈਂਦਾ ਹੈ ਬਲਕਿ ਇਹ ਸੀਰੀਅਸ ਕ੍ਰੀਮੀਨਲ ਇਸ਼ੂ ਹੈ। ਇਹ ਭਿਖਾਰੀ ਸਾਡੇ ਪਿੰਡਾਂ ਸ਼ਹਿਰਾਂ ਵਿੱਚੋਂ ਬੱਚਿਆਂ ਨੂੰ ਚੁੱਕ ਕੇ ਲੈ ਜਾਂਦੇ ਹਨ ਅਤੇ ਫਿਰ ਕਈਆਂ ਦੇ ਅੰਗ ਪੈਰ ਵੀ ਕੱਟ ਦਿੰਦੇ ਹਨ। ਉਨ੍ਹਾਂ ਤੋਂ ਭੀਖ ਮੰਗਵਾਈ ਜਾਂਦੀ ਹੈ। ਇਹ ਵੀ ਹੋ ਸਕਦਾ ਹੈ ਕਿ ਇੱਥੋਂ ਬੱਚਾ ਚੁੱਕ ਕੇ ਕਿਸੇ ਹੋਰ ਸ਼ਹਿਰ ਵਿੱਚ ਪਹੁੰਚਾ ਦਿੱਤਾ ਜਾਵੇ। ਇਸ ਕਰਕੇ ਅਸੀਂ ਸਿਰਫ ਉਨ੍ਹਾਂ ਨੂੰ ਰੋਕਣਾ ਨਹੀਂ ਹੈ ਬਲਕਿ ਉਨ੍ਹਾਂ ਬੱਚਿਆਂ ਦਾ ਡੀ.ਐਨ.ਏ. ਟੈਸਟ ਵੀ ਕਰਵਾਉਣਾ ਚਾਹੀਦਾ ਹੈ ਕਿ ਵਾਕਿਆ ਜਿਹੜੇ ਬੱਚਿਆਂ ਤੋਂ ਇਹ ਭੀਖ ਮੰਗਵਾ ਰਹੇ ਹਨ, ਇਹ ਉਨ੍ਹਾਂ ਦੇ ਹੀ ਬੱਚੇ ਹਨ ਕਿਉਂਕਿ ਹਰ ਇੱਕ ਮਾਂ ਨੂੰ ਆਪਣਾ ਪੁੱਤ ਪਿਆਰਾ ਹੁੰਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਤੁਹਾਡੀ ਗੱਲ ਆ ਗਈ ਹੈ। ਜੇਕਰ ਤੁਸੀਂ ਇਸ ਪ੍ਰਸ਼ਨ ਸਬੰਧੀ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹਿ ਸਕਦੇ ਹੋ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਵਿਦਿਆਰਥੀ ਗੁਰਬੀਰ ਸਿੰਘ)**: ਨਹੀਂ ਜੀ, ਧੰਨਵਾਦ।

---

## ਸਰਕਾਰੀ ਸਕੂਲਾਂ ਵਿੱਚ ਗੁਰਮਤਿ ਅਤੇ ਸਿੱਖ ਇਤਿਹਾਸ ਦੀ ਸਿੱਖਿਆ ਨੂੰ ਲਾਜ਼ਮੀ ਬਣਾਉਣਾ

***1425. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਵਿਦਿਆਰਥੀ ਮਹਿਕਪ੍ਰੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਡਾਣੀ ਕਲਾਂ)** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ਮਾਣਯੋਗ ਸਪੀਕਰ ਸਾਹਿਬ ਅਤੇ ਇੱਥੇ ਮੌਜੂਦ ਸਾਰੇ ਹੀ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮੇਰਾ ਨਾਂਅ ਮਹਿਕਪ੍ਰੀਤ ਕੌਰ ਹੈ। ਮੇਰਾ ਹਲਕਾ ਪਾਇਲ ਹੈ। ਅੱਜ ਮੈਂ ਇੱਥੇ ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਦਾ ਰੋਲ ਅਦਾ ਕਰ ਰਹੀ ਹਾਂ ਅਤੇ ਮੇਰਾ ਪ੍ਰਸ਼ਨ ਨੰ. 1425 ਹੈ। ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸਰਕਾਰੀ ਸਕੂਲਾਂ 'ਚ ਗੁਰਮਤਿ ਅਤੇ ਸਿੱਖ ਇਤਿਹਾਸ ਦੀ ਸਿੱਖਿਆ ਨੂੰ ਲਾਜ਼ਮੀ ਬਣਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਅ) ਪੰਜਾਬੀ ਭਾਸ਼ਾ ਦੀ ਰਾਖੀ ਅਤੇ ਇਸ ਨੂੰ ਸਰਕਾਰੀ ਕੰਮ-ਕਾਜ ਦੀ ਮੁੱਖ ਭਾਸ਼ਾ ਬਣਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ੲ) ਪੰਜਾਬ ਯੂਨੀਵਰਸਿਟੀ 'ਚ ਪੰਜਾਬੀ ਭਾਸ਼ਾ ਤੇ ਅਧਿਐਨ ਦੇ ਨਵੇਂ ਵਿਭਾਗ ਬਣਾਉਣ ਦੀ ਕੀ ਯੋਜਨਾ ਹੈ?

**ਸਰਦਾਰ ਹਰਜੋਤ ਸਿੰਘ ਬੈਂਸ (ਵਿਦਿਆਰਥੀ ਦਲਜੀਤ ਸਿੰਘ, ਸਕੂਲ ਆਫ ਐਮੀਨੈਂਸ ਕੀਰਤਪੁਰ ਸਾਹਿਬ):** ਮਾਣਯੋਗ ਸਪੀਕਰ ਸਾਹਿਬ, ਮੈਂ ਦਲਜੀਤ ਸਿੰਘ ਸਕੂਲ ਆਫ ਐਮੀਨੈਂਸ, ਸ੍ਰੀ ਕੀਰਤਪੁਰ ਸਾਹਿਬ ਦਾ ਵਿਦਿਆਰਥੀ ਹਾਂ। ਮੈਂ ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਪੰਜਾਬ, ਹਲਕਾ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਦਾ ਰੋਲ ਅਦਾ ਕਰ ਰਿਹਾ ਹਾਂ।

ਸ੍ਰੀਮਾਨ ਜੀ, ਪੰਜਾਬ ਦੇ ਸਰਕਾਰੀ ਸਕੂਲਾਂ ਦੀਆਂ ਕੁਝ ਜਮਾਤਾਂ ਦੀਆਂ ਪਾਠ-ਪੁਸਤਕਾਂ ਅਤੇ ਸਿਲੇਬਸ ਵਿੱਚ ਪਹਿਲਾਂ ਤੋਂ ਹੀ ਸਿੱਖ ਇਤਿਹਾਸ ਅਤੇ ਵਿਰਸੇ ਸਬੰਧੀ ਪਾਠ ਮੌਜੂਦ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਣਾਏ ਗਏ, ਜਮਾਤ ਨੌਵੀਂ ਦੇ ਸਮਾਜਿਕ ਸਿੱਖਿਆ ਵਿਸ਼ੇ ਦੇ ਸਿਲੇਬਸ ਅਤੇ ਪਾਠ ਪੁਸਤਕ ਦੇ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਟੋਪਿਕ ਅਤੇ ਪਾਠ ਦਰਜ ਹਨ। ਇਹ ਸਿਲੇਬਸ ਅਤੇ ਪਾਠ-ਪੁਸਤਕ (ਇਤਿਹਾਸ ਭਾਗ-ਪਾਠ ਨੰ. 2, 3 ਅਤੇ 4) ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਇਟ 'ਤੇ ਉਪਲਬੱਧ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਣਾਏ ਗਏ, ਜਮਾਤ ਦੱਸਵੀਂ ਦੇ ਸਮਾਜਿਕ ਸਿੱਖਿਆ ਵਿਸ਼ੇ ਦੇ ਸਿਲੇਬਸ ਅਤੇ ਪਾਠ-ਪੁਸਤਕ (ਇਤਿਹਾਸ ਭਾਗ-ਪਾਠ ਨੰ. 2, 3, 4, 5, 6, 7, 8 ਅਤੇ 9) ਅਤੇ ਨਕਸ਼ੇ ਭਾਗ ਦੇ ਵਿੱਚ ਵੀ ਸਿੱਖ ਇਤਿਹਾਸ ਨਾਲ ਸਬੰਧਤ ਟੋਪਿਕ ਅਤੇ ਪਾਠ ਦਰਜ ਹਨ। ਇਹ ਸਿਲੇਬਸ ਅਤੇ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਇਟ ਤੇ ਉਪਲਬਧ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਜਮਾਤ ਬਾਰਵੀਂ ਦੇ ਇਤਿਹਾਸ ਵਿਸ਼ੇ ਦਾ ਪੂਰਾ ਸਿਲੇਬਸ ਸਿੱਖ ਗੁਰੂਆਂ ਦੇ ਇਤਿਹਾਸ ਤੇ ਹੀ ਆਧਾਰਤ ਹੈ। ਇਹ ਸਿਲੇਬਸ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਇਟ 'ਤੇ ਉਪਲਬਧ ਹੈ।

ਅ) ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਰਾਹੀਂ ਮਾਂ ਬੋਲੀ ਪੰਜਾਬੀ ਦੀ ਰਾਖੀ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਪੰਜਾਬ ਦੀ ਮੁੱਖ ਭਾਸ਼ਾ ਬਣਾਉਣ ਲਈ ਪੰਜਾਬ ਰਾਜ ਭਾਸ਼ਾ ਐਕਟ-1967 ਪੰਜਾਬ, ਰਾਜ ਭਾਸ਼ਾ ਤਰਮੀਮ ਐਕਟ-2008 ਅਤੇ ਪੰਜਾਬ ਰਾਜ ਭਾਸ਼ਾ ਸੋਧ ਐਕਟ-2021 ਪਾਸ ਕੀਤੇ ਹੋਏ ਹਨ। ਇਨ੍ਹਾਂ ਐਕਟਾਂ ਦੀਆਂ ਧਾਰਾਵਾਂ ਨੂੰ ਦਫਤਰਾਂ ਵਿੱਚ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਸਮੇਂ ਸਮੇਂ ਤੇ ਹਦਾਇਤਾਂ ਲਗਾਤਾਰ ਜਾਰੀ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਦੇ ਸਮੂਹ ਸਰਕਾਰੀ/ ਅਰਧ ਸਰਕਾਰੀ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਨਿਗਮਾਂ ਅਤੇ ਵਿਦਿਅਕ ਅਦਾਰਿਆਂ ਦੇ ਦਫਤਰਾਂ ਵਿੱਚ ਪੰਜਾਬੀ ਭਾਸ਼ਾ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਜ਼ਾ ਦਾ ਉਪਬੰਧ ਕੀਤਾ ਹੋਇਆ ਹੈ। ਪਹਿਲੀ ਵਾਰੀ ਉਲੰਘਣਾ ਕਰਨ ਵਾਲੇ ਅਧਿਕਾਰੀ/ ਕਰਮਚਾਰੀ ਨੂੰ 500/- ਰੁਪਏ, ਦੂਜੀ ਵਾਰੀ ਉਲੰਘਣਾ ਕਰਨ ਵਾਲੇ ਨੂੰ 2000/- ਰੁਪਏ ਅਤੇ ਤੀਜੀ ਵਾਰੀ ਉਲੰਘਣਾ ਕਰਨ ਵਾਲੇ ਅਧਿਕਾਰੀ ਨੂੰ 5000/- ਰੁਪਏ ਜ਼ੁਰਮਾਨਾ ਲਗਾਉਣ ਦੀ ਸਜ਼ਾ ਦਿੱਤੀ ਜਾਂਦੀ ਹੈ। ਸਮੂਹ ਵਿਭਾਗਾਂ ਦੇ ਨਾਲ ਨਾਲ ਭਰਤੀ ਕਰਨ ਵਾਲੀਆਂ ਸੰਸਥਾਵਾਂ ਨੂੰ ਭਰਤੀ ਸਬੰਧੀ ਲਈ ਜਾਣ ਵਾਲੀ ਪ੍ਰੀਖਿਆ ਦੇ ਪ੍ਰਸ਼ਨ ਪਰਚੇ ਪੰਜਾਬ ਰਾਜ ਭਾਸ਼ਾ ਐਕਟ (ਤਰਮੀਮ) 2008 ਅਨੁਸਾਰ ਤਿਆਰ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਹੁਣ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਵਿੱਚ ਸਮੂਹ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਆਪਣੇ ਸਾਇਨ ਬੋਰਡਾਂ ਤੇ ਸਭ ਤੋਂ ਉੱਪਰ ਪੰਜਾਬੀ ਭਾਸ਼ਾ ਲਿਖਣ ਲਈ ਪਾਬੰਦ ਕੀਤਾ ਗਿਆ ਹੈ।

ੲ) ਨਹੀਂ ਜੀ, ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਤੇ ਅਧਿਐਨ ਦੇ ਨਵੇਂ ਵਿਭਾਗ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ।

---

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਮੈਂ ਸਦਨ ਨੂੰ ਸੂਚਿਤ ਕਰਦਾ ਹਾਂ ਕਿ ਅੱਜ ਸਰਕਾਰੀ ਸਕੂਲਾਂ ਵਿੱਚ ਗਿਆਰਵੀਂ ਅਤੇ ਬਾਰ੍ਹਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮੌਕ ਸੈਸ਼ਨ ਦੀ ਕਾਰਵਾਈ ਦੇਖਣ ਲਈ ਸ੍ਰੀ ਰੋਹਿਤ ਬਾਂਸਲ, ਪ੍ਰੈਸ ਪ੍ਰਤੀਨਿਧੀ, ਜੀ ਨਿਊਜ਼, ਸ੍ਰੀ  ਨਪਿੰਦਰ ਬਰਾੜ, ਪ੍ਰੈਸ ਪ੍ਰਤੀਨਿਧੀ, ਨਿਊਜ਼ 18, ਸ੍ਰੀਮਤੀ ਸ਼ਾਲੂ, ਪ੍ਰੈਸ ਪ੍ਰਤੀਨਿਧੀ, ਸ੍ਰੀਮਤੀ ਨਿਮਰਤ ਕੌਰ ਜੀ, ਐਡੀਟਰ, ਰੋਜ਼ਾਨਾ ਸਪੋਕਸਮੈਨ, ਸ੍ਰੀ ਬਜ਼ਮ ਵਰਮਾ, ਪ੍ਰੈਸ ਪ੍ਰਤੀਨਿਧੀ, ਡੇਲੀ ਪੋਸਟ, ਸ੍ਰੀ ਵਿਮਲ ਜੀ,  ਅਤੇ ਸ੍ਰੀ ਰਾਜ ਕੁਮਾਰ ਜੀ ਸਪੀਕਰ ਗੈਲਰੀ ਵਿੱਚ ਮੌਜੂਦ ਹਨ।

ਹੁਣ ਸਦਨ ਦੀ ਕਾਰਵਾਈ ਸ਼ੁਰੂ ਕਰਦੇ ਹਾਂ।

---

**STARRED QUESTIONS AND ANSWERS *(Resumption)***

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਹਾਂ ਜੀ, ਜੇਕਰ ਕੋਈ ਸਪਲੀਮੈਂਟਰੀ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਵਿਦਿਆਰਥੀ ਮਹਿਕਦੀਪ ਕੌਰ)**: ਕੋਈ ਸਪਲੀਮੈਂਟਰੀ ਨਹੀਂ ਹੈ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਧੰਨਵਾਦ।

**ਸ੍ਰੀ ਸੰਦੀਪ ਜਾਖੜ (ਵਿਦਿਆਰਥੀ ਹਰਮਨਦੀਪ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਗਿੱਦੜਾਂਵਾਲੀ)**: ਧੰਨਵਾਦ ਸਪੀਕਰ ਸਾਹਿਬ, ਮੇਰਾ ਨਾਂਅ ਹਰਮਨਦੀਪ ਹੈ। ਮੈਂ ਅਬੋਹਰ ਹਲਕੇ ਤੋਂ ਜੇਤੂ ਵਿਧਾਇਕ ਸ੍ਰੀ ਸੰਦੀਪ ਜਾਖੜ ਜੀ ਦਾ ਰੋਲ ਅਦਾ ਕਰ ਰਿਹਾ ਹਾਂ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਿੱਖਿਆ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਤਾਂ ਸਾਡੀ ਯੂਨੀਵਰਸਿਟੀ ਹੀ ਨਹੀਂ ਹੈ, ਉਹ ਸੈਂਟਰ ਨਾਲ ਜੁੜ ਰਹੀ ਹੈ। ਮੈਂ ਉਨ੍ਹਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਾਡੀ ਯੂਨੀਵਰਸਿਟੀ ਨੂੰ ਬਚਾਉਣ ਲਈ ਕੀ ਉਪਰਾਲੇ ਕਰ ਰਹੇ ਹਨ?

**ਸਕੂਲ ਸਿੱਖਿਆ ਮੰਤਰੀ (ਵਿਦਿਆਰਥੀ ਦਲਜੀਤ ਸਿੰਘ):** ਮਾਣਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਯੂਨੀਵਰਸਿਟੀ ਬਚਾਉਣ ਲਈ ਸਾਡਾ ਯੂਥ ਉੱਥੇ ਜਾ ਰਿਹਾ ਹੈ ਤੇ ਉੱਥੇ ਸਟ੍ਰਗਲ ਕਰ ਰਿਹਾ ਹੈ ਤੇ ਅਸੀਂ ਉੱਥੇ ਸੰਘਰਸ਼ ਲੜ ਰਹੇ ਹਾਂ। ਧੰਨਵਾਦ।

**ਸ੍ਰੀਮਤੀ ਗਨੀਵ ਕੌਰ ਮਜੀਠੀਆ (ਵਿਦਿਆਰਥੀ ਅਰਸ਼ਦੀਪ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਸੋਹੀਆਂ ਕਲਾਂ, ਅੰਮ੍ਰਿਤਸਰ)** : ਮਾਣਯੋਗ ਸਪੀਕਰ ਸਾਹਿਬ, ਮੇਰਾ ਮਾਣਯੋਗ ਸਿੱਖਿਆ ਮੰਤਰੀ ਨੂੰ ਪ੍ਰਸ਼ਨ ਹੈ ਕਿ ਪੰਜਾਬ ਵਿੱਚ

ਅੱਜਕਲ੍ਹ ਬਹੁਤ ਸਾਰੇ ਕੁਇਜ਼ (quiz) ਹੁੰਦੇ ਹਨ, ਜਿਨ੍ਹਾਂ ਵਿੱਚ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਵੀ ਬੁਲਾਇਆ ਜਾਂਦਾ ਹੈ ਪਰ ਉਹ ਕੁਇਜ਼ ਅੱਜ ਵੀ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਪਹਿਲ ਦਿੰਦੇ ਹਨ ਨਾ ਕਿ ਪੰਜਾਬੀ ਨੂੰ, ਇਹ ਕਿਉਂ?

**ਸਿੱਖਿਆ ਮੰਤਰੀ (ਵਿਦਿਆਰਥੀ ਦਲਜੀਤ ਸਿੰਘ)** : ਮਾਣਯੋਗ ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਰਾਹੀਂ ਮਾਂ-ਬੋਲੀ ਪੰਜਾਬੀ ਦੀ ਰਾਖੀ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਪੰਜਾਬ ਦੀ ਮੁੱਖ ਭਾਸ਼ਾ ਬਣਾਉਣ ਲਈ ਪੰਜਾਬ ਭਾਸ਼ਾ ਐਕਟ, 1967; ਪੰਜਾਬ ਰਾਜ ਭਾਸ਼ਾ ਤਰਮੀਮ ਐਕਟ, 2008 ਅਤੇ ਪੰਜਾਬ ਰਾਜ ਭਾਸ਼ਾ ਸੋਧ ਐਕਟ, 2021 ਪਾਸ ਕੀਤੇ ਹੋਏ ਹਨ। ਇਨ੍ਹਾਂ ਐਕਟਾਂ ਦੀਆਂ ਧਾਰਾਵਾਂ ਨੂੰ ਦਫਤਰਾਂ ਵਿੱਚ ਪੂਰੀ ਤਰ੍ਹਾਂ ਲਾਗੂ ਕਰਾਉਣ ਲਈ ਸਮੇਂ ਸਮੇਂ ਤੇ ਹਦਾਇਤਾਂ ਲਗਾਤਾਰ ਜਾਰੀ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਦੇ ਸਮੂਹ ਸਰਕਾਰੀ, ਅਰਧ-ਸਰਕਾਰੀ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ, ਨਿਗਮਾਂ ਤੇ ਵਿਦਿਅਕ ਅਦਾਰਿਆਂ ਦੇ ਦਫਤਰਾਂ ਵਿੱਚ ਪੰਜਾਬੀ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ, ਕਰਮਚਾਰੀਆਂ ਨੂੰ ਸਜ਼ਾ ਦਾ ਉਪਬੰਧ ਕੀਤਾ ਹੋਇਆ ਹੈ। ਪਹਿਲੀ ਉਲੰਘਣਾ ਕਰਨ ਵਾਲੇ ਨੂੰ 500/- ਰੁਪਏ, ਦੂਜੀ ਵਾਰ ਉਲੰਘਣਾ ਕਰਨ ਵਾਲੇ ਨੂੰ 2000/- ਅਤੇ ਤੀਜੀ ਵਾਰ ਉਲੰਘਣਾ ਕਰਨ ਵਾਲੇ ਨੂੰ 5000/- ਰੁਪਏ ਦਾ ਜ਼ੁਰਮਾਨਾ ਲਗਾਉਣ ਦੀ ਸਜ਼ਾ ਦਿੱਤੀ ਜਾਂਦੀ ਹੈ। ਸਮੂਹ ਵਿਭਾਗਾਂ ਦੇ ਨਾਲ ਨਾਲ ਭਰਤੀ ਕਰਨ ਵਾਲੀਆਂ ਸੰਸਥਾਵਾਂ ਨੂੰ ਭਰਤੀ ਦੇ ਸਬੰਧ ਵਿੱਚ ਲਈ ਜਾਣ ਵਾਲੀ ਪ੍ਰੀਖਿਆ ਦੇ ਪ੍ਰਸ਼ਨ ਪਰਚੇ ਪੰਜਾਬ ਰਾਜ ਭਾਸ਼ਾ ਐਕਟ ਤਰਮੀਮ, 2008 ਅਨੁਸਾਰ ਤਿਆਰ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਹੁਣ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਵਿੱਚ ਸਮੂਹ ਪ੍ਰਾਈਵੇਟ ਦੁਕਾਨਾਂ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਆਪਣੇ ਸਾਈਨ ਬੋਰਡਾਂ ਤੇ ਸਭ ਤੋਂ ਉੱਪਰ ਪੰਜਾਬੀ ਭਾਸ਼ਾ ਲਿਖਣ ਲਈ ਪਾਬੰਦ ਕੀਤਾ ਗਿਆ ਹੈ।

---

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਧੰਨਵਾਦ। ਅੱਜ ਦੀ ਸਦਨ ਦੀ ਕਾਰਵਾਈ ਦੇਖਣ ਲਈ ਸਾਡੇ ਵਿਚਕਾਰ ਸਰਦਾਰ ਹਰਜੋਤ ਸਿੰਘ ਬੈਂਸ, ਮਾਣਯੋਗ ਸਿੱਖਿਆ ਮੰਤਰੀ ਜੀ ਮੌਜੂਦ ਹਨ। ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ।(ਥੰਪਿੰਗ)

---

## STARRED QUESTIONS AND ANSWERS *(Resumption)*

### ਕਮਿਊਨਿਟੀ ਹੈਲਥ ਸੈਂਟਰ ਦੀ ਬਿਲਡਿੰਗ ਦੀ ਉਸਾਰੀ ਕਰਨਾ

*1515. **ਸਰਦਾਰ ਅਮੋਲਕ ਸਿੰਘ (ਵਿਦਿਆਰਥੀ ਗੁਰਸਾਹਿਬ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੰਡ ਸਾਹਿਬ)** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੈਤੋ ਦੇ ਕਮਿਊਨਿਟੀ ਹੈਲਥ ਸੈਂਟਰ ਦੀ ਬਿਲਡਿੰਗ ਦੀ ਉਸਾਰੀ ਦੇ ਲਈ ਸਰਕਾਰ ਵੱਲੋਂ ਲਗਭਗ ਇੱਕ ਸਾਲ ਪਹਿਲਾਂ 5.5 ਕਰੋੜ ਰੁਪਏ

ਦੀ ਰਕਮ ਜਾਰੀ ਕੀਤੀ ਗਈ ਸੀ ਪਰ ਅਜੇ ਤੱਕ ਬਿਲਡਿੰਗ ਬਣਾਉਣ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ, ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ (ਵਿਦਿਆਰਥੀ ਸ਼ੁਭਮ ਕੁਮਾਰ ਦਿਕਸ਼ਿਤ, ਪੀ ਐਸ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤ੍ਰਿਪੜੀ)** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਾਲ 2000 ਤੋਂ ਜੈਤੋ, ਜ਼ਿਲ੍ਹਾ ਫਰੀਦਕੋਟ ਵਿਖੇ 30 ਬਿਸਤਰਿਆਂ ਦਾ ਕਮਿਊਨਿਟੀ ਹੈਲਥ ਸੈਂਟਰ ਕੰਮ ਕਰ ਰਿਹਾ ਹੈ। ਇਸ ਕਮਿਊਨਿਟੀ ਹੈਲਥ ਸੈਂਟਰ ਵਿੱਚ 5.50 ਕਰੋੜ ਦੀ ਲਾਗਤ ਨਾਲ ਹੋਰ 20 ਬਿਸਤਰਿਆਂ ਦੀ ਸਮਰੱਥਾ ਵਧਾਉਣ ਲਈ ਨਵੀਂ ਉਸਾਰੀ ਸਮੇਤ ਚਾਰਦੀਵਾਰੀ, ਪਾਰਕਿੰਗ ਆਦਿ ਦੇ ਕੰਮ ਦੀ ਪੰਜਾਬ ਸਰਕਾਰ ਵੱਲੋਂ ਇਕ ਸਾਲ ਪਹਿਲਾਂ 40 ਸੈਕੰਡਰੀ ਹੈਲਥ ਕੇਅਰ ਫੈਸਿਲਟੀਜ਼ ਦੇ ਅਪਗ੍ਰੇਡੇਸ਼ਨ, ਸਟ੍ਰੈਂਥਨਿੰਗ ਅਧੀਨ ਵਿਵਸਥਾ ਕੀਤੀ ਗਈ ਸੀ ਪਰੰਤੂ ਇਸ ਸਬੰਧੀ ਫੰਡਜ਼ ਜਾਰੀ ਨਾ ਹੋਣ ਕਰਕੇ ਕੰਮ ਨਹੀਂ ਹੋ ਸਕਿਆ। ਇਹ ਫੰਡ ਉਪਲਬਧ ਹੋਣ ਉਪਰੰਤ ਕੰਮ ਤੁਰੰਤ ਕਰਵਾ ਦਿੱਤਾ ਜਾਵੇਗਾ। ਧੰਨਵਾਦ।(ਥੰਪਿੰਗ)

**ਸਰਦਾਰ ਅਮੋਲਕ ਸਿੰਘ (ਵਿਦਿਆਰਥੀ ਗੁਰਸਾਹਿਬ ਸਿੰਘ)**: ਸਪਲੀਮੈਂਟਰੀ ਜੀ। ਮੈਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਤਾਂ ਇਕ ਸਾਲ ਪਹਿਲਾਂ ਹੀ 5.5 ਕਰੋੜ ਦੀ ਰਕਮ ਜਾਰੀ ਕਰ ਦਿੱਤੀ ਸੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਵਿਦਿਆਰਥੀ ਸ਼ੁਭਮ ਕੁਮਾਰ ਦਿਕਸ਼ਿਤ) :** ਸਪੀਕਰ ਸਾਹਿਬ, ਸਾਲ ਪਹਿਲਾਂ 5.50 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਸੀ ਪ੍ਰੰਤੂ ਲੋੜੀਂਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ ਸੀ ਕਿਉਂਕਿ ਕੰਮ ਪਹਿਲਾਂ ਤੋਂ ਰੁਕਿਆ ਪਿਆ ਸੀ ਅਤੇ ਹੁਣ ਅਸੀਂ ਕੰਮ ਸਟਾਰਟ ਕਰਨ ਲੱਗੇ ਹਾਂ। ਹੁਣ ਸਾਡੀ ਟੀਮ ਇਸ ਕੰਮ ਨੂੰ ਹੋਰ ਅੱਗੇ ਵਧਾ ਰਹੀ ਹੈ । ਧੰਨਵਾਦ ਜੀ। (ਥੰਪਿੰਗ)

---

## ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਐਲ.ਈ.ਡੀ. ਲਾਈਟਾਂ ਲਗਾਉਣਾ

***1523. ਰਾਣਾ ਇੰਦਰ ਪ੍ਰਤਾਪ ਸਿੰਘ (ਵਿਦਿਆਰਥੀ ਗੁਰਭੇਜ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡਡਵਿੰਡੀ):** ਕੀ ਸਰਕਾਰ ਦੀ ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਮੌਜੂਦਾ ਸਟਰੀਟ ਲਾਈਟਾਂ ਦੀ ਥਾਂ 'ਤੇ ਐਲ.ਈ.ਡੀ. ਲਾਈਟਾਂ ਲਗਾਉਣ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਦੋਂ ਤੱਕ ਕਰ ਦਿੱਤਾ ਜਾਵੇਗਾ ਅਤੇ ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ?

**ਡਾਕਟਰ ਰਵਜੋਤ ਸਿੰਘ (ਵਿਦਿਆਰਥੀ ਮਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਥਿਆਲ):**

ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮੌਕ ਸੈਸ਼ਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਮ ਮਨਪ੍ਰੀਤ ਸਿੰਘ ਹੈ। ਮੈਂ ਡਾਕਟਰ ਰਵਜੋਤ ਸਿੰਘ, ਸਥਾਨਕ ਸਰਕਾਰ ਮੰਤਰੀ ਜੀ ਦਾ ਰੋਲ ਅਦਾ ਕਰ ਰਿਹਾ ਹਾਂ।

ਸੁਲਤਾਨਪੁਰ ਲੋਧੀ ਸ਼ਹਿਰ ਵਿਖੇ ਮੌਜੂਦਾ 2233 ਸਟਰੀਟ ਲਾਈਟ ਪੁਆਇੰਟ ਹਨ ਅਤੇ ਇਨ੍ਹਾਂ ਸਾਰੇ ਸਟਰੀਟ ਲਾਈਟ ਪੁਆਇੰਟਾਂ 'ਤੇ ਐਲ.ਈ.ਡੀ. ਲਾਈਟਾਂ ਲੱਗੀਆਂ ਹੋਈਆਂ ਹਨ। ਇਨ੍ਹਾਂ ਦੀ ਓਪਰੇਸ਼ਨ ਐਂਡ ਮੈਨਟੇਨੈਂਸ M/s White

Placard Technologies Pvt. Ltd. ਵੱਲੋਂ ਕੀਤੀ ਜਾਂਦੀ ਹੈ। ਸ਼ਹਿਰ ਵਾਸੀਆਂ ਵੱਲੋਂ ਜਦੋਂ ਵੀ ਸਟਰੀਟ ਲਾਈਟ ਬੰਦ ਹੋਣ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਤਾਂ ਕੰਪਨੀ ਉਸ ਨੂੰ 48 ਘੰਟੇ ਵਿੱਚ ਚਾਲੂ ਕਰਨ ਲਈ ਪਾਬੰਦ ਹੈ। ਧੰਨਵਾਦ ਜੀ। (ਥੰਪਿੰਗ)

---

**ਲਾਲ ਡੋਰਾ ਜਾਂ ਲਾਲ ਲਕੀਰ ਦੇ ਅੰਦਰ ਆਉਣ ਵਾਲੇ ਪਲਾਟਾਂ ਦੇ ਕਬਜ਼ਾਧਾਰਕਾਂ ਦੇ ਨਾਮ ਤੇ ਮਾਲਕਾਨਾ ਹੱਕ ਦੇਣਾ**

***1535. ਪ੍ਰੋ: ਜਸਵੰਤ ਸਿੰਘ ਗੱਜਣਮਾਜਰਾ (ਵਿਦਿਆਰਥੀ ਹਰਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੁਰਥਲਾ ਮੰਡੇਰ)** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲਾਲ ਡੋਰਾ ਜਾਂ ਲਾਲ ਲਕੀਰ ਦੇ ਅੰਦਰ ਆਉਣ ਵਾਲੇ ਪਲਾਟਾਂ ਦੇ ਕਬਜ਼ਾਧਾਰਕਾਂ ਦੇ ਨਾਮ 'ਤੇ ਮਾਲਕਾਨਾ ਹੱਕ ਕਦੋਂ ਤੱਕ ਦੇ ਦਿੱਤੇ ਜਾਣਗੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ (ਵਿਦਿਆਰਥਣ ਆਰੁਸ਼ੀ ਕੁਮਾਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਗਲੀ ਨੀਚੀ):** ਮਾਣਯੋਗ ਸਪੀਕਰ ਸਾਹਿਬ ਅਤੇ ਵਿਧਾਨ ਸਭਾ ਵਿੱਚ ਬੈਠੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਬਹੁਤ ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਸਾਰੇ ਵਿਦਿਆਰਥੀਆਂ ਦੇ ਵਿਚਾਰ ਇੱਥੇ ਪੇਸ਼ ਹੋਣਗੇ, ਜਿਵੇਂ ਕਿ ਤੁਸੀਂ ਸਾਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ, ਸਾਡੇ ਸੁਪਨਿਆਂ ਦੀ ਉਡਾਨ ਇੱਥੇ ਭਰੀ ਜਾਵੇਗੀ। ਮੇਰਾ ਨਾਮ ਆਰੁਸ਼ੀ ਹੈ। ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਗਲੀ ਨੀਚੀ ਦੀ ਵਿਦਿਆਰਥਣ ਹਾਂ। ਮੈਂ ਹਲਕਾ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ ਤੋਂ ਬਿਲੌਂਗ ਕਰਦੀ ਹਾਂ। ਸਾਡੇ ਹਲਕਾ ਐਮ.ਐਲ.ਏ. ਸਰਦਾਰ ਹਰਦੀਪ ਸਿੰਘ ਮੁੰਡੀਆਂ ਜੀ ਹਨ, ਅੱਜ ਮੈਂ ਉਨ੍ਹਾਂ ਦਾ ਰੋਲ ਇੱਥੇ ਅਦਾ ਕਰਾਂਗੀ।

ਪੇਂਡੂ ਖੇਤਰਾਂ ਦੇ ਲਾਲ ਡੋਰਾ ਜਾਂ ਲਾਲ ਲਕੀਰ ਦੇ ਅੰਦਰ ਆਉਣ ਵਾਲੇ ਪਲਾਟਾਂ ਦੇ ਕਬਜ਼ਾ ਧਾਰਕਾਂ ਨੂੰ ਮਾਲਕਾਨਾ ਹੱਕ ਦੇਣ ਲਈ ਪੰਜਾਬ ਰਾਜ ਵਿੱਚ 'ਮੇਰਾ ਘਰ ਮੇਰੇ ਨਾਮ (ਸਵਾਮਿਤਵਾ)' ਸਕੀਮ ਲਾਗੂ ਕੀਤੀ ਜਾ ਰਹੀ ਹੈ। ਇਹ ਕੇਂਦਰੀ ਸਕੀਮ ਮਾਰਚ, 2026 ਤੱਕ ਮੁਕੰਮਲ ਹੋਵੇਗੀ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

---

**MOTION UNDER RULE 16**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਨਿਯਮ 16 ਅਧੀਨ ਪ੍ਰਸਤਾਵ । ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਵਿਦਿਆਰਥੀ ਮਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਥਿਆਲ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਪ੍ਰਸਤਾਵ ਕੀਤਾ **-**

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਦੇ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

***ਪ੍ਰਸਤਾਵ ਪ੍ਰਵਾਨ ਹੋਇਆ / (ਥੰਪਿੰਗ)***

***--------***

**MATTERS RAISED DURING ZERO HOUR**

**ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ (ਬਟਾਲਾ) (ਵਿਦਿਆਰਥੀ ਸੰਚਿਤ ਸ਼ਰਮਾ, ਸਕੂਲ ਆਫ਼ ਐਮੀਨੈਂਸ, ਬਟਾਲਾ) :** ਮਾਣਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਇਸ ਪਵਿੱਤਰ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਸੰਚਿਤ ਸ਼ਰਮਾ, ਸਕੂਲ ਆਫ਼ ਐਮੀਨੈਂਸ, ਬਟਾਲਾ ਦਾ ਵਿਦਿਆਰਥੀ ਹਾਂ। ਅੱਜ ਮੈਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਜੀ ਦੀ ਭੂਮਿਕਾ ਨਿਭਾਉਣ ਜਾ ਰਿਹਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਵਿਚ ਮੇਰੇ ਹਲਕੇ ਦੇ ਵਿਰਾਸਤੀ ਤੇ ਪਵਿੱਤਰ ਸ਼ਹਿਰ ਬਟਾਲੇ ਦੀ ਗੱਲ ਰੱਖਣੀ ਚਹਾਂਗਾ। ਮਾਣਯੋਗ ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਬਟਾਲੇ ਦੀ ਵਿਰਾਸਤ ਨੂੰ ਵਿਸ਼ਵ ਪੱਧਰ ਤੇ ਉਭਾਰਨ ਲਈ ਕਈ ਯੋਗ ਉਪਰਾਲੇ ਕੀਤੇ ਜਾ ਰਹੇ ਹਨ ਪਰ ਫਿਰ ਵੀ ਮੈਂ ਸਬੰਧਤ ਮਾਣਯੋਗ ਮੰਤਰੀ ਸਾਹਿਬਾਨ ਦਾ ਧਿਆਨ ਆਪਣੇ ਹਲਕੇ ਦੇ ਵਿਰਾਸਤੀ ਸ਼ਹਿਰ ਬਟਾਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗਾ ਕਿ ਬਟਾਲਾ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ 109 ਸਾਲ ਪਹਿਲਾਂ ਵਸਿਆ ਸੀ। ਸਪੀਕਰ ਸਾਹਿਬ, 16ਵੀਂ ਸਦੀ ਤੱਕ ਪਹੁੰਚਦੇ ਪਹੁੰਚਦੇ ਬਟਾਲਾ ਸ਼ਹਿਰ ਲਾਹੌਰ ਸੂਬੇ ਤੋਂ ਬਾਅਦ ਦੂਸਰਾ ਸਭ ਤੋਂ ਵੱਡਾ ਤੇ ਮਹੱਤਵਪੂਰਣ ਸ਼ਹਿਰ ਬਣ ਚੁੱਕਿਆ ਸੀ। ਭਾਵੇਂ ਅਸੀਂ ਆਰਥਿਕ ਤੌਰ ਤੇ ਵੇਖੀਏ, ਰਾਜਨੀਤਕ ਤੌਰ ਤੇ ਵੇਖੀਏ ਤਾਂ ਬਟਾਲਾ ਲਾਹੌਰ ਤੋਂ ਬਾਅਦ ਦੂਸਰਾ ਸਭ ਤੋਂ ਵੱਡਾ ਤੇ ਮਹੱਤਵਪੂਰਣ ਸ਼ਹਿਰ ਬਣ ਚੁੱਕਿਆ ਸੀ। 18ਵੀਂ ਸਦੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਬਟਾਲੇ ਤੇ ਆਪਣਾ ਰਾਜ ਕਾਇਮ ਕੀਤਾ, ਜਿਸ ਤੋਂ ਬਾਅਦ ਕਨੱਈਆ ਮਿਸਲ ਦੇ ਰਾਜ ਵਿਚ ਬਟਾਲਾ ਸ਼ਹਿਰ ਬਹੁਤ ਵਿਕਸਤ ਹੋਇਆ। ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗਾ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਵਿਆਹ ਵੀ ਬਟਾਲੇ ਸ਼ਹਿਰ ਦੀ ਮਹਾਰਾਣੀ ਸਦਾ ਕੌਰ ਦੀ ਸਪੁੱਤਰੀ ਮਹਿਤਾਬ ਕੌਰ ਨਾਲ ਹੋਇਆ, ਜਿਨ੍ਹਾਂ ਦੇ ਸਪੁੱਤਰ ਮਹਾਰਾਜਾ ਸ਼ੇਰ ਸਿੰਘ ਸਨ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀ ਗੱਲ ਰੱਖੋ।

**ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ (ਵਿਦਿਆਰਥੀ ਸੰਚਿਤ ਸ਼ਰਮਾ):** ਮਾਣਯੋਗ ਸਪੀਕਰ ਸਾਹਿਬ, ਮੇਰੇ ਕਹਿਣ ਤੋਂ ਭਾਵ ਹੈ ਕਿ ਮਹਾਰਾਜਾ ਸ਼ੇਰ ਸਿੰਘ ਦਾ ਵਿਰਾਸਤੀ ਮਹਿਲ ਜੋ ਕਿ ਬਟਾਲਾ ਵਿਖੇ ਮੌਜੂਦ ਹੈ। 16ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਦੀਆਂ ਵਿਰਾਸਤੀ ਇਮਾਰਤਾਂ ਨੂੰ ਸੰਭਾਲਣ ਲਈ ਨਵੇਂ ਉਪਰਾਲੇ ਕੀਤੇ ਜਾਣ ਤਾਂ ਜੋ ਬਟਾਲੇ ਦੀ ਅਮੀਰ ਵਿਰਾਸਤ ਲੋਕਾਂ ਦੇ ਸਾਹਮਣੇ ਆਵੇ ਅਤੇ ਸਾਡੇ ਯੂਥ ਨੂੰ ਬਟਾਲੇ ਦੀ ਇਤਿਹਾਸਕ ਵਿਰਾਸਤ ਬਾਰੇ ਪਤਾ ਲੱਗ ਸਕੇ। ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਵਿਚ ਕਹਿਣਾ ਚਾਹਾਂਗਾ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਸਤੇ ਲੋੜੀਂਦੀ ਵੱਧ ਤੋਂ ਵੱਧ ਮਦਦ, ਜੋ ਮੇਰੇ ਹਲਕੇ ਦੀ ਵਿਰਾਸਤ ਨੂੰ ਹੋਰ ਵਧਾਉਣ ਲਈ ਮਦਦਯੋਗ ਹੋ ਸਕਦੀ ਹੈ, ਉਹ ਕੀਤੀ ਜਾਵੇ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕੋਈ ਹੋਰ ਮੈਂਬਰ, ਆਪਣੇ ਹਲਕੇ ਦੀ ਗੱਲ ਰੱਖਣੀ ਚਾਹੁੰਦਾ ਹੋਵੇ?

**ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ (ਅਮਲੋਹ) (ਵਿਦਿਆਰਥੀ ਸ੍ਰੀ ਸਿਮਰਨਜੀਤ ਸਿੰਘ, ਸਕੂਲ ਆਫ ਐਮੀਨੈਂਸ (ਲੜਕੇ) ਅਮਲੋਹ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਜੋ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ, ਬੜੇ ਹੀ ਮਾਣ ਵਾਲੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੇ ਚੱਲਦੇ ਮੇਰੇ ਹਲਕੇ ਵਿੱਚ ਬਹੁਤ ਹੀ ਸੁਧਾਰ ਕੀਤਾ ਗਿਆ ਹੈ। ਸਿੱਖਿਆ ਦਾ ਮਿਆਰ ਉਚਾ ਚੁੱਕਣ ਲਈ ਸਕੂਲ ਆਫ ਐਮੀਨੈਂਸ ਦੀ ਬਿਲਡਿੰਗ ਦਾ ਨਿਰਮਾਣ ਕਰਵਾਇਆ ਗਿਆ ਹੈ। ਹਰ ਇੱਕ ਬਲਾਕ ਦੇ ਵਿੱਚ ਮੁਹੱਲਾ ਕਲੀਨਿਕ ਵੀ ਖੋਲੇ ਗਏ ਹਨ। ਪਰ ਕੁਝ ਐਸੀਆਂ ਵੀ ਸਮੱਸਿਆਵਾਂ ਹਨ, ਜਿਨ੍ਹਾਂ ਦੇ ਚੱਲਦੇ ਮੇਰੇ ਹਲਕੇ ਦੇ ਲੋਕ ਬਹੁਤ ਹੀ ਪਰੇਸ਼ਾਨ ਹੋ ਰਹੇ ਹਨ। ਪਹਿਲੀ ਸਮੱਸਿਆ ਇਹ ਹੈ ਕਿ ਮੇਰੇ ਹਲਕੇ ਅਮਲੋਹ ਨੂੰ 96 ਪਿੰਡ ਲੱਗਦੇ ਹਨ। 96 ਪਿੰਡਾਂ ਵਿੱਚੋਂ ਜੇਕਰ ਕਿਸੇ ਨੇ ਦਿੱਲੀ ਏਅਰਪੋਰਟ ਜਾਣਾ ਹੋਵੇ ਤਾਂ ਉਨ੍ਹਾਂ ਨੂੰ ਮੰਡੀ ਗੋਬਿੰਦਗੜ੍ਹ ਦੇ ਟਰੈਫਿਕ ਅਤੇ ਪ੍ਰਦੂਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਅਤੇ ਸਰਕਾਰ ਦਾ ਵੀ ਇਸ ਵੱਲ ਧਿਆਨ ਦਿਵਾਉਣਾ ਚਾਹਾਂਗਾ ਕਿ ਮੇਰੇ ਹਲਕੇ ਦੇ 96 ਪਿੰਡਾਂ ਵਿੱਚੋਂ ਇੱਕ ਬਾਈ-ਪਾਸ ਕੱਢਿਆ ਜਾਵੇ ਜੋ ਕਿ ਸਿੱਧਾ ਸਰਹਿੰਦ-ਰਾਜਪੁਰਾ ਰੋਡ ਨਾਲ ਲਿੰਕ ਹੋਵੇ ਤਾਂ ਜੋ ਮੇਰੇ ਹਲਕੇ ਦੇ ਲੋਕਾਂ ਨੂੰ ਮੰਡੀ ਗੋਬਿੰਦਗੜ੍ਹ ਦੇ ਪ੍ਰਦੂਸ਼ਣ ਅਤੇ ਟਰੈਫਿਕ ਦਾ ਸਾਹਮਣਾ ਨਾ ਕਰਨਾ ਪਵੇ। ਦੂਜੀ ਸਮੱਸਿਆ ਇਹ ਹੈ ਕਿ ਮੇਰੇ ਹਲਕੇ ਦੇ ਵਿੱਚੋਂ ਬਹੁਤ ਹੀ ਇੰਟਰਨੈਸ਼ਨਲ ਅਤੇ ਨੈਸ਼ਨਲ ਖਿਡਾਰੀ ਨਿਕਲੇ ਹਨ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹਾਂਗਾ ਕਿ ਮੇਰੇ ਹਲਕੇ ਦੇ ਵਿੱਚ ਜਿੰਨੇ ਵੀ ਪਿੰਡ ਹਨ, ਉਨ੍ਹਾਂ ਦੇ ਵਿੱਚ ਗਰਾਉਂਡਾਂ ਦਾ ਨਿਰਮਾਣ ਕੀਤਾ ਜਾਵੇ। ਮੇਰੇ ਹਲਕੇ ਦੇ ਵਿੱਚ ਸਟਰੀਟ ਲਾਈਟਾਂ ਦੀ ਬਹੁਤ ਕਮੀ ਹੈ, ਉਹ ਲਗਾਈਆਂ ਜਾਣ ਤਾਂ ਜੋ ਮੇਰੇ ਹਲਕੇ ਦੇ ਲੋਕਾਂ ਨੂੰ ਆਉਣ ਜਾਣ ਵਿੱਚ ਕੋਈ ਪਰੇਸ਼ਾਨੀ ਨਾ ਹੋਵੇ। ਮੰਡੀ ਗੋਬਿੰਦਗੜ੍ਹ ਦੇ ਟਰੱਕਾਂ ਲਈ ਵੱਖਰੀ ਰੋਡ ਅਤੇ ਸ਼ਹਿਰ ਤੋਂ ਬਾਹਰ ਇੱਕ ਯਾਰਡ ਬਣਾਇਆ ਜਾਵੇ ਜੋ ਕਿ ਟਰੈਫਿਕ ਦੇ ਘੱਟ ਹੋਣ ਵਿੱਚ ਮਦਦ ਕਰੇਗਾ ਅਤੇ ਪ੍ਰਦੂਸ਼ਣ ਵੀ ਘੱਟ ਹੋਵੇਗਾ। ਧੰਨਵਾਦ ਸਪੀਕਰ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁੱਲਥ) ( ਵਿਦਿਆਰਥੀ ਸ੍ਰੀ ਆਕਾਸ਼ਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਮੀਦੀ)** ਮਾਣਯੋਗ ਸਪੀਕਰ ਸਾਹਿਬ, ਸਾਡੇ ਹਲਕੇ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਸਪੀਕਰ ਸਾਹਿਬ, ਸਾਡੇ ਹਲਕੇ ਦੇ ਨੌਜਵਾਨ ਨਸ਼ੇ ਦੀ ਮਾਰ ਹੇਠ ਹਨ। ਮੇਰੇ ਵੱਲੋਂ ਸਰਕਾਰ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਉਹ ਨੌਜਵਾਨਾਂ ਦੀ ਕਾਉਂਸਲਿੰਗ ਕਰਨ, ਸਮਝਾਉਣ ਅਤੇ ਰੁਜ਼ਗਾਰ ਦੇ ਸਾਧਨ ਪੈਦਾ ਕਰਨ। ਸਾਡੇ ਹਲਕੇ ਵਿੱਚ ਖਾਸ ਤੌਰ ਤੇ ਡਾਕਟਰਾਂ ਦੀ ਬਹੁਤ ਕਮੀ ਹੈ, ਇੱਕ ਆਮ ਇਨਸਾਨ ਪ੍ਰਾਈਵੇਟ ਸਿਹਤ ਪ੍ਰਣਾਲੀ ਵਿੱਚ ਨਹੀਂ ਜਾ ਸਕਦਾ ਹੈ। ਸਾਡੇ ਸਕੂਲਾਂ ਵਿੱਚ ਵੀ ਸਟਾਫ ਦੀ ਬਹੁਤ ਕਮੀ ਹੈ। ਸਕੂਲਾਂ ਵਿੱਚ 50% ਟੀਚਰਜ਼ ਘੱਟ ਹਨ। ਸਾਡੇ ਸੜਕਾਂ ਦਾ ਨੈੱਟਵਰਕ ਵੀ ਬਹੁਤ ਮਾੜਾ ਹੈ। ਸਰਕਾਰੀ ਦਫਤਰਾਂ ਵਿੱਚ ਪੈਸਿਆਂ ਦੀ ਲੁੱਟ-ਖਸੁੱਟ ਦੀ ਬਹੁਤ ਸ਼ਿਕਾਇਤਾਂ ਆ ਰਹੀਆਂ ਹਨ। ਧੰਨਵਾਦ ਜੀ।

**ਸਰਦਾਰ ਹਰਮੀਤ ਸਿੰਘ ਸੰਧੂ (ਤਰਨ ਤਾਰਨ) (ਵਿਦਿਆਰਥੀ ਰੁਪਿੰਦਰ ਕੌਰ, ਸ੍ਰੀ ਗੁਰੂ ਅਰਜਨ ਦੇਵ ਸਰਕਾਰੀ (ਕੰਨਿਆ) ਸੀਨੀਅਰ ਸੈਕੰਡਰੀ ਸਕੂਲ, ਤਰਨਤਾਰਨ)** : ਮਾਣਯੋਗ ਸਪੀਕਰ ਸਾਹਿਬ, ਅੱਜ ਇਸ ਪਵਿੱਤਰ ਸਦਨ ਰਾਹੀਂ ਮੈਂ ਆਪਣੇ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਦੀ ਚਿਰੋਕਣੀ ਪੁਰਾਣੀ ਮੰਗ ਆਪ ਜੀ ਦੇ ਅੱਗੇ ਰੱਖਣਾ ਚਾਹੁੰਦੀ ਹਾਂ। ਸ੍ਰੀ ਤਰਨ ਤਾਰਨ ਸਾਹਿਬ ਸ਼ਹਿਰ ਦਾ ਸਭ ਤੋਂ ਪੁਰਾਣਾ ਲੜਕੀਆਂ ਦਾ ਸਕੂਲ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਜੋ ਕਿ ਪੰਜਾਬ ਦੇ ਪੁਰਾਣੇ ਸਕੂਲਾਂ ਵਿੱਚੋਂ ਇੱਕ ਹੈ ਅਤੇ ਇਹ 1880 ਤੋਂ ਇਸ ਸ਼ਹਿਰ ਵਿੱਚ ਚੱਲਦਾ ਆ ਰਿਹਾ ਹੈ। ਇਸ ਸਕੂਲ ਨੇ ਵੱਖ-ਵੱਖ ਖੇਤਰਾਂ ਅਤੇ ਅਕਾਦਮਿਕ ਪੱਧਰ ਤੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖਿਡਾਰਨਾਂ ਪੈਦਾ ਕੀਤੀਆਂ ਹਨ। ਇਸ ਸਕੂਲ ਵਿੱਚ 2500 ਦੇ ਕਰੀਬ ਵਿਦਿਆਰਥਣਾਂ ਸਿੱਖਿਆ ਗ੍ਰਹਿਣ ਕਰ ਰਹੀਆਂ ਹਨ। ਸਕੂਲ

ਦੀ ਫਰੰਟ ਵਾਲੀ ਬਿਲਡਿੰਗ ਪਿਛਲੇ 100 ਸਾਲ ਤੋਂ ਕਿਰਾਏ ਤੇ ਹੈ। ਇਸ ਬਿਲਡਿੰਗ ਨੂੰ ਖਾਲੀ ਕਰਵਾਉਣ ਲਈ ਟਰੱਸਟੀ ਨੇ ਸਕੂਲ ਤੇ ਕੇਸ ਕੀਤਾ ਹੋਇਆ ਹੈ। ਸਕੂਨ ਦੇ ਅੰਦਰ ਬਾਹਰ ਜਾਣ ਦਾ ਇੱਕੋ-ਇੱਕ ਲਾਂਘਾ ਹੈ ਜੋ ਕਿ ਇਸੇ ਬਿਲਡਿੰਗ ਵਿੱਚ ਆਉਂਦਾ ਹੈ। ਇਹ ਮਾਮਲਾ ਸਿੱਖਿਆ ਵਿਭਾਗ ਵਿੱਚ ਪਹੁੰਚਾਇਆ ਗਿਆ ਹੈ ਪਰ ਇਸ ਸਬੰਧੀ ਕੋਈ ਖਾਸ ਕਾਰਵਾਈ ਨਹੀਂ ਹੋਈ ਹੈ। ਮੇਰੀ ਆਪ ਜੀ ਨੂੰ ਇਸ ਸਦਨ ਰਾਹੀਂ ਇਹ ਬੇਨਤੀ ਹੈ ਕਿ ਸਰਕਾਰ ਇਸ ਬਿਲਡਿੰਗ ਨੂੰ ਖਰੀਦ ਕੇ ਸਕੂਲ ਨੂੰ ਦੇ ਦੇਵੇ ਤਾਂ ਜੋ ਸ੍ਰੀ ਤਰਨਤਾਰਨ ਸਾਹਿਬ ਅਤੇ ਆਸ ਪਾਸ ਦੇ ਕਈ ਪਿੰਡਾਂ ਦੇ ਗਰੀਬ ਘਰਾਂ ਦੀਆਂ ਧੀਆਂ ਬਿਨਾ ਰੋਕ-ਟੋਕ ਆਪਣੀ ਸਿੱਖਿਆ ਪ੍ਰਾਪਤ ਕਰ ਸਕਣ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ)** : ਮਾਣਯੋਗ ਸਪੀਕਰ ਸਾਹਿਬ, ਅੱਜ ਮੈਂ ਇਸ ਜ਼ੀਰੋ ਆਵਰ ਵਿੱਚ ਤੁਹਾਡਾ ਧਿਆਨ ਐਜੂਕੇਸ਼ਨ ਵੱਲ ਦਿਵਾਉਣਾ ਚਾਹੁੰਦਾ ਹੈ। ਦਿਨ ਪ੍ਰਤੀ ਦਿਨ ਸਾਡਾ ਐਜੂਕੇਸ਼ਨ ਦਾ ਪੱਧਰ ਥੱਲੇ ਡਿੱਗਦਾ ਜਾ ਰਿਹਾ ਹੈ। According to Education Minister, They said "Our education is rising day by day". ਪਰ ਮੈਨੂੰ ਅਜਿਹਾ ਨਹੀਂ ਲੱਗਦਾ ਹੈ। ਸਾਡਾ ਐਜੂਕੇਸ਼ਨ ਦਾ ਪੱਧਰ ਦਿਨ ਪ੍ਰਤੀ ਦਿਨ ਥੱਲੇ ਜਾ ਰਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਜੇਕਰ ਸਾਡੀ ਐਜੂਕੇਸ਼ਨ ਉਤੇ ਜਾ ਰਹੀ ਹੈ ਤਾਂ ਸਾਨੂੰ ਇਸ ਦੇ ਰਿਜ਼ਲਟ ਵੀ ਦਿਖਣੇ ਚਾਹੀਦੇ ਹਨ, ਜੋ ਕਿ ਸਾਨੂੰ ਨਹੀਂ ਦਿਸ ਰਹੇ। ਸਾਡੇ ਨੌਜਵਾਨ ਨੂੰ ਵੱਡੇ ਅਹੁਦਿਆਂ ਤੇ ਜਾਣਾ ਚਾਹੀਦਾ ਹੈ, ਆਈ.ਏ.ਐਸ. ਬਣਨਾ ਚਾਹੀਦਾ ਹੈ, ਆਈ.ਪੀ.ਐਸ. ਬਣਨਾ ਚਾਹੀਦਾ ਹੈ, ਪਾਲੀਟਿਕਸ ਵਿੱਚ ਆਉਣਾ ਚਾਹੀਦਾ ਹੈ। ਪਰੰਤੂ ਅਸੀਂ ਦੇਖਦੇ ਹਾਂ ਕਿ ਪੱਛੜੀਆਂ ਸਟੇਟਾਂ ਜੋ ਪਿਛਲੇ ਸਮੇਂ ਵਿੱਚ ਕਾਫੀ ਹੇਠਾਂ ਸਨ, ਉਹ ਅੱਜ ਵੱਡੇ ਮੁਕਾਮਾਂ ਤੇ ਪਹੁੰਚੀਆਂ ਹੋਈਆਂ ਹਨ। ਜੇਕਰ ਅਸੀਂ ਕਹਿੰਦੇ ਹਾਂ ਕਿ ਪੰਜਾਬ ਦੀ ਐਜੂਕੇਸ਼ਨ ਉਪਰ ਜਾ ਰਹੀ ਹੈ ਤਾਂ ਪੰਜਾਬ ਦੇ ਨੌਜਵਾਨਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਸੀ, ਪਰ ਸਾਨੂੰ ਅਜਿਹਾ ਨਹੀਂ ਦਿਸ ਰਿਹਾ। ਸਗੋਂ ਸਾਡੀ ਨੌਜਵਾਨ ਪੀੜ੍ਹੀ ਅੱਜ ਨਸ਼ਿਆਂ ਦੀ ਲਪੇਟ ਵਿੱਚ ਆ ਗਈ ਹੈ। ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਦੇ ਦਲਦਲ ਵਿੱਚ ਫਸਦੀ ਜਾ ਰਹੀ ਹੈ। ਮੈਂ ਮਾਣਯੋਗ ਸਿੱਖਿਆ ਮੰਤਰੀ ਜੀ ਦਾ ਧਿਆਨ ਇਸ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਆਪਾਂ ਆਪਣੀ ਸਿੱਖਿਆ ਪ੍ਰਣਾਲੀ ਨੂੰ ਇਸ ਤਰ੍ਹਾਂ ਪ੍ਰਫੁੱਲਤ ਕਰ ਸਕੀਏ ਕਿ ਆਪਣਾ ਆਉਣ ਵਾਲਾ ਭਵਿੱਖ ਸੰਵਾਰ ਸਕੀਏ ਤਾਂ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੀ ਵੱਡੇ ਅਹੁਦਿਆਂ, ਆਈ.ਏ.ਐਸ. ਵਰਗੇ ਵੱਡੇ ਅਹੁਦਿਆਂ ਤੇ ਪਹੁੰਚ ਸਕਣ। ਇੱਥੇ ਵੀ ਜਿੰਨੇ ਮਾਣਯੋਗ ਮੈਂਬਰ ਬੈਠੇ ਹਨ ਉਨ੍ਹਾਂ ਵਿੱਚੋਂ ਜ਼ਿਆਦਾਤਰ ਅਜਿਹੇ ਹਨ ਜਿਹੜੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹੇ ਹਨ। ਇਨ੍ਹਾਂ ਦਾ ਬੇਸ ਆਲਰੇਡੀ ਸਟਰੌਂਗ ਬਣਿਆ ਹੋਇਆ ਹੈ। ਮੈਨੂੰ ਨਹੀਂ ਲੱਗਦਾ ਕਿ ਜਿਸ ਬੱਚੇ ਦਾ ਬੇਸ ਸਰਕਾਰੀ ਸਕੂਲ ਦਾ ਹੋਵੇਗਾ ਉਹ ਕਾਮਯਾਬ ਹੋਇਆ ਹੋਵੇਗਾ।

**ਸ੍ਰੀ ਅਮਿਤ ਰਤਨ ਕੋਟਫੱਤਾ (ਬਠਿੰਡਾ ਦਿਹਾਤੀ, ਐਸ.ਸੀ.) (ਵਿਦਿਆਰਥੀ ਜਸ਼ਨਪ੍ਰੀਤ ਸ਼ਰਮਾ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਘੁੱਦਾ)** : ਮੈਂ ਆਪ ਜੀ ਦਾ ਅਤੇ ਮੁੱਖ ਮੰਤਰੀ ਸਾਹਿਬ ਦਾ ਧਿਆਨ ਮੇਰੇ ਹਲਕੇ ਦੇ ਇੱਕ ਅਹਿਮ ਮੁੱਦੇ ਵੱਲ ਦਿਵਾਵਾਂਗਾ। ਮਾਣਯੋਗ ਸਪੀਕਰ ਸਾਹਿਬ, ਦੋ ਸਪੋਰਟਸ ਸਕੂਲ ਹਨ, ਇੱਕ ਜਲੰਧਰ ਵਿਖੇ ਅਤੇ ਇੱਕ ਮੇਰੇ ਹਲਕੇ ਦੇ ਪਿੰਡ ਘੁੱਦਾ ਵਿਖੇ। ਇਹ ਦੋਨੋਂ ਸਕੂਲ, ਪੰਜਾਬ ਦਾ ਨਾਂ ਦੇਸ਼ ਹੀ ਨਹੀਂ ਬਲਕਿ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੱਕ ਲਿਜਾਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਦੋਨਾਂ ਸਕੂਲਾਂ ਨੇ ਪਿਛਲੇ ਸਮੇਂ ਦੌਰਾਨ ਰਾਜ ਅਤੇ ਨੈਸ਼ਨਲ ਪੱਧਰ ਦੇ ਕਈ ਖਿਡਾਰੀ ਪੈਦਾ ਕੀਤੇ ਹਨ। ਮਾਣਯੋਗ ਸਪੀਕਰ ਸਾਹਿਬ, ਮੇਰੇ ਹਲਕੇ ਦੇ ਪਿੰਡ ਘੁੱਦਾ ਦੇ ਇਸ ਸਕੂਲ ਨੂੰ ਫੰਡਾਂ ਦੀ ਬਹੁਤ ਲੋੜ ਹੈ। ਬੇਸ਼ੱਕ ਪਿਛਲੇ ਦਿਨੀਂ ਸਰਕਾਰ ਵੱਲੋਂ 5 ਕਰੋੜ ਦੀ ਗਰਾਂਟ ਜਾਰੀ ਕਰ ਦਿੱਤੀ ਗਈ ਹੈ ਪਰੰਤੂ ਮਾਣਯੋਗ ਸਪੀਕਰ

ਸਾਹਿਬ, ਮੁੱਖ ਮੰਤਰੀ ਸਾਹਿਬ, ਸਿੱਖਿਆ ਮੰਤਰੀ ਸਾਹਿਬ, ਵਿੱਤ ਮੰਤਰੀ ਸਾਹਿਬ, ਇਸ ਪਾਸੇ ਥੋੜ੍ਹੀ ਜਿਹੀ ਹੋਰ ਖੁੱਲ੍ਹੀ ਨਜ਼ਰ ਮਾਰੀ ਜਾਵੇ। ਜਿਵੇਂ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਬੈਠੋ ਜੀ। ਧੰਨਵਾਦ। (ਥੰਪਿੰਗ)

---

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਅੱਜ ਦੀ ਸਦਨ ਦੀ ਕਾਰਵਾਈ ਦੇਖਣ ਲਈ ਪੱਤਰਕਾਰ ਸ੍ਰੀ ਗੁਰਿੰਦਰ ਸਿੰਘ ਮਹਿੰਦੀਰੱਤਾ ਜੀ ਆਏ ਹਨ, ਆਓ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

## CALLING ATTENTION NOTICES UNDER RULE 66
**(ਕ੍ਰਮ ਨੰ: 1)**

**ਡਾਕਟਰ ਵਿਜੈ ਸਿੰਗਲਾ (ਵਿਦਿਆਰਥੀ ਜਸਪ੍ਰੀਤ ਸਿੰਘ, ਭਾਈ ਬਹਿਲੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਫੜੇ ਭਾਈਕੇ (ਮੁੰਡੇ), ਮਾਨਸਾ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਮੈਂ ਜਸਪ੍ਰੀਤ ਸਿੰਘ, ਭਾਈ ਬਹਿਲੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਫੜੇ ਭਾਈਕੇ (ਮੁੰਡੇ) ਦਾ ਵਿਦਿਆਰਥੀ ਹਾਂ ਅਤੇ ਮੇਰਾ ਹਲਕਾ ਮਾਨਸਾ ਹੈ ਤੇ ਅੱਜ ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਡਾਕਟਰ ਵਿਜੈ ਸਿੰਗਲਾ ਜੀ ਦਾ ਰੋਲ ਅਦਾ ਕਰਨ ਆਇਆ ਹਾਂ। ਮਾਣਯੋਗ ਸਪੀਕਰ ਸਾਹਿਬ, ਮੇਰਾ ਸ਼ਹਿਰ ਮਾਨਸਾ ਜੋ ਕਿ ਜ਼ਿਲ੍ਹਾ ਹੈਡਕੁਆਟਰ ਹੈ ਵਿਖੇ ਸੀਵਰੇਜ਼ ਸਿਸਟਮ ਦਾ ਬਹੁਤ ਬੁਰਾ ਹਾਲ ਹੈ ਅਤੇ ਸੀਵਰੇਜ਼ ਦਾ ਪਾਣੀ ਓਵਰਫਲੋਅ ਹੋ ਕੇ ਗਲੀਆਂ ਤੇ ਬਜ਼ਾਰ ਵਿੱਚ ਫੈਲ ਰਿਹਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਜੋ ਬਿਜ਼ਨਸ ਵਿੱਚ ਲਿਖਿਆ ਹੈ, ਉਹੀ ਪੜ੍ਹੋ।

**ਡਾਕਟਰ ਵਿਜੈ ਸਿੰਗਲਾ (ਵਿਦਿਆਰਥੀ ਜਸਪ੍ਰੀਤ ਸਿੰਘ)**: ਹਾਂ ਜੀ, ਹਾਂ ਜੀ, ਉਹੀ ਪੜ੍ਹ ਰਿਹਾ ਹਾਂ। ਜੋ ਕਿ ਡੇਂਗੂ, ਮਲੇਰੀਆ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਸੀਵਰੇਜ਼ ਟਰੀਟਮੈਂਟ ਪਲਾਂਟ ਦੇ ਟੋਭੇ ਦੀ ਕਪੈਸਿਟੀ ਬਹੁਤ ਘੱਟ ਹੈ ਅਤੇ ਨੇੜੇ ਲਗਦੇ ਤਲਵੰਡੀ ਸਾਬੋ ਪਾਵਰ ਪਲਾਂਟ ਜੋ ਕਿ ਲਗਭਗ 30 ਏਕੜ ਪਾਣੀ ਸਿੰਚਾਈ ਯੋਗ ਵਰਤ ਰਿਹਾ ਹੈ ਵੱਲੋਂ ਪਾਣੀ ਨਾ ਲੈਣ ਕਰਕੇ ਸ਼ਹਿਰ ਦਾ ਬਹੁਤ ਬੁਰਾ ਹਾਲ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਥਾਨਕ ਸਰਕਾਰ ਮੰਤਰੀ (ਡਾਕਟਰ ਰਵਜੋਤ ਸਿੰਘ) (ਵਿਦਿਆਰਥੀ ਮਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਥਿਆਲ):** ਹਾਂ ਜੀ, ਮਾਨਸਾ ਸ਼ਹਿਰ ਵਿਖੇ ਸੀਵਰ ਦੀ ਸਮੱਸਿਆ ਹੈ, ਜਿਸ ਦਾ ਮੁੱਖ ਕਾਰਨ ਮਾਨਸਾ ਸ਼ਹਿਰ ਦੇ ਨਜ਼ਦੀਕ ਸੀਵਰੇਜ਼ ਦੇ ਪਾਣੀ ਦੀ ਨਿਕਾਸੀ ਲਈ ਕੋਈ ਵੀ ਡਰੇਨ ਦਾ ਮੌਜੂਦ ਨਾ ਹੋਣਾ ਹੈ। ਸੀਵਰ ਦਾ ਪਾਣੀ ਸੋਧ ਕੇ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ। ਜਿਸ ਸਮੇਂ ਫਸਲਾਂ ਨੂੰ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ, ਉਸ ਸਮੇਂ ਸੀਵਰੇਜ਼ ਦੇ ਸਾਫ ਕੀਤੇ ਹੋਏ ਪਾਣੀ ਨੂੰ ਇੱਕ ਟੋਭੇ ਵਿੱਚ ਸਟੋਰ ਕੀਤਾ ਜਾਂਦਾ ਹੈ, ਜਿਸ ਦੀ ਸਮਰੱਥਾ ਬਰਸਾਤਾਂ ਦੇ ਦੌਰਾਨ ਸਿਰਫ ਇੱਕ ਦਿਨ ਦੀ ਹੈ। ਇਸ ਲਈ ਸੀਵਰੇਜ਼ ਦਾ ਪਾਣੀ ਸੀਵੇਜ਼ ਟ੍ਰੀਟਮੈਂਟ ਪਲਾਂਟ ਤੋਂ ਸਰਹੰਦ ਚੋ ਡਰੇਨ ਤੱਕ ਲਿਜਾਉਣ ਲਈ 14.76 ਕਿਲੋਮੀਟਰ

ਰਾਇਜ਼ਿੰਗ ਮੇਨ ਦਾ 56.41 ਕਰੋੜ ਰੁਪਏ ਦਾ ਐਸਟੀਮੇਟ ਤਿਆਰ ਕੀਤਾ ਗਿਆ ਹੈ। ਇਸ ਕੰਮ ਲਈ ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ 18 ਮਹੀਨਿਆਂ ਵਿੱਚ ਪੂਰਾ ਕਰ ਦਿੱਤਾ ਜਾਵੇਗਾ।

ਜਿੱਥੋਂ ਤੱਕ ਸੋਧੇ ਹੋਏ ਸੀਵਰ ਦੇ ਪਾਣੀ ਨੂੰ ਤਲਵੰਡੀ ਸਾਬੋ ਪਾਵਰ ਪਲਾਂਟ ਲਿਮਟਿਡ ਵੱਲੋਂ ਵਰਤੋਂ ਵਿੱਚ ਲਿਆਉਣ ਦਾ ਸਬੰਧ ਹੈ, ਇਸ ਸਬੰਧੀ ਤਲਵੰਡੀ ਸਾਬੋ ਪਾਵਰ ਪਲਾਂਟ ਲਿਮਟਿਡ (ਟੀ.ਐਸ.ਪੀ.ਐੱਲ.) ਵੱਲੋਂ ਲਗਾਏ ਗਏ ਸਲਾਹਕਾਰ ਦੀ ਫਿਜ਼ੀਬਿਲਟੀ ਰਿਪੋਰਟ ਅਤੇ ਨਿਯਮਾਂ ਦੇ ਅਨੁਸਾਰ, ਮਾਨਸਾ ਵਿਖੇ 14 ਮਿਲੀਅਨ ਲੀਟਰ ਪ੍ਰਤੀ ਦਿਨ ਸਮਰੱਥਾ ਦਾ ਸੀਵੇਜ਼ ਟ੍ਰੀਟਮੈਂਟ ਪਲਾਂਟ, ਤਲਵੰਡੀ ਸਾਬੋ, ਪਾਵਰ ਪਲਾਂਟ ਦੀ 30% ਪਾਣੀ ਦੀ ਲੋੜ ਨੂੰ ਪੂਰਾ ਨਹੀਂ ਕਰ ਸਕਦਾ ਹੈ। ਇਸ ਕਾਰਨ ਤਲਵੰਡੀ ਸਾਬੋ ਪਾਵਰ ਪਲਾਂਟ ਲਈ ਇਸ ਦੀ ਵਰਤੋਂ ਕਰਨਾ ਸੰਭਵ ਨਹੀਂ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਡਾਕਟਰ ਵਿਜੈ ਸਿੰਗਲਾ ਜੀ, ਕੀ ਕੋਈ ਸਪਲੀਮੈਂਟਰੀ ਹੈ?

**ਡਾਕਟਰ ਵਿਜੈ ਸਿੰਗਲਾ (ਵਿਦਿਆਰਥੀ ਸ਼੍ਰੀ ਜਸਪ੍ਰੀਤ ਸਿੰਘ)**: ਨਹੀਂ ਜੀ।

-----

**(ਕ੍ਰਮ ਨੰ: 2)**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਜੋ ਬਿਜ਼ਨਸ ਵਿੱਚ ਲਿਖਿਆ ਗਿਆ ਹੈ, ਉਹ ਪੂਰਾ ਪੜ੍ਹਨਾ ਹੈ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਵਿਦਿਆਰਥੀ ਹੁਸਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜ਼ੜੋਤ):** ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ। ਮੈਂ ਅੱਜ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਜਲ ਸਰੋਤ ਮੰਤਰੀ ਜੀ ਦਾ ਧਿਆਨ ਮੇਰੇ ਹਲਕੇ ਡੇਰਾਬੱਸੀ ਅਤੇ ਰਾਜਪੁਰਾ ਵਿੱਚ ਪਾਣੀ ਦੇ ਘੱਟ ਰਹੇ ਪੱਧਰ ਦੇ ਮੱਦੇਨਜ਼ਰ ਸ਼੍ਰੀ ਦਸ਼ਮੇਸ਼ ਕਨਾਲ ਪ੍ਰੋਜੈਕਟ ਨੂੰ ਮੁੜ ਸੁਰਜੀਤ ਕਰਨ ਦੀ ਜ਼ਰੂਰਤ ਵੱਲ ਦਿਵਾਉਣਾ ਚਾਹੁੰਦਾ ਹਾਂ।

ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਡੇਰਾਬੱਸੀ, ਰਾਜਪੁਰਾ ਤੇ ਹੋਰ ਹਲਕਿਆਂ ਦੇ ਇਲਾਕਿਆਂ ਵਿੱਚ ਵੀ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ ਜਿਸ ਕਾਰਨ ਇਨ੍ਹਾਂ ਇਲਾਕਿਆਂ ਦੇ ਲੋਕਾਂ ਲਈ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਇਹ ਸਮੱਸਿਆ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਸਕਦੀ ਹੈ। ਜਿਸ ਦਾ ਸਮੇਂ ਸਿਰ ਕੋਈ ਨਾ ਕੋਈ ਹੱਲ ਹੋਣਾ ਬਹੁਤ ਲਾਜ਼ਮੀ ਹੈ। ਇਲਾਕੇ ਦੇ ਲੋਕਾਂ ਨੂੰ ਖੇਤੀਬਾੜੀ ਤੇ ਪੀਣ ਲਈ ਨਹਿਰੀ ਪਾਣੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਲੇਕਿਨ ਇਲਾਕੇ ਦੇ ਲੋਕਾਂ ਨੂੰ ਨਹਿਰੀ ਪਾਣੀ ਨਾ ਮਿਲਣ ਕਾਰਨ ਲੋਕਾਂ ਵਿੱਚ ਬਹੁਤ ਜ਼ਿਆਦਾ ਬੇਚੈਨੀ, ਨਿਰਾਸ਼ਤਾ, ਚਿੰਤਾ ਪਾਈ ਜਾ ਰਹੀ ਹੈ ਅਤੇ ਆਪਣਾ ਭਵਿੱਖ ਖਤਰੇ ਵਿੱਚ ਮੰਡਰਾਉਂਦਾ ਨਜ਼ਰ ਆ ਰਿਹਾ ਹੈ ਕਿਉਂਜੋ ਖੇਤੀਬਾੜੀ ਹੀ ਇਲਾਕੇ ਦੇ ਲੋਕਾਂ ਦਾ ਮੁੱਖ ਧੰਦਾ ਹੋਣ ਕਾਰਨ ਉਹ ਆਰਥਿਕ ਤੌਰ ਉੱਤੇ ਖਤਮ ਹੋ ਜਾਣਗੇ। ਸਮੁੱਚੇ ਇਲਾਕੇ ਦੇ ਲੋਕਾਂ ਦੀ ਪੁਰਜ਼ੋਰ ਮੰਗ ਹੈ ਕਿ ਦਸ਼ਮੇਸ਼ ਨਹਿਰ ਪ੍ਰਾਜੈਕਟ ਦੀ ਪੁਨਰ ਸੁਰਜੀਤੀ ਕਰਕੇ ਦਸ਼ਮੇਸ਼ ਨਹਿਰ ਬਣਾ ਕੇ ਇਲਾਕੇ ਦੇ ਲੋਕਾਂ ਨੂੰ ਖੇਤੀਬਾੜੀ ਤੇ ਪੀਣ ਲਈ ਪਾਣੀ ਉਪਲਬਧ ਕਰਵਾਉਣ ਬਾਰੇ ਸਰਕਾਰੀ ਤੌਰ ਉੱਤੇ ਜਲਦੀ ਤੋਂ ਜਲਦੀ ਪ੍ਰਕਿਰਿਆ ਆਰੰਭੀ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਦੇ ਭਵਿੱਖ ਨੂੰ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ) (ਵਿਦਿਆਰਥੀ ਮੋਹਿਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੰਗਾਂ):** ਮਾਣਯੋਗ ਸਪੀਕਰ ਸਾਹਿਬ, ਮੈਂ ਮੋਹਿਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੰਗਾਂ ਦਾ ਵਿਦਿਆਰਥੀ ਹਾਂ ਅਤੇ ਹਲਕੇ ਲਹਿਰੇ ਤੋਂ ਬਿਲੌਂਗ ਕਰਦਾ ਹਾਂ ਅਤੇ ਮੈਂ ਆਪਣੇ ਹਲਕੇ ਲਹਿਰੇ ਦੇ ਜੇਤੂ ਵਿਧਾਇਕ ਸ਼੍ਰੀ ਬਰਿੰਦਰ ਕੁਮਾਰ ਗੋਇਲ ਜੀ ਨੂੰ ਰਿਪ੍ਰਜ਼ੈਂਟ ਕਰਾਂਗਾ। ਮਾਣਯੋਗ ਸਪੀਕਰ ਸਾਹਿਬ, ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ. ਡੇਰਾਬੱਸੀ ਨੇ ਕਿਹਾ ਕਿ ਮੇਰੇ ਹਲਕੇ ਵਿੱਚ ਪਾਣੀ ਦਾ ਪੱਧਰ ਘਟਦਾ ਜਾ ਰਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗਾ ਕਿ ਸਾਲ 2022 ਵਿੱਚ ਸਾਡੀ ਸਰਕਾਰ ਬਣੀ ਔਰ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ ਨੇ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਕਿ ਸਿਹਤ, ਸਿੱਖਿਆ ਅਤੇ ਪਾਣੀ ਦੀ ਪੰਜਾਬ ਵਿੱਚ ਕਮੀ ਨਹੀਂ ਆਉਣ ਦੇਵਾਂਗੇ। ਇਸੇ ਚੀਜ਼ ਨੂੰ ਮੱਦੇਨਜ਼ਰ ਰੱਖਦੇ ਹੋਏ, ਪਿਛਲੀ ਸਰਕਾਰ ਨੇ ਕੀ ਕੀਤਾ? ਉਹ ਧਰਤੀ ਹੇਠਲਾ ਪਾਣੀ ਤਾਂ ਕੱਢੀ ਗਏ ਪਰ ਨਹਿਰੀ ਪਾਣੀ ਯੂਟੇਲਾਈਜ਼ ਨਹੀਂ ਕੀਤਾ। ਪਿਛਲੀਆਂ ਸਰਕਾਰਾਂ ਨੇ 2022 ਤੱਕ 24% ਪਾਣੀ ਯੂਟੇਲਾਈਜ਼ ਕੀਤਾ ਅਤੇ ਸਾਲ 2022 ਤੋਂ ਬਾਅਦ ਸਾਡੀ ਸਰਕਾਰ ਨੇ 64% ਪਾਣੀ ਯੂਟੇਲਾਈਜ਼ ਕੀਤਾ। ਮਾਣਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹਾਂਗਾ ਕਿ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਡੇਰਾਬੱਸੀ ਖੇਤਰ ਵਿੱਚ ਕੋਈ ਨਹਿਰੀ ਨੈੱਟਵਰਕ ਮੌਜੂਦ ਨਹੀਂ ਹੈ ਹਾਲਾਂਕਿ ਇਲਾਕੇ ਦੀ ਮੰਗ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਜ਼ਿਲ੍ਹਾ ਰੂਪਨਗਰ, ਫਤਹਿਗੜ੍ਹ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਨਹਿਰੀ ਪਾਣੀ ਮੁਹੱਈਆ ਕਰਨ ਲਈ ਨਵੀਂ ਨਹਿਰ ਦੀ ਉਸਾਰੀ ਕਰਨ ਦੀ ਤਜਵੀਜ਼ ਹੈ। ਇਸ ਪ੍ਰਾਜੈਕਟ ਨੂੰ ਦੋ ਪੜਾਵਾਂ ਵਿੱਚ ਕੀਤੇ ਜਾਣ ਦੀ ਤਜਵੀਜ਼ ਹੈ ਜਿਸ ਦੇ ਪਹਿਲੇ ਪੜਾਅ ਵਿੱਚ ਮੌਜੂਦਾ ਫੋਕਸ ਜ਼ਿਲ੍ਹਾ ਰੂਪਨਗਰ ਤੇ ਹੈ। ਇਸ ਲਈ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਫਿਜ਼ਿਬਿਲਟੀ ਸਰਵੇ ਦੂਸਰੇ ਪੜਾਅ ਅਧੀਨ ਕੀਤਾ ਜਾਣਾ ਹੈ। ਫਿਜ਼ਿਬਿਲਟੀ ਅਤੇ ਸਰਵੇ ਦੇ ਨਤੀਜੇ ਦੇ ਆਧਾਰ ਤੇ ਦੂਜੇ ਪੜਾਅ ਵਿੱਚ ਇਸ ਖੇਤਰ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾ ਸਕਦਾ ਹੈ।

-----

**(ਕ੍ਰਮ ਨੰ: 3)**

**ਰਾਣਾ ਇੰਦਰ ਪ੍ਰਤਾਪ ਸਿੰਘ (ਵਿਦਿਆਰਥੀ ਗੁਰਭੇਜ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡਡਵਿੰਡੀ):** ਸਪੀਕਰ ਸਾਹਿਬ, ਮੈਂ ਖੇਤੀਬਾੜੀ ਮੰਤਰੀ ਜੀ ਦਾ ਧਿਆਨ ਮੱਕੀ ਦਾ ਬੀਜ ਉਪਲਬਧ ਨਾ ਹੋਣ ਸਬੰਧੀ ਦਿਵਾਉਣਾ ਚਾਹੁੰਦਾ ਹਾਂ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) (ਵਿਦਿਆਰਥੀ ਪ੍ਰਭਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ):** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪੰਜਾਬ ਰਾਜ ਵਿੱਚ ਬਸੰਤ ਰੁੱਤ ਦੀ ਮੱਕੀ ਨੂੰ ਵੱਧ ਪਾਣੀ ਲੈਣ ਕਾਰਨ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਕਿਸਾਨਾਂ ਵੱਲੋਂ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਫਰਵਰੀ-ਮਾਰਚ ਦੌਰਾਨ ਕੀਤੀ ਜਾਂਦੀ ਹੈ ਅਤੇ ਇਸ ਫਸਲ ਦਾ ਮੁਨਾਫਾ ਵੱਧ ਹੋਣ ਕਾਰਨ ਕਿਸਾਨਾਂ ਵਿੱਚ ਇਸ ਦਾ ਰੁਝਾਨ ਵੱਧ ਰਿਹਾ ਹੈ ਪਰੰਤੂ ਖੇਤੀਬਾੜੀ ਵਿਭਾਗ ਵੱਲੋਂ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਬਸੰਤ ਰੁੱਤ ਦੀ

ਮੱਕੀ ਨੂੰ ਨਿਰਉਤਸ਼ਾਹਿਤ ਕਰਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਜਿੱਥੋਂ ਤੱਕ ਸਾਉਣੀ ਮੱਕੀ ਦੇ ਬੀਜ ਦਾ ਸਬੰਧ ਹੈ, ਪੰਜਾਬ ਰਾਜ ਵਿੱਚ ਮੱਕੀ ਦੇ ਉੱਨਤ ਅਤੇ ਹਾਈਬ੍ਰਿਡ ਕਿਸਮਾਂ ਦੇ ਬੀਜਾਂ ਦੀ ਉਪਲਬਧਤਾ ਯਕੀਨੀ ਬਣਾਈ ਜਾਵੇਗੀ।

------

**COLLECTIVE DISCUSSION ON THE ISSUES OF CONSTITUTION, DEMOCRACY AND LAW AND ORDER**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਅਗਲੀ ਆਈਟਮ। ਬਹਿਸ। ਪਹਿਲਾ ਮੁੱਦਾ ਸੰਵਿਧਾਨਕ ਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਸਮੂਹ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਸਮੇਂ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਸਭ ਨੂੰ ਦੋ-ਦੋ ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਸੋ, ਆਪ ਉਸ ਅਨੁਸਾਰ ਮੁੱਦਿਆਂ ਤੇ ਬੋਲ ਸਕਦੇ ਹੋ। ਆਪਣੇ ਕੋਲ ਤਿੰਨ ਮੁੱਦੇ ਹਨ। ਸੰਵਿਧਾਨਕ ਭਾਵਨਾ ਨੂੰ ਉਤਸ਼ਾਹਿਤ ਕਰਨਾ, ਦੂਸਰਾ ਲੋਕਤੰਤਰ ਨੂੰ ਮਜ਼ਬੂਤ ਕਰਨਾ, ਤੀਸਰਾ ਵਿਧਾਨ ਸਭਾ ਹਲਕਿਆਂ ਵਿੱਚ ਵਿਕਾਸ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਤ ਮਾਮਲਿਆਂ ਬਾਰੇ ਵਿਚਾਰ ਵਟਾਂਦਰਾ। ਸੋ, ਸਭ ਤੋਂ ਪਹਿਲਾਂ ਬਾਬਾ ਬਕਾਲਾ ਤੋਂ ਦਲਬੀਰ ਸਿੰਘ ਟੌਂਗ ਜੀ ਬੋਲਣਗੇ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.) (ਵਿਦਿਆਰਥੀ ਹਰਮਨਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੁਤਾਲਾ, ਅੰਮ੍ਰਿਤਸਰ):** ਸਪੀਕਰ ਸਾਹਿਬ, ਮੈਂ ਹਰਮਨਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੁਤਾਲਾ, ਅੰਮ੍ਰਿਤਸਰ ਤੋਂ ਬਾਰ੍ਹਵੀਂ ਜਮਾਤ ਦਾ ਵਿਦਿਆਰਥੀ ਹਾਂ ਅਤੇ ਮੈਂ ਦੱਸਣਾ ਚਾਹਾਂਗਾ ਕਿ ਇਸ ਪਵਿੱਤਰ ਅਸਥਾਨ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 26 ਸਾਲ 09 ਮਹੀਨੇ ਅਤੇ 13 ਦਿਨ ਭਗਤੀ ਕੀਤੀ ਸੀ। ਮੈਂ ਇਸ ਪਵਿੱਤਰ ਅਸਥਾਨ ਬਾਬਾ ਬਕਾਲਾ ਤੋਂ ਮਾਣਯੋਗ ਐਮ.ਐਲ.ਏ. ਸਰਦਾਰ ਦਲਬੀਰ ਸਿੰਘ ਟੌਂਗ ਨੂੰ ਰੀਪ੍ਰਜ਼ੈਂਟ ਕਰ ਰਿਹਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ ਅਤੇ ਮੈਂ ਤੁਹਾਡੇ ਸਾਹਮਣੇ ਲੋਕਤੰਤਰ ਨੂੰ ਮਜ਼ਬੂਤ ਕਰਨ ਬਾਰੇ ਆਪਣੇ ਵਿਚਾਰ ਰੱਖਣਾ ਚਾਹੁੰਦਾ ਹਾਂ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਲੋਕਤੰਤਰ ਲੋਕਾਂ ਦੀ ਜਿੰਦ-ਜਾਨ ਹੁੰਦੀ ਹੈ ਪਰ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਮੁਕਤ ਤੇ ਨਿਰਪੱਖ ਹੋਣਾ ਬਹੁਤ ਜ਼ਰੂਰੀ ਹੈ ਔਰ ਬਿਨਾਂ ਕਿਸੇ ਧੱਕੇਸ਼ਾਹੀ ਅਤੇ ਪੈਸੇ ਦੇ ਲਾਲਚ ਤੋਂ ਬਿਨਾਂ ਕੰਮ-ਕਾਰ ਕੀਤਾ ਜਾਣਾ ਜ਼ਰੂਰੀ ਹੈ। ਵੱਖ ਵੱਖ ਖੇਤਰਾਂ ਵਿੱਚ ਨਾਗਰਿਕ ਜਾਗਰੂਕਤਾ ਅਤੇ ਸਿੱਖਿਆ ਦੀ ਲੋੜ ਹੈ ਕਿਉਂਕਿ ਲੋਕਾਂ ਨੂੰ ਆਪਣੇ ਅਧਿਕਾਰ ਅਤੇ ਸਿੱਖਿਆ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਭ੍ਰਿਸ਼ਟਾਚਾਰ ਤੇ ਕਾਬੂ ਪਾਉਣਾ ਵੀ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। (ਥੰਪਿੰਗ) (ਘੰਟੀ)

**ਸ੍ਰੀਮਤੀ ਜੀਵਨਜੋਤ ਕੌਰ (ਅੰਮ੍ਰਿਤਸਰ ਪੂਰਬੀ) (ਵਿਦਿਆਰਥਣ ਚਾਹਤ, ਸਕੂਲ ਆਫ ਐਮੀਨੈਂਸ, ਟਾਊਨ ਹਾਲ, ਅੰਮ੍ਰਿਤਸਰ):** ਮਾਣਯੋਗ ਸਪੀਕਰ ਸਾਹਿਬ ਅਤੇ ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਮੈਂ ਚਾਹਤ, ਸਕੂਲ ਆਫ ਐਮੀਨੈਂਸ, ਟਾਊਨ ਹਾਲ, ਅੰਮ੍ਰਿਤਸਰ ਦੀ ਵਿਦਿਆਰਥਣ ਹਾਂ। ਮੈਂ ਅੱਜ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੂਰਬੀ ਤੋਂ ਮਾਣਯੋਗ ਵਿਧਾਇਕਾ ਡਾਕਟਰ ਜੀਵਨਜੋਤ ਕੌਰ ਜੀ ਦੀ ਨੁਮਾਇੰਦਗੀ ਕਰ ਰਹੀ ਹਾਂ। ਮੈਂ ਸਦਨ ਵਿੱਚ ਇੱਕ ਗੱਲ ਸਾਰਿਆਂ ਦੇ ਸਾਹਮਣੇ ਰੱਖਣਾ ਚਾਹਾਂਗੀ ਕਿ ਸਾਡੇ ਹਲਕੇ ਵਿੱਚ ਨਸ਼ਿਆਂ ਦੇ ਵਿਰੁੱਧ ਕੋਈ ਮਾਮਲਾ ਹੋਵੇ ਜਾਂ ਵਿਕਾਸ ਸਬੰਧੀ ਵੀ ਕੋਈ ਮਾਮਲਾ ਹੋਵੇ, ਇਹ ਦੋਨੋਂ ਹੀ ਬਹੁਤ ਵਧੀਆ ਚੱਲ ਰਹੇ ਹਨ। ਸਾਡੇ ਹਲਕੇ ਵਿੱਚ ਆਪ ਸਰਕਾਰ ਵੱਲੋਂ ਪੰਜ ਮੁਹੱਲਾ ਕਲੀਨਿਕ ਬਣਾਏ ਗਏ ਹਨ। ਇਸ ਤੋਂ ਇਲਾਵਾ ਜੋੜਾ ਫਾਟਕ ਦੇ ਦੋ ਰਿਹਾਇਸ਼ੀ ਖੇਤਰਾਂ ਵਿੱਚ

ਮੀਆਂਵਾਕੀ ਤਕਨੀਕ ਨਾਲ ਨਾਨਕ ਬਗੀਚੀ ਬਣਾਈ ਗਈ ਹੈ, ਜੋ ਕਿ ਤਿੰਨ-ਚਾਰ ਏਕੜ ਵਿੱਚ ਮੁਕੰਮਲ ਹੋਵੇਗੀ। ਮੈਂ ਇਹ ਵੀ ਦੱਸਣਾ ਚਾਹਾਂਗੀ ਕਿ ਇੱਥੇ ਯੁੱਧ ਨਸ਼ਿਆਂ ਵਿਰੁੱਧ ਨੂੰ ਸਕੂਲੀ ਪੱਧਰ ਉੱਤੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਗਿਆ ਹੈ ਅਤੇ ਇਕੱਲੇ ਅੰਮ੍ਰਿਤਸਰ ਪੂਰਬੀ ਹਲਕੇ ਵਿੱਚ ਐਨ.ਡੀ.ਪੀ.ਐਸ. ਐਕਟ ਦੇ ਅਧੀਨ 748 ਪਰਚੇ ਦਰਜ ਕੀਤੇ ਗਏ ਹਨ। ਸਾਡੇ ਹਲਕੇ ਵਿੱਚ ਨਸ਼ਿਆਂ ਦੇ ਵਿਰੁੱਧ (ਘੰਟੀ)।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ। ਹਾਂ ਜੀ। ਸ਼੍ਰੀ ਅਮਿਤ ਰਤਨ ਕੋਟਫੱਤਾ ਜੀ।

**ਸ਼੍ਰੀ ਅਮਿਤ ਰਤਨ ਕੋਟਫੱਤਾ (ਬਠਿੰਡਾ ਦਿਹਾਤੀ, ਐਸ.ਸੀ.) (ਵਿਦਿਆਰਥੀ ਜਸ਼ਨਪ੍ਰੀਤ ਸ਼ਰਮਾ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਘੁੱਦਾ):** ਮਾਣਯੋਗ ਸਪੀਕਰ ਸਾਹਿਬ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਲੋਕਤੰਤਰ ਨੂੰ ਮਜ਼ਬੂਤ ਕਰਨ ਦੇ ਮੁੱਦੇ ਉੱਤੇ ਆਪਣੇ ਵਿਚਾਰ ਰੱਖਣ ਲਈ ਸਮਾਂ ਦਿੱਤਾ ਹੈ। ਮੈਂ ਜਸ਼ਨਪ੍ਰੀਤ ਸ਼ਰਮਾ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਘੁੱਦਾ ਤੋਂ ਆਪਣੇ ਹਲਕੇ ਦੇ ਮਾਣਯੋਗ ਵਿਧਾਇਕ ਸ਼੍ਰੀ ਅਮਿਤ ਰਤਨ ਕੋਟਫੱਤਾ, ਬਠਿੰਡਾ ਦਿਹਾਤੀ ਨੂੰ ਰੀਪ੍ਰਜ਼ੈਂਟ ਕਰ ਰਿਹਾ ਹਾਂ। ਲੋਕਤੰਤਰ ਨੂੰ ਕਿਵੇਂ ਮਜ਼ਬੂਤ ਬਣਾਇਆ ਜਾ ਸਕਦਾ ਹੈ, ਇਸ ਸਬੰਧੀ ਮੈਂ ਆਪਣੇ ਵਿਚਾਰ ਪੇਸ਼ ਕਰਨੇ ਚਾਹਾਂਗਾ। ਮਾਣਯੋਗ ਸਪੀਕਰ ਸਾਹਿਬ, ਲੋਕਤੰਤਰ ਤੋਂ ਭਾਵ ਹੈ, ਲੋਕਾਂ ਦਾ ਰਾਜ। ਇਸ ਦੀ ਸਫਲਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਲੋਕ ਕਿਸ ਹੱਦ ਤੱਕ ਇਸ ਵਿੱਚ ਸ਼ਾਮਿਲ ਹੁੰਦੇ ਹਨ। ਸਪੀਕਰ ਸਾਹਿਬ, ਮੇਰਾ ਮੰਨਣਾ ਹੈ ਕਿ ਜੇਕਰ ਲੋਕਤੰਤਰ ਨੂੰ ਮਜ਼ਬੂਤ ਬਣਾਉਣਾ ਹੈ ਤਾਂ ਸਾਨੂੰ ਗਰਾਊਂਡ ਲੈਵਲ ਤੇ ਜਾ ਕੇ ਕੰਮ ਕਰਨਾ ਪਵੇਗਾ। ਗਰਾਊਂਡ ਲੈਵਲ ਤੋਂ ਭਾਵ ਪਿੰਡਾਂ ਦੇ ਵਿਕਾਸ ਲਈ ਲੋਕਾਂ ਨਾਲ ਗੱਲ ਕਰਨੀ ਪਵੇਗੀ। ਮੇਰਾ ਮੰਨਣਾ ਹੈ ਕਿ ਵਾਰਡਬੰਦੀ ਵੱਲ ਖਾਸ ਧਿਆਨ ਦੇਣਾ ਪਵੇਗਾ। ਸਪੀਕਰ ਸਾਹਿਬ, ਵਾਰਡਬੰਦੀ ਇਸ ਤਰ੍ਹਾਂ ਨਹੀਂ ਹੋਣੀ ਚਾਹੀਦੀ ਕਿ ਕੋਈ ਘਰ ਇੱਧਰੋਂ ਲੈ ਲਿਆ ਜਾਂ ਉੱਧਰੋਂ ਲੈ ਲਿਆ ਅਤੇ ਇੱਕ ਵਾਰਡ ਬਣਾ ਦਿੱਤਾ। ਸਪੀਕਰ ਸਾਹਿਬ, ਵਾਰਡਬੰਦੀ ਜਿਓਗ੍ਰਾਫੀਕਲ ਹੋਣੀ ਚਾਹੀਦੀ ਹੈ ਭਾਵ ਇੱਕ ਘਰ ਦੀ ਦੂਜੇ ਘਰ ਨਾਲ ਅਤੇ ਇੱਕ ਵਾਰਡ ਦੀ ਦੂਜੇ ਵਾਰਡ ਨਾਲ ਵਿਕਾਸ ਸਬੰਧੀ ਗੱਲਬਾਤ ਹੋਣੀ ਚਾਹੀਦੀ ਹੈ। ਮਾਣਯੋਗ ਸਪੀਕਰ ਸਾਹਿਬ, ਇਸ ਦਾ ਫਾਇਦਾ ਇਹ ਹੋਵੇਗਾ ਕਿ ਲੋਕ ਇੱਕ ਸਨਮਾਨ ਮਹਿਸੂਸ ਕਰਨਗੇ ਅਤੇ ਕੋਈ ਜਾਤ-ਪਾਤ ਅਤੇ ਧਰਮ ਸਬੰਧੀ ਵਿਤਕਰਾ ਨਹੀਂ ਕਰੇਗਾ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਆਪਣੀ ਗੱਲ ਨੂੰ ਕਨਕਲੂਡ ਕਰੋ ਜੀ।

**ਸ਼੍ਰੀ ਅਮਿਤ ਰਤਨ ਕੋਟਫੱਤਾ (ਵਿਦਿਆਰਥੀ ਜਸ਼ਨਪ੍ਰੀਤ ਸ਼ਰਮਾ):** ਸਪੀਕਰ ਸਾਹਿਬ, ਲੋਕ ਜਾਤ-ਪਾਤ ਅਤੇ ਧਰਮ ਤੋਂ ਉੱਪਰ ਉੱਠਣਗੇ ਅਤੇ ਲੋਕਤੰਤਰ ਨੂੰ ਉੱਚਾ ਚੁੱਕਣਗੇ। ਸਪੀਕਰ ਸਾਹਿਬ, ਕਿਸੇ ਵੀ ਉਮੀਦਵਾਰ ਨੂੰ ਆਪਣੇ ਦਬਦਬੇ ਦੁਆਰਾ ਜਾਂ ਗਲਤ ਤਰੀਕੇ ਨਾਲ ਲੋਕਾਂ ਤੋਂ ਵੋਟ ਮੰਗਣ ਦਾ ਮੌਕਾ ਨਹੀਂ ਮਿਲੇਗਾ। ਸਪੀਕਰ ਸਾਹਿਬ, ਮੇਰਾ ਇਹੀ ਨੁਕਤਾ ਸੀ। ਆਪ ਜੀ ਦਾ ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ) (ਵਿਦਿਆਰਥਣ ਸਿਮਰਤਪ੍ਰੀਤ ਕੌਰ, ਸਰਕਾਰੀ ਕੰਨਿਆ ਸੈਕੰਡਰੀ ਸਕੂਲ, ਮਾਹਨਾ ਸਿੰਘ ਰੋਡ, ਅੰਮ੍ਰਿਤਸਰ):** ਮਾਣਯੋਗ ਸਪੀਕਰ ਸਾਹਿਬ ਅਤੇ ਇਸ ਪਵਿੱਤਰ ਸਦਨ ਵਿੱਚ ਮੌਜੂਦ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ਼੍ਰੀ ਅਕਾਲ ਜੀ। ਮੈਂ ਸਿਮਰਤਪ੍ਰੀਤ ਕੌਰ, ਸਰਕਾਰੀ ਕੰਨਿਆ ਸੈਕੰਡਰੀ ਸਕੂਲ, ਮਾਹਨਾ ਸਿੰਘ, ਰੋਡ ਅੰਮ੍ਰਿਤਸਰ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਹਾਂ। ਮੈਂ ਗੁਰੂ ਰਾਮਦਾਸ ਜੀ ਦੀ ਨਗਰੀ, ਅੰਮ੍ਰਿਤਸਰ ਦੱਖਣੀ ਤੋਂ ਮਾਣਯੋਗ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ ਜੀ ਦੀ ਨੁਮਾਇੰਦਗੀ ਕਰ ਰਹੀ ਹਾਂ। ਮੈਂ ਤੁਹਾਡੇ ਸਾਹਮਣੇ ਸੰਵਿਧਾਨ ਦੀ ਭਾਵਨਾ ਨੂੰ ਕਿਸ ਤਰ੍ਹਾਂ ਉਤਸ਼ਾਹਿਤ ਕਰਨਾ ਚਾਹੀਦਾ ਹੈ, ਉਸ ਸਬੰਧੀ ਆਪਣੇ ਵਿਚਾਰ

ਪੇਸ਼ ਕਰਨ ਜਾ ਰਹੀ ਹਾਂ। ਸਾਡੀ ਸੰਵਿਧਾਨਿਕ ਭਾਵਨਾ ਨੂੰ ਉਤਸ਼ਾਹਿਤ ਕਰਨ ਵਾਸਤੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਜਾਤੀ ਸਮਾਨਤਾ, ਆਰਟੀਕਲਸ, ਉਨ੍ਹਾਂ ਦੀ ਫੰਡਾਮੈਂਟਲ ਡਿਊਟੀ ਬਾਰੇ ਪਤਾ ਹੋਣਾ ਚਾਹੀਦਾ ਹੈ। ਲੋਕਾਂ ਨੂੰ ਇਸ ਪੱਖੋਂ ਜਾਗਰੂਕ ਹੋਣਾ ਚਾਹੀਦਾ ਹੈ। ਨਿਰਪੱਖ ਚੋਣਾਂ ਹੋਣੀਆਂ ਚਾਹੀਦੀਆਂ ਹਨ। ਲੋਕਾਂ ਨੂੰ ਹਰੇਕ ਇਨਫਰਮੇਸ਼ਨ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਅਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ)** ਮਾਣਯੋਗ ਸਪੀਕਰ ਸਾਹਿਬ, ਇੱਥੇ ਐਜੂਕੇਸ਼ਨ ਬਾਰੇ ਗੱਲ ਚੱਲ ਰਹੀ ਹੈ। ਇੱਥੇ ਵੋਟਾਂ ਬਾਰੇ ਗੱਲ ਚੱਲ ਰਹੀ ਹੈ ਕਿ ਕਿਵੇਂ ਵੋਟਾਂ ਪੈਣੀਆਂ ਚਾਹੀਦੀਆਂ ਹਨ, ਕਿਵੇਂ ਐਜੂਕੇਸ਼ਨ ਸਿਸਟਮ ਇੰਪਰੂਵ ਹੋਣਾ ਚਾਹੀਦਾ ਹੈ। ਮੈਂ ਇੱਥੇ ਗੱਲ ਕਰਨੀ ਚਾਹੁੰਦਾ ਹਾਂ ਕਿ ਕਦੇ ਸਰਕਾਰੀ ਸਕੂਲਾਂ ਦੇ ਬਾਥਰੂਮ ਜਾ ਕੇ ਦੇਖਿਓ ਕਿ ਉੱਥੇ ਦਾ ਕੀ ਹਾਲ ਹੈ। ਜਦੋਂ ਆਪਾਂ ਸਰਕਾਰੀ ਸਕੂਲਾਂ ਦੇ ਬਾਥਰੂਮ ਦੇਖਦੇ ਹਾਂ ਤਾਂ ਉੱਥੇ ਘਾਹ ਉੱਗਿਆ ਹੋਇਆ ਹੈ। ਉੱਥੇ ਪਾਣੀ ਵੀ ਉਪਲਬਧ ਨਹੀਂ ਹੈ। ਸਰਕਾਰੀ ਸਕੂਲਾਂ ਵਿੱਚ ਅਜੇ ਤੱਕ ਬਿਜਲੀ ਵੀ ਉਪਲਬਧ ਨਹੀਂ ਹੈ। ਸਾਨੂੰ ਇੱਥੇ ਦੱਸਿਆ ਜਾਵੇ ਕਿ ਸਰਕਾਰ ਉੱਥੇ ਕੀ ਕਰ ਰਹੀ ਹੈ? ਸਰਕਾਰ ਬਣੀ ਨੂੰ ਚਾਰ ਸਾਲ ਦਾ ਸਮਾਂ ਹੋ ਗਿਆ ਹੈ। ਸਾਨੂੰ ਅਜੇ ਤੱਕ ਵਿੱਦਿਆ ਪ੍ਰਣਾਲੀ ਵਿੱਚ ਕੋਈ ਵੀ ਸੁਧਾਰ ਨਹੀਂ ਦਿਖਿਆ।

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ)** ਜਿਹੜੀ ਗੱਲ ਇਨ੍ਹਾਂ ਨੇ ਕੀਤੀ ਹੈ ਇਹ ਗੱਲ ਬਿਲਕੁਲ ਗਲਤ ਹੈ। ਸਾਡੀ ਸਰਕਾਰ ਨੇ ਆਉਂਦੇ ਸਾਰ ਸਿੱਖਿਆ ਕ੍ਰਾਂਤੀ ਵਰਗੀ ਨਵੀਂ ਮੁਹਿੰਮ ਚਲਾਈ ਹੈ ਜਿਸ ਵਿੱਚ 17975 ਕਰੋੜ ਰੁਪਏ ਦੀ ਲਾਗਤ ਨਾਲ ਬਜਟ ਤਿਆਰ ਕੀਤਾ ਗਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਵਿਦਿਆਰਥੀ ਹਰਪ੍ਰੀਤ ਸਿੰਘ):** ਮਾਣਯੋਗ ਸੀ.ਐਮ. ਸਾਹਿਬ, ਤੁਸੀਂ ਇੱਥੇ ਝੂਠ ਨਾ ਬੋਲੋ। ਹੁਣ ਸਮਾਜ ਅਨਪੜ੍ਹ ਨਹੀਂ ਰਿਹਾ।

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ):** ਅਸੀਂ ਕੋਈ ਝੂਠ ਨਹੀਂ ਬੋਲ ਰਹੇ। ਅਸੀਂ ਇੱਥੇ ਇਕੱਲੀ ਇਕੱਲੀ ਗੱਲ ਦਾ ਰਿਕਾਰਡ ਪੇਸ਼ ਕਰ ਰਹੇ ਹਾਂ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਬੈਠੋ, ਬੈਠੋ। ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋ। (ਵਿਘਨ)(ਸ਼ੋਰ) ਜੋ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ)(ਸ਼ੋਰ) ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋ।

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ) (ਵਿਦਿਆਰਥੀ ਗੁਰਸੇਵਕ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਰੀਕੇ):** ਮਾਣਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਲੀਡਰ ਆਫ ਆਪੋਜ਼ੀਸ਼ਨ ਨੇ ਗੱਲ ਕੀਤੀ ਹੈ ਕਿ ਸਰਕਾਰੀ ਸਕੂਲਾਂ ਦੇ ਬਾਥਰੂਮਾਂ ਵਿੱਚ ਘਾਹ ਉੱਗਿਆ ਪਿਆ ਹੈ ਤਾਂ ਉੱਥੇ ਸਰਵੇ ਕਰਵਾਓ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੈਠੋ। (ਵਿਘਨ)(ਸ਼ੋਰ) ਮਾਣਯੋਗ ਮੁੱਖ ਮੰਤਰੀ ਜੀ ਬੋਲਣਾ ਚਾਹੁੰਦੇ ਹਨ? ਉਨ੍ਹਾਂ ਨੂੰ ਬੋਲਣ ਦਿਓ। (ਵਿਘਨ)(ਸ਼ੋਰ) ਹੈ।

---

**SHORT ADJOURNMENT OF THE HOUSE**

**ਮਾਣਯੋਗ ਸਪੀਕਰ** (**ਵਿਦਿਆਰਥੀ ਜਗਮੰਦਰ ਸਿੰਘ**): ਸਦਨ 12.25 ਵਜੇ ਤੱਕ ਸਥੱਗਿਤ ਕੀਤਾ ਜਾਂਦਾ ਹੈ।

*12.15 ਵਜੇ ਬਾਅਦ ਦੁਪਹਿਰ (ਇਸ *ਸਮੇਂ ਸਦਨ 12.25 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

---

*12.32 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

---

**COLLECTIVE DISCUSSION ON THE ISSUES OF CONSTITUTION, DEMOCRACY AND LAW AND ORDER *(RESUMPTION)***

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਮੌੜ ਹਲਕੇ ਤੋਂ ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ), ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ (ਵਿਦਿਆਰਥੀ ਆਕਾਸ਼ਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਮੀਦੀ) ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ) :** ਖਹਿਰਾ ਸਾਹਿਬ, ਤੁਸੀਂ ਬੈਠੋ ਜੀ। ਕਿਰਪਾ ਕਰਕੇ ਤੁਸੀਂ ਬੈਠੋ ਜੀ। (ਵਿਘਨ, ਸ਼ੋਰ) ਕਿਰਪਾ ਕਰਕੇ ਆਪੋ ਆਪਣੀਆਂ ਚੇਅਰਜ਼ ਤੇ ਬੈਠਣ ਦੀ ਕਿਰਪਾਲਤਾ ਕਰੋ। ਜੋ ਵੀ ਆਪਣੀ ਚੇਅਰ ਤੇ ਨਹੀਂ ਬੈਠੇਗਾ, ਉਸ ਨੂੰ ਸੁਣਿਆ ਨਹੀਂ ਜਾਵੇਗਾ।

(ਇਸ ਸਮੇਂ ਮੁੱਖ ਮੰਤਰੀ, ਸਮੂਹ ਮੰਤਰੀ ਸਾਹਿਬਾਨ ਅਤੇ ਟਰੇਜ਼ਰੀ ਬੈਂਚਿਜ਼ ਦੇ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੋਂ ਖੜ੍ਹੇ ਹੋ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

------

**WALK OUT**

(ਸਦਨ ਵਿਚ ਬਹਿਸ ਦੇ ਦੌਰਾਨ ਵਿਰੋਧੀ ਧਿਰਾਂ ਦੇ ਮੈਂਬਰ ਸਰਕਾਰ ਵਿਰੋਧੀ ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਆਪਣੀਆਂ ਸੀਟਾਂ ਛੱਡ ਕੇ ਵਾਕ ਆਊਟ ਕਰਦੇ ਹੋਏ ਸਦਨ ਦੇ ਵਿਰੋਧੀ ਧਿਰ ਦੀਆਂ ਸੀਟਾਂ ਤੇ ਪਿਛੇ ਵਾਲੀ ਸੀਟਾਂ ਉਤੇ ਇਕੱਠੇ ਹੋ ਗਏ।)

------

## COLLECTIVE DISCUSSION ON THE ISSUES OF CONSTITUTION, DEMOCRACY AND LAW AND ORDER *(RESUMPTION)*

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਬੈਠੋ, ਬੈਠੋ। ਸਾਰੇ ਆਪੋ ਆਪਣੀਆਂ ਸੀਟਾਂ ਤੇ ਬੈਠੋ। ਜੋ ਵੀ ਨਾਅਰੇ ਲਗਾਏ ਜਾ ਰਹੇ ਹਨ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। ਸਾਰੇ ਆਪੋ ਆਪਣੀਆਂ ਚੇਅਰਜ਼ ਤੇ ਬੈਠਣ ਦੀ ਕਿਰਪਾਲਤਾ ਕਰੋ। ਸਾਰੇ ਬੈਠਣ ਦੀ ਕਿਰਪਾਲਤਾ ਕਰੋ ਜੀ। ਪਲੀਜ਼, ਬੈਠੋ ਜੀ। (ਵਿਘਨ,ਸ਼ੋਰ) ਹਾਂ ਜੀ, ਮਾਣਯੋਗ ਮੁੱਖ ਮੰਤਰੀ ਜੀ। ਹਾਂ ਜੀ, ਸੀ.ਐਮ. ਸਾਹਿਬ ਬੋਲਣਗੇ।

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਆ ਕੇ ਬੈਠ ਗਏ।)

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ):** ਮਾਣਯੋਗ ਸਪੀਕਰ ਸਾਹਿਬ, ਇਹ ਬਹੁਤ ਹੀ ਬੁਰੀ ਗੱਲ ਹੈ ਕਿ ਇਹ ਸਾਰੇ ਵਿਧਾਨ ਸਭਾ ਦਾ ਮਾਹੌਲ ਖਰਾਬ ਕਰ ਰਹੇ ਹਨ। ਇਨ੍ਹਾਂ ਨੂੰ ਕਹੋ ਕਿ ਬੈਠ ਕੇ ਗੱਲ ਕਰਿਆ ਕਰਨ। ਜਦੋਂ ਵੀ ਦੇਖੋ, ਭੱਜਣ ਦੀਆਂ ਗੱਲਾਂ ਕਰੀ ਜਾਂਦੇ ਹਨ। ਇਹ ਨਾਅਰੇ ਲਗਾ ਕੇ ਭੱਜ ਜਾਂਦੇ ਹਨ। ਤੁਸੀਂ ਬੈਠ ਕੇ ਗੱਲ ਕਰੋ, ਡਿਸਕਸ਼ਨ ਤਾਂ ਕਰ ਲਓ। (ਵਿਘਨ, ਸ਼ੋਰ)

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਦੇ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨ੍ਹਾਂ ਇਜਾਜ਼ਤ ਬੋਲ ਰਹੇ ਸਨ। ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਬੈਠੋ ਜੀ, ਸਾਰੇ ਆਪੋ ਆਪਣੀਆਂ ਸੀਟਾਂ ਤੇ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ) :** ਅਸੀਂ ਤਾਂ ਤੁਹਾਨੂੰ ਪੁੱਛਣਾ ਹੈ ਕਿ ਤੁਸੀਂ 4 ਸਾਲਾਂ ਤੋਂ ਕੀ ਕਰ ਰਹੇ ਹੋ? (ਵਿਘਨ, ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਮਾਣਯੋਗ ਮੁੱਖ ਮੰਤਰੀ ਜੀ ਬੋਲਣਗੇ, ਬਾਕੀ ਆਪੋ ਆਪਣੀਆਂ ਸੀਟਾਂ ਤੇ ਬੈਠਣ ਦੀ ਕਿਰਪਾਲਤਾ ਕਰੋ ਜੀ। (ਵਿਘਨ, ਸ਼ੋਰ)

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ) (ਵਿਦਿਆਰਥੀ ਜਸਪ੍ਰੀਤ ਕੌਰ, ਸਕੂਲ ਆਫ ਐਮੀਨੈਂਸ ਬੰਗੀਕਲਾਂ):** ਮਾਣਯੋਗ ਸਪੀਕਰ ਸਾਹਿਬ, ਮੇਰੇ ਵੱਲੋਂ ਆਪ ਸਭ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੇਰਾ ਨਾਮ ਜਸਪ੍ਰੀਤ ਕੌਰ ਹੈ ਅਤੇ ਮੈਂ ਸਕੂਲ ਆਫ ਐਮੀਨੈਂਸ ਬੰਗੀਕਲਾਂ ਦੀ ਵਿਦਿਆਰਥਣ ਹਾਂ। ਮੈਂ ਹਲਕਾ ਤਲਵੰਡੀ ਸਾਬੋ ਦੇ ਜੇਤੂ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਜੀ ਨੂੰ ਰੀਪ੍ਰਜ਼ੈਂਟ ਕਰਾਂਗੀ।

ਮੇਰਾ ਅੱਜ ਦਾ ਬੋਲਣ ਦਾ ਵਿਸ਼ਾ ਹੈ, ਭਾਰਤ ਵਿੱਚ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਸਾਨੂੰ ਲੋਕਾਂ ਨੂੰ ਇਕਨਾਮਿਕ ਸਕਿਉਰਟੀ ਦੇਣੀ ਚਾਹੀਦੀ ਹੈ। ਜੇਕਰ ਲੋਕ ਇਕਨਾਮੀਕਲੀ ਸਕਿਓਰ ਹੋਣਗੇ ਤਾਂ ਹੀ ਉਹ ਆਪਣੇ ਸਮਾਜ ਜਾਂ ਦੇਸ਼ ਬਾਰੇ ਸੋਚ ਸਕਣਗੇ ਅਤੇ ਇਸ ਨਾਲ ਲੋਕਤੰਤਰ ਮਜ਼ਬੂਤ ਬਣ ਸਕਦਾ ਹੈ। ਅੱਜਕਲ੍ਹ ਦੇ ਲੋਕ ਜਿਵੇਂ ਕਿ ਸਾਡੇ ਪੰਜਾਬ ਵਿੱਚ ਜਾਂ ਭਾਰਤ ਵਿੱਚ ਅੱਧੀ ਤੋਂ ਜ਼ਿਆਦਾ ਆਬਾਦੀ ਗਰੀਬੀ ਰੇਖਾ ਤੋਂ ਥੱਲੇ ਹੈ ਜਾਂ ਗਰੀਬ ਕਹਿ ਸਕਦੇ ਹਾਂ। ਉਨ੍ਹਾਂ ਦਾ ਮੁੱਖ ਮੁੱਦਾ ਇਹੀ ਹੁੰਦੀ ਹੈ ਕਿ ਮਿਹਨਤ ਕਰੋ ਅਤੇ ਆਪਣੇ ਪਰਿਵਾਰ ਦਾ ਢਿੱਡ ਭਰੋ। ਜਿਸ ਕਾਰਨ ਉਹ ਆਪਣੇ ਸਮਾਜ ਜਾਂ ਦੇਸ਼ ਬਾਰੇ ਨਹੀਂ ਸੋਚ ਪਾਉਂਦੇ। ਜੇਕਰ ਲੋਕ ਇਕਨਾਮੀਕਲੀ ਸਕਿਓਰ ਹੋਣਗੇ ਤਾਂ ਹੀ ਉਹ ਆਪਣੇ ਦੇਸ਼ ਬਾਰੇ ਸੋਚਣਗੇ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਰਾਜਾਸਾਂਸੀ) (ਵਿਦਿਆਰਥੀ ਗੁਰਬੀਰ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਭੀਲੋਵਾਲ ਪੱਕਾ, ਅੰਮ੍ਰਿਤਸਰ):** ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਪੰਜਾਬੀ ਬੋਲੀ ਦੇ ਰਾਖੇ ਹੋ। ਤੁਸੀਂ ਕਦੇ ਇਹ ਦੇਖਿਆ ਹੈ ਕਿ ਪੰਜਾਬੀ ਟੀਚਰਾਂ ਦੀਆਂ ਕਿੰਨੀਆਂ ਪੋਸਟਾਂ ਖਾਲੀ ਹਨ। ਸਾਡੇ ਖੁਦ ਦੇ ਸਕੂਲ ਵਿੱਚ 2 ਪੰਜਾਬੀ ਟੀਚਰਾਂ ਦੀਆਂ ਪੋਸਟਾਂ ਖਾਲੀ ਹਨ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕਿਰਪਾ ਕਰਕੇ ਮੁੱਦੇ ਤੇ ਬੋਲੋ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਵਿਦਿਆਰਥੀ ਗੁਰਬੀਰ ਸਿੰਘ):** ਮੁੱਦਾ ਇਹ ਹੀ ਹੈ ਜੀ ਕਿ ਜਿਹੜੇ ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀਆਂ ਖਾਲੀ ਅਸਾਮੀਆਂ ਹਨ, ਉਨ੍ਹਾਂ ਨੂੰ ਭਰਿਆ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਜਿਹੜੇ ਮੁੱਦੇ ਦਿੱਤੇ ਗਏ ਹਨ, ਕਿਰਪਾ ਕਰਕੇ ਉਨ੍ਹਾਂ ਤੇ ਆਪਣੀ ਚਰਚਾ ਕੀਤੀ ਜਾਵੇ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਵਿਦਿਆਰਥੀ ਗੁਰਬੀਰ ਸਿੰਘ):** ਜੀ ਇਹ ਮੁੱਦਾ ਹੀ ਹੈ। ਮੈਂ ਆਪਣੇ ਹਲਕੇ ਦੇ ਵਿਕਾਸ ਦੀ ਗੱਲ ਕਰ ਰਿਹਾ ਹਾਂ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕਿਰਪਾ ਕਰਕੇ ਜਿਹੜਾ ਮੁੱਦਾ ਦਿੱਤਾ ਗਿਆ ਹੈ, ਉਸ ਤੇ ਹੀ ਚਰਚਾ ਕੀਤੀ ਜਾਵੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਾਰੇ ਆਪੋ ਆਪਣੀਆਂ ਸੀਟਾਂ ਤੇ ਬੈਠੇ ਰਹਿਣ। (ਵਿਘਨ, ਸ਼ੋਰ) ਮੈਂ ਅੱਜ ਦੇ ਮੁੱਦੇ ਦੁਬਾਰਾ ਰਿਪੀਟ ਕਰ ਦਿੰਦਾ ਹਾਂ। ਸੰਵਿਧਾਨਿਕ ਭਾਵਨਾ ਨੂੰ ਉਤਸ਼ਾਹਿਤ ਕਰਨਾ, ਲੋਕਤੰਤਰ ਨੂੰ ਮਜ਼ਬੂਤ ਕਰਨਾ, ਵਿਧਾਨ ਸਭਾ ਹਲਕਿਆਂ ਵਿੱਚ ਵਿਕਾਸ ਅਤੇ ਕਾਨੂੰਨ ਵਿਵਸਥਾਵਾਂ ਨਾਲ ਸਬੰਧਿਤ ਮੁੱਦਿਆਂ ਤੇ ਵਿਚਾਰ ਚਰਚਾ ਕਰਨਾ। (ਵਿਘਨ, ਸ਼ੋਰ) ਸਾਰੇ ਆਪੋ ਆਪਣੀਆਂ ਸੀਟਾਂ ਤੇ ਬੈਠੋ। ਜੋ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਾਰੇ ਆਪੋ ਆਪਣੀਆਂ ਸੀਟਾਂ ਤੇ ਬੈਠੋ ਜੀ। (ਵਿਘਨ, ਸ਼ੋਰ) ਬੈਠੋ, ਸਿਰਫ ਮੈਂਬਰ ਸਾਹਿਬ ਬੋਲਣਗੇ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਵਿਦਿਆਰਥੀ ਗੁਰਬੀਰ ਸਿੰਘ):** ਜੇ ਸਿੱਖਿਆ ਮਜ਼ਬੂਤ ਹੋਵੇਗੀ ਤਾਂ ਹੀ ਲੋਕਤੰਤਰ ਮਜ਼ਬੂਤ ਹੋਵੇਗਾ, ਤਾਂ ਹੀ ਸੰਵਿਧਾਨ ਉਤਸ਼ਾਹਿਤ ਹੋਵੇਗਾ, ਤਾਂ ਹੀ ਸਭ ਦਾ ਵਿਕਾਸ ਹੋਵੇਗਾ। ਜੇ ਸਾਡੀ ਸਿੱਖਿਆ ਹੀ ਕਮਜ਼ੋਰ ਹੈ, ਤਾਂ ਕਿਸ ਤਰ੍ਹਾਂ ਵਿਕਾਸ ਹੋਵੇਗਾ?

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ, ਧੰਨਵਾਦ ਜੀ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਵਿਦਿਆਰਥੀ ਗੁਰਬੀਰ ਸਿੰਘ):** ਸਰਕਾਰੀ ਟੀਚਰਾਂ ਦੀਆਂ ਖਾਲੀ ਪਈਆਂ ਪੋਸਟਾਂ ਭਰੀਆਂ ਜਾਣ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਤੁਹਾਡੀ ਗੱਲ ਆ ਗਈ ਹੈ ਜੀ, ਬੈਠੋ। ਬੈਠਣ ਦੀ ਕ੍ਰਿਪਾਲਤਾ ਕਰੋ। (ਵਿਘਨ)(ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਾਰੇ ਆਪੋ ਆਪਣੀ ਚੇਅਰ ਤੇ ਬੈਠਣ ਦੀ ਕ੍ਰਿਪਾਲਤਾ ਕਰੋ। (ਵਿਘਨ)(ਸ਼ੋਰ) ਸਰਦਾਰ ਲਾਭ ਸਿੰਘ ਉਗੋਕੇ। (ਵਿਘਨ)(ਸ਼ੋਰ)

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.) (ਵਿਦਿਆਰਥੀ ਪੁਸ਼ਪਿੰਦਰ ਸਿੰਘ, ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੌੜਾਂ):** ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਮੇਰਾ ਨਾਮ ਪੁਸ਼ਪਿੰਦਰ ਸਿੰਘ ਹੈ ਅਤੇ ਮੈਂ ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੌੜਾਂ ਤੋਂ ਇੱਥੇ ਆਇਆ ਹਾਂ। ਅੱਜ ਮੈਂ ਆਪਣੇ ਹਲਕੇ ਦੇ ਵਿੱਚ ਕੀਤੇ ਗਏ ਵਿਕਾਸ ਬਾਰੇ ਦੱਸਾਂਗਾ। ਮੇਰੇ ਹਲਕੇ ਵਿੱਚ ਬਹੁਤ ਜ਼ਿਆਦਾ ਗਰਾਊਂਡ ਬਣਾਏ ਗਏ ਹਨ, ਸਕੂਲਾਂ ਦਾ ਨਿਰਮਾਣ ਕੀਤਾ ਗਿਆ ਹੈ, ਸਕੂਲ ਆਫ ਐਮੀਨੈਂਸ ਬਣਾਇਆ ਗਿਆ ਹੈ ਅਤੇ ਕਾਨੂੰਨ ਵਿਵਸਥਾ ਲਈ ਪੁਲਿਸ ਵੱਲੋਂ ਟ੍ਰੈਫਿਕ ਪੁਲਿਸ ਐਸ.ਐਸ.ਐਮ.ਯੂ. ਦਾ ਗਠਨ ਕੀਤਾ ਗਿਆ ਹੈ ਅਤੇ ਹਰ ਸਾਲ ਪੁਲਿਸ ਦੀਆਂ ਨਵੀਆਂ ਭਰਤੀਆਂ ਕੱਢੀਆਂ ਜਾ ਰਹੀਆਂ ਹਨ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**:ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਲਾਭ ਸਿੰਘ ਉਗੋਕੇ (ਵਿਦਿਆਰਥੀ ਪੁਸ਼ਪਿੰਦਰ ਸਿੰਘ)**: ਅੰਤ ਵਿੱਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਸਾਰੇ ਪੁਰਾਣੇ ਸਕੂਲਾਂ ਦੀਆਂ ਬਿਲਡਿੰਗਾਂ ਨੂੰ ਨਵੇਂ ਸਿਰੇ ਤੋਂ ਬਣਾਇਆ ਹੈ ਅਤੇ ਇਨ੍ਹਾਂ ਦੇ ਵਿੱਚ ਬਹੁਤ ਵਧੀਆ ਪ੍ਰਬੰਧ ਕੀਤਾ ਹੈ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.) (ਵਿਦਿਆਰਥੀ ਹਰਸ਼ਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੜੀ)**: ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਂਅ ਹਰਸ਼ਪ੍ਰੀਤ ਸਿੰਘ ਹੈ ਅਤੇ ਮੈਂ ਇੱਥੇ ਸਾਡੇ ਇਲਾਕੇ ਦੇ ਜੇਤੂ ਐਮ.ਐਲ.ਏ. ਸਰਦਾਰ ਰੁਪਿੰਦਰ ਸਿੰਘ ਹੈਪੀ ਦਾ ਰੋਲ ਅਦਾ ਕਰ ਰਿਹਾ ਹਾਂ।

ਮੈਂ ਇੱਥੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਕੁਝ ਪੱਖ ਰੱਖਣਾ ਚਾਹੁੰਦਾ ਹਾਂ ਜਿਵੇਂ ਕਿ ਜਾਤੀਵਾਦ। ਪੰਜਾਬ ਵਿੱਚ ਜਾਤੀਵਾਦ ਵੱਖ ਵੱਖ ਤਰ੍ਹਾਂ ਦੇ ਪਾਏ ਜਾਂਦੇ ਹਨ। ਪੰਚਾਇਤੀ ਵੋਟਾਂ ਵਿੱਚ ਐਸ.ਸੀ. ਕੈਟਾਗਰੀ ਜਾਂ ਓ.ਬੀ.ਸੀ. ਕੈਟਾਗਰੀ ਨੂੰ ਉੱਤੇ ਆਉਣ ਦਾ ਮੌਕਾ ਨਹੀਂ ਦਿੱਤਾ ਜਾਂਦਾ। ਜ਼ਿਆਦਾਤਰ ਪਿੰਡਾਂ ਵਿੱਚ ਸਰਪੰਚ ਜਨਰਲ ਕੈਟਾਗਰੀ ਦੇ ਹੁੰਦੇ ਹਨ, ਜਿਸ ਕਰਕੇ ਐਸ.ਸੀ. ਵਰਗ ਨੂੰ ਮੌਕਾ ਨਹੀਂ ਮਿਲਦਾ। ਸਾਨੂੰ ਐਸ.ਸੀ. ਵਰਗ ਨੂੰ ਅੱਗੇ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਹਾਂ ਜੀ, ਮੁੱਖ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ)**: ਸਰ, ਇਹ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਮੇਰੇ ਨਾਲ ਗੱਲ ਕਰਨ। ਇਹ ਪਹਾੜਾਂ ਦੇ ਸਕੂਲਾਂ ਵਿੱਚ ਪੜ੍ਹੇ ਹੋਏ ਹਨ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। ਹਾਂ ਜੀ ਮੰਤਰੀ ਸਾਹਿਬ ਬੋਲੋ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) (ਵਿਦਿਆਰਥੀ ਦਲਜੀਤ ਸਿੰਘ, ਸਕੂਲ ਆਫ ਐਮੀਨੈਂਸ ਕੀਰਤਪੁਰ ਸਾਹਿਬ)**: ਪ੍ਰਾਈਵੇਟ ਸਕੂਲਾਂ ਵਿੱਚ ਵੇਖ ਲਵੋ, ਅੱਜ ਪੰਜਾਬੀ ਬੋਲਣ ਤੇ ਪਨਿਸ਼ਮੈਂਟ ਦਿੱਤੀ ਜਾ ਰਹੀ ਹੈ।

(ਇਸ ਸਮੇਂ ਸਦਨ ਵਿੱਚ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਕਿਰਪਾ ਕਰਕੇ ਬੈਠਣ ਦੀ ਕਿਰਪਾਲਤਾ ਕਰੋ ਜੀ। ਚੇਅਰ ਨੂੰ ਐਡਰੈੱਸ ਕਰੋ ਜੀ। ਬੈਠੋ। ਵਿਰੋਧੀ ਧਿਰ ਦੇ ਨੇਤਾ ਜੀ, ਗੱਲ ਸੁਣੋ ਜੀ। ਮਾਣਯੋਗ ਮੁੱਖ ਮੰਤਰੀ ਜੀ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲਣ ਦਿਓ। ਸਦਨ ਦੀ ਕਾਰਵਾਈ ਨੂੰ ਸਮੂਥ ਚਲਾਉਣ ਦਾ ਯਤਨ ਕਰੋ ਜੀ। ਬੈਠੋ ਜੀ, ਬੈਠੋ। ਹਾਂ ਜੀ, ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ)**: ਮੈਂ ਤਾਂ ਇਹੀ ਕਹਿ ਰਿਹਾ ਸੀ ਕਿ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ। ਇਹ ਪਹਾੜਾਂ ਦੇ ਸਕੂਲਾਂ ਵਿੱਚ ਪੜ੍ਹੇ ਹੋਏ ਹਨ। ਇਹ ਮੈਨੂੰ ਗੁਰਮੁੱਖੀ ਲਿਪੀ ਦੇ ਸਾਰੇ 35 ਅੱਖਰ ਸੁਣਾ ਦੇਣ। ਇਹ ਮਿੰਟ ਬਾਅਦ ਮੁਰਦਾਬਾਦ, ਮੁਰਦਾਬਾਦ ਦੇ ਨਾਅਰੇ ਲਗਾ ਕੇ, ਬਾਹਰ ਨੂੰ ਭੱਜਣ ਲੱਗ ਜਾਂਦੇ ਹਨ। (ਥੰਪਿੰਗ)।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ)**: ਇਹ ਕਹਿੰਦਾ ਹੈ ਕਿ ਪ੍ਰਿਤਪਾਲ ਪੰਜਾਬੀ ਨਹੀਂ ਹੈ?

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ)**: ਇਹ ਕਿਸ ਨੇ ਕਿਹਾ ਕਿ ਉਹ ਪੰਜਾਬੀ ਨਹੀਂ ਹੈ?(ਵਿਘਨ) (ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਕਿਰਪਾ ਕਰਕੇ ਚੇਅਰ ਨੂੰ ਐਡਰੈੱਸ ਕਰੋ ਜੀ। ਬੈਠੋ ਜੀ, ਬੈਠੋ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। ਸਾਰੇ ਬੈਠਣ ਦੀ ਕ੍ਰਿਪਾਲਤਾ ਕਰੋ ਜੀ। ਬੈਠੋ ਜੀ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.) (ਵਿਦਿਆਰਥੀ ਰਣਜੀਤ ਸਿੰਘ, ਸਕੂਲ ਆਫ ਐਮੀਨੈਂਸ, ਨਾਭਾ)** : ਸਤਿਕਾਰਯੋਗ ਸਪੀਕਰ ਸਾਹਿਬ ਅਤੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਸਾਡੇ ਹਲਕੇ ਨਾਭਾ ਦੇ ਵਿਕਾਸ ਕਾਰਜਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਹਲਕਾ ਨਾਭਾ ਵਿੱਚ ਸਫਾਈ ਵੱਲ ਬਹੁਤ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਅਸੀਂ ਸਮੇਂ ਸਮੇਂ ਤੇ ਸਫਾਈ ਪ੍ਰਤੀ ਬਹੁਤ ਕੰਮ ਕਰ ਰਹੇ ਹਾਂ। ਅਸੀਂ ਇਕ ਸਲੋਗਨ ਤਿਆਰ ਕੀਤਾ ਹੈ - ਮੈਂ ਨਾਭਾ ਹਾਂ, ਮੈਂ ਤੁਹਾਡਾ ਹਾਂ, ਮੈਨੂੰ ਸਾਫ-ਸੁਥਰਾ ਰੱਖੋ। ਇਸ ਸਲੋਗਨ ਨਾਲ ਲੋਕਾਂ ਨੂੰ ਪਤਾ ਲੱਗੇ ਕਿ ਸਫਾਈ ਦੀ ਕਿੰਨੀ ਮਹੱਤਤਾ ਹੈ ਤਾਂ ਜੋ ਲੋਕ ਆਪਣਾ ਆਲਾ-ਦੁਆਲਾ, ਆਪਣੇ ਸਮਾਜ ਨੂੰ, ਆਪਣੇ ਘਰਾਂ ਨੂੰ ਸਾਫ-ਸੁਥਰਾ ਰੱਖਣ। ਧੰਨਵਾਦ। (ਥੰਪਿੰਗ)

**ਸਰਦਾਰ ਲਖਬੀਰ ਸਿੰਘ ਰਾਏ (ਫਤਿਹਗੜ੍ਹ ਸਾਹਿਬ) (ਵਿਦਿਆਰਥੀ ਗੁਰਕਮਲ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚਨਾਰਥਲ ਕਲਾਂ)**: ਮਾਣਯੋਗ ਸਪੀਕਰ ਸਾਹਿਬ, ਮੈਨੂੰ ਅੱਜ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿੱਚ ਰਹਿ ਰਿਹਾ ਹਾਂ। ਇਹ ਮਾਣ ਹੋਰ ਵੱਧ ਜਾਵੇਗਾ ਜਦੋਂ ਸਾਡਾ ਭਾਰਤੀ ਲੋਕਤੰਤਰ ਦੁਨੀਆ ਦਾ ਸਭ ਤੋਂ ਵਧੀਆ ਲੋਕਤੰਤਰ ਕਹਾਏਗਾ। ਮੈਂ ਅੱਜ ਇਸ ਲੋਕਤੰਤਰ ਨੂੰ

ਮਜ਼ਬੂਤ ਕਰਨ ਲਈ ਸੁਝਾਅ ਪੇਸ਼ ਕਰਨ ਜਾ ਰਿਹਾ ਹਾਂ। ਮੇਰਾ ਪਹਿਲਾ ਸੁਝਾਅ ਹੈ – ਐਮ.ਐਲ.ਏ. ਅਤੇ ਲੋਕਾਂ ਦੀ ਸਿੱਧੀ ਗੱਲਬਾਤ। ਮੈਂ ਚਾਹੁੰਦਾ ਹਾਂ ਕਿ ਹਰੇਕ ਹਫਤੇ ਜਾਂ 15 ਦਿਨਾਂ ਬਾਅਦ ਹਰੇਕ ਐਮ.ਐਲ.ਏ. ਆਪਣੇ ਹਲਕੇ ਦੇ ਲੋਕਾਂ ਨਾਲ ਮਿਲੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸਮਝੇ। ਇਸ ਪ੍ਰਕਾਰ ਐਮ.ਐਲ.ਏ. ਨੂੰ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਪਤਾ ਲੱਗੇਗਾ ਅਤੇ ਉਹ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਪੇਸ਼ ਕਰ ਸਕੇਗਾ। ਦੂਜਾ ਸੁਝਾਅ - ਹਰੇਕ ਐਮ.ਐਲ.ਏ. ਆਪਣੇ ਹਲਕੇ ਦੇ ਲੋਕਾਂ ਨੂੰ ਕੀਤੇ ਖਰਚਿਆਂ ਦਾ ਹਿਸਾਬ-ਕਿਤਾਬ ਦੇਵੇ। ਇਸ ਨਾਲ ਲੋਕਾਂ ਦਾ ਸਰਕਾਰ ਪ੍ਰਤੀ ਵਿਸ਼ਵਾਸ ਬਣੇਗਾ। ਇਸ ਦਾ ਸਭ ਤੋਂ ਵੱਡਾ ਫਾਇਦਾ ਇਹ ਹੋਵੇਗਾ ਕਿ ਸਾਡੀ ਰਾਜਨੀਤੀ ਵਿੱਚ ਭ੍ਰਿਸ਼ਟਾਚਾਰ ਖਤਮ ਹੋ ਕੇ ਇਮਾਨਦਾਰੀ ਪ੍ਰਚਲਿਤ ਹੋਵੇਗੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਤੁਸੀਂ ਕਨਕਲੂਡ ਕਰੋ ਜੀ।

**ਸਰਦਾਰ ਲਖਬੀਰ ਸਿੰਘ ਰਾਏ (ਵਿਦਿਆਰਥੀ ਗੁਰਕਮਲ ਸਿੰਘ)**: ਮੇਰਾ ਤੀਜਾ ਸੁਝਾਅ ਹੈ - ਸਿੱਖਿਆ ਨੀਤੀ ਵਿੱਚ ਸੁਧਾਰ। ਜਿਵੇਂ ਸਾਰਿਆਂ ਨੂੰ ਪਤਾ ਹੈ ਕਿ ਸਾਡੇ ਪੰਜਾਬ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਸਿਰਫ ਥਿਉਰੀ ਪੜ੍ਹਾਈ ਜਾਂਦੀ ਹੈ। ਮੈਂ ਚਾਹੁੰਦਾ ਹਾਂ ਕਿ ਸਕੂਲਾਂ ਵਿੱਚ ਪ੍ਰੈਕਟੀਕਲ ਵਰਕ ਕਰਵਾਇਆ ਜਾਵੇ। ਜਿਵੇਂ ਆਪਾਂ ਸਾਰੇ ਦੇਖਦੇ ਹਾਂ ਕਿ ਸਕੂਲਾਂ ਵਿੱਚ ਅਜਿਹਾ ਨਾ ਹੋਣ ਕਾਰਨ ਬੱਚਿਆਂ ਨੂੰ ਜ਼ਿਆਦਾ ਸਿੱਖਣ ਨੂੰ ਨਹੀਂ ਮਿਲਦਾ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਬੈਠੋ ਜੀ। ਤੁਹਾਡੀ ਗੱਲ ਸੁਣ ਲਈ ਗਈ ਹੈ ਜੀ। ਬੈਠੋ। (ਥੰਪਿੰਗ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) (ਵਿਦਿਆਰਥੀ ਲਖਵੀਰ ਸਿੰਘ, ਸਕੂਲ ਆਫ ਐਮੀਨੈਂਸ, ਛਾਜਲੀ)**: ਮਾਣਯੋਗ ਸਪੀਕਰ ਸਾਹਿਬ, ਵਿੱਤ ਮੰਤਰੀ ਹੋਣ ਦੇ ਨਾਤੇ ਮੇਰਾ ਇਹ ਫਰਜ਼ ਬਣਦਾ ਹੈ ਕਿ ਮੈਂ ਆਪਣੀ ਪੰਜਾਬ ਦੀ ਜਨਤਾ ਨੂੰ ਦੱਸਾਂ ਕਿ ਸਾਡੇ ਪੰਜਾਬ ਦੀ ਆਮਦਨ ਵਿੱਚ ਕਿਵੇਂ ਵਾਧਾ ਹੋਵੇ। ਪੰਜਾਬ ਦੀ ਜੀ.ਐਸ.ਟੀ. ਵਸੂਲੀ ਪਿਛਲੇ ਕੁਝ ਸਾਲਾਂ ਵਿੱਚ ਬੇਹੱਦ ਮਜ਼ਬੂਤੀ ਨਾਲ ਵਧੀ ਹੈ। ਜੋ ਕਿ ਰਾਜ ਵਿੱਚ ਚੰਗੀ ਗਵਰਨੈਂਸ, ਪਾਰਦਰਸ਼ਤਾ ਅਤੇ ਮੌਜੂਦਾ ਸਰਕਾਰ ਦੀ ਇਮਾਨਦਾਰੀ ਨਾਲ ਕੰਮ ਕਰਨ ਦੀ ਸੋਚ ਦਾ ਸਪੱਸ਼ਟ ਸਬੂਤ ਹੈ। ਜੀ.ਐਸ.ਟੀ. ਵਸੂਲੀ ਸਾਲ 2021-22 ਵਿੱਚ 15,542 ਕਰੋੜ ਤੋਂ ਵੱਧ ਕੇ ਸਾਲ 2024-25 ਵਿੱਚ ਪ੍ਰੀ-ਐਸਟੀਮੇਟਿਡ ਮੁਤਾਬਿਕ 23,642 ਕਰੋੜ ਹੋ ਗਈ ਹੈ। ਸਾਲ 2025-26 ਦੇ ਬਜਟ ਅਨੁਸਾਰ 27,650 ਕਰੋੜ ਦਾ ਲਕਸ਼ ਰੱਖਿਆ ਗਿਆ ਹੈ। ਜੇਕਰ ਮੈਂ ਸਾਲ-ਵਾਈਜ਼ ਅੰਕੜਿਆਂ ਦੀ ਗੱਲ ਕਰਾਂ ਤਾਂ ਸਾਲ 2021-22 ਵਿੱਚ 15,542 ਕਰੋੜ ਦਾ ਵਾਧਾ ਹੋਇਆ ਹੈ। ਸਾਲ 2022-23 ਵਿੱਚ 18,128 ਕਰੋੜ ਭਾਵ 16.64% ਦਾ ਵਾਧਾ ਜੀ.ਐਸ.ਟੀ. ਵਿੱਚ ਹੋਇਆ ਹੈ। ਸਾਲ 2023-24 ਵਿੱਚ 20,925 ਕਰੋੜ ਭਾਵ 15.43% ਦਾ ਵਾਧਾ ਜੀ.ਐਸ.ਟੀ. ਵਿੱਚ ਹੋਇਆ ਹੈ। ਸਾਲ 2024-25 ਵਿੱਚ ਪ੍ਰੀ ਐਸਟੀਮੇਟਿਡ 23,642 ਕਰੋੜ ਭਾਵ 12.9% ਦਾ ਵਾਧਾ ਹੋਇਆ ਹੈ। ਸਾਲ 2025-26 ਦੌਰਾਨ 27,650 ਕਰੋੜ ਰੁਪਏ ਭਾਵ 16.95% ਦਾ ਵਾਧਾ ਹੋਇਆ ਹੈ। ਸਾਲਾਨਾ ਵਾਧਾ 13%-17% ਹੋਇਆ ਹੈ। ਜਿਸ ਦੀ ਔਸਤ 15.5% ਬਣਦੀ ਹੈ। ਧੰਨਵਾਦ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਹਿਗੜ੍ਹ ਚੂੜੀਆਂ) (ਵਿਦਿਆਰਥੀ ਸਮੀਰ ਸਿੰਘ, ਪੀ. ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਖਪੁਰ)** : ਸਪੀਕਰ ਸਾਹਿਬ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਬੈਠੋ ਜੀ। ਤੁਹਾਡਾ ਸਮਾਂ ਦਿੱਤਾ ਜਾਵੇਗਾ। ਬੈਠੋ। (ਵਿਘਨ, ਸ਼ੋਰ) ਕਿਰਪਾ ਕਰਕੇ ਚੇਅਰ ਨੂੰ ਐਡਰੈੱਸ ਕਰੋ ਜੀ। ਬੈਠਣ ਦੀ ਕ੍ਰਿਪਾਲਤਾ ਕਰੋ। (ਵਿਘਨ) ਖਹਿਰਾ ਸਾਹਿਬ, ਬੈਠੋ। ਕਿਰਪਾ ਕਰਕੇ ਸਾਰੇ ਆਪੋ-ਆਪਣੀਆਂ ਚੇਅਰਜ਼ ਤੇ ਬੈਠੋ।(ਵਿਘਨ, ਸ਼ੋਰ) ਜੋ ਵੀ ਚੇਅਰ ਦੀ ਆਗਿਆ ਤੋਂ ਬਿਨਾ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।(ਵਿਘਨ, ਸ਼ੋਰ) ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ, ਤੁਸੀਂ ਬੋਲੋ। ਬਾਕੀ ਸਾਰੇ ਆਪਣੀਆਂ ਚੇਅਰਜ਼ ਤੇ ਬੈਠੋ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਵਿਦਿਆਰਥੀ ਸਮੀਰ ਸਿੰਘ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਜਿਸ ਪ੍ਰਕਾਰ ਚੀਮਾ ਸਾਹਿਬ ਨੇ ਹੁਣੇ ਕਿਹਾ ਹੈ ਕਿ ਜੀ.ਐਸ.ਟੀ. ਦੀ ਵਸੂਲੀ ਵਿੱਚ ਵਾਧਾ ਹੋਇਆ ਹੈ, ਮੈਂ ਇਸ ਸਬੰਧੀ ਪੁੱਛਣਾ ਚਾਹਾਂਗਾ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਬੈਠੋ ਜੀ, ਬੈਠੋ। ਸਾਰੇ ਆਪੋ ਆਪਣੀਆਂ ਚੇਅਰਜ਼ 'ਤੇ ਬੈਠੋ। ਬੈਠੋ ਪਲੀਜ਼।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਵਿਦਿਆਰਥੀ ਸਮੀਰ ਸਿੰਘ)** : ਮੈਂ ਗੱਲ ਕਰ ਰਿਹਾ ਸੀ (ਵਿਘਨ,ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਸਦਨ ਦਾ ਟਾਈਮ ਖਰਾਬ ਹੋ ਰਿਹਾ ਹੈ। ਸਾਰੇ ਆਪੋ ਆਪਣੀਆਂ ਸੀਟਾਂ ਤੇ ਬੈਠੋ ਪਲੀਜ਼।

(ਇਸ ਸਮੇਂ ਮੁੱਖ ਮੰਤਰੀ ਸਮੇਤ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰਜ਼ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰਾਂ ਨਾਲ ਬਹਿਸਬਾਜ਼ੀ ਕਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਕੁੱਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਜੋ ਕੁੱਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। (ਵਿਘਨ, ਸ਼ੋਰ) ਬੈਠੋ ਜੀ। ਬੈਠੋ। ਸਾਰੇ ਆਪੋ ਆਪਣੀਆਂ ਚੇਅਰਜ਼ ਉੱਤੇ ਬੈਠੋ। ਬੈਠੋ ਪਲੀਜ਼। (ਵਿਘਨ)(ਸ਼ੋਰ) ਸਰਦਾਰ ਸੁਖਪਾਲ ਸਿੰਘ ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਵਿਦਿਆਰਥੀ ਆਕਾਸ਼ਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਮੀਦੀ):** ਧੰਨਵਾਦ ਸਪੀਕਰ ਸਾਹਿਬ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਖਹਿਰਾ ਜੀ, ਬੋਲੋ। (ਵਿਘਨ) ਖਹਿਰਾ ਜੀ, ਬੋਲੋ। ਬਾਕੀ ਬੈਠੋ ਪਲੀਜ਼। ਹਾਂ ਜੀ, ਖਹਿਰਾ ਜੀ। ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਵਿਦਿਆਰਥੀ ਆਕਾਸ਼ਦੀਪ ਸਿੰਘ):** ਮਾਣਯੋਗ ਸਪੀਕਰ ਸਾਹਿਬ। ਮੈਂ ਐਮ.ਐਲ.ਏ. ਸੁਖਪਾਲ ਸਿੰਘ ਖਹਿਰਾ, ਹਲਕਾ ਭੁਲੱਥ, ਅੱਜ ਇੱਥੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੇ ਵਿਸ਼ੇ ਉੱਤੇ ਬੋਲਾਂਗਾ। ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਚੋਣ ਪ੍ਰਣਾਲੀ ਅਪਣਾਈ ਗਈ ਹੈ। ਪ੍ਰੰਤੂ ਅੱਜ ਚੋਣ ਪ੍ਰਣਾਲੀ ਸਹੀ ਨਹੀਂ ਰਹੀ ਕਿਉਂਕਿ ਚੋਣਾਂ ਦੌਰਾਨ

ਵੱਡੇ ਪੱਧਰ ਉੱਤੇ ਨਸ਼ੇ ਅਤੇ ਪੈਸੇ ਵੰਡੇ ਜਾਂਦੇ ਹਨ। ਸਾਨੂੰ ਜੋ ਵੀ ਫੰਡ ਮਿਲਦੇ ਹਨ.. (ਵਿਘਨ, ਸ਼ੋਰ) ਮੈਂ ਸਾਹਮਣੇ ਬੈਠੇ ਰੂਲਿੰਗ ਬੈਂਚਿਜ਼ ਵਾਲਿਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ...(ਵਿਘਨ)(ਸ਼ੋਰ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ) :** ਕਿਰਪਾ ਕਰਕੇ ਚੇਅਰ ਨੂੰ ਐਡਰੈੱਸ ਕਰੋ। (ਵਿਘਨ) ਬਾਕੀ ਸਾਰੇ ਆਪੋ ਆਪਣੀਆਂ ਸੀਟਾਂ ਉੱਤੇ ਬੈਠੋ। ਕਿਰਪਾ ਕਰਕੇ ਸਦਨ ਦੀ ਮਰਿਆਦਾ ਨੂੰ ਕਾਇਮ ਰੱਖੋ। ਬੈਠੋ ਜੀ, ਬੈਠੋ। (ਵਿਘਨ)(ਸ਼ੋਰ) ਜੋ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। ਕਿਰਪਾ ਕਰਕੇ ਆਪਣੀਆਂ ਚੇਅਰਜ਼ ਉੱਤੇ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਵਿਦਿਆਰਥੀ ਆਕਾਸ਼ਦੀਪ ਸਿੰਘ):** ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਚੋਣ ਪ੍ਰਣਾਲੀ ਹੀ ਗੰਧਲੀ ਹੋ ਜਾਵੇ ਤਾਂ ਚੰਗੇ ਨਤੀਜਿਆਂ ਦੀ ਉਮੀਦ ਕਿੱਦਾਂ ਪੂਰੀ ਹੋਵੇਗੀ ਜੀ?

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ) :** ਠੀਕ ਹੈ ਜੀ। ਬੈਠੋ ਜੀ।

**ਸਰਦਾਰ ਰਣਬੀਰ ਸਿੰਘ (ਫਿਰੋਜ਼ਪੁਰ ਸ਼ਹਿਰੀ) (ਵਿਦਿਆਰਥੀ ਰੋਬਿਨ ਗਿੱਲ, ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਿਰੋਜ਼ਪੁਰ):** ਮਾਣਯੋਗ ਸਪੀਕਰ ਸਾਹਿਬ, ਮੇਰਾ ਨਾਂ ਰੋਬਿਨ ਗਿੱਲ ਹੈ। ਮੈਂ ਫਿਰੋਜ਼ਪੁਰ ਸ਼ਹਿਰੀ ਹਲਕੇ ਤੋਂ ਸਰਦਾਰ ਰਣਬੀਰ ਸਿੰਘ ਭੁੱਲਰ ਦਾ ਰੋਲ ਅਦਾ ਕਰ ਰਿਹਾ ਹਾਂ। ਮੈਂ ਅੱਜ ਇਸ ਸਦਨ ਵਿਚ ਸੰਵਿਧਾਨ ਦੀ ਸਪਿਰਿਟ ਨੂੰ ਵਧਾਉਣ ਲਈ ਆਪਣੇ ਵਿਚਾਰ ਰੱਖਾਂਗਾ। ਸੰਵਿਧਾਨ ਦੇ ਚਾਰ ਮੇਨ ਪਿੱਲਰ ਹਨ। ਲੈਜਿਸਲੇਟਿਵ, ਐਗਜ਼ੀਕਿਊਟਿਵ, ਜੁਡੀਸ਼ੀਅਰੀ ਅਤੇ ਮੀਡੀਆ। ਮੈਂ ਇਨ੍ਹਾਂ ਵਿਚੋਂ ਦੋ ਪਿੱਲਰਾਂ ਬਾਰੇ ਗੱਲ ਕਰਾਂਗਾਂ। ਜੁਡੀਸ਼ਰੀ ਬਾਰੇ ਕਿਹਾ ਜਾਂਦਾ ਹੈ ਕਿ Justice delayed, justice denied ਜੇਕਰ ਆਪਣੀ ਜੁਡੀਸ਼ਰੀ ਫਾਸਟ ਹੋਵੇਗੀ ਤਾਂ ਹੀ ਲੋਕਾਂ ਨੂੰ ਇਨਸਾਫ਼ ਮਿਲ ਸਕੇਗਾ ਅਤੇ ਲੋਕਾਂ ਦਾ ਸੰਵਿਧਾਨ ਵਿਚ ਵਿਸ਼ਵਾਸ ਵਧੇਗਾ। ਇਸ ਲਈ ਅਸੀਂ ਬਹੁਤ ਸਾਰੇ ਤਰੀਕੇ ਅਪਣਾ ਸਕਦੇ ਹਾਂ ਜਿਵੇਂ ਕਿ ਆਨਲਾਈਨ ਕੋਰਟ ਹੇਅਰਿੰਗਜ਼, ਈ-ਫਾਇਲ ਸਿਸਟਮ, ਕੁਰੱਪਸ਼ਨ ਤੇ ਹੋਰ ਤੇਜ਼ੀ ਨਾਲ ਕੰਮ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਮੀਡੀਆ ਦੀ ਗੱਲ ਕਰਾਂਗਾ। ਮੀਡੀਆ ਸੰਵਿਧਾਨ ਦਾ ਚੌਥਾ ਪਿੱਲਰ ਹੈ। ਇਹ ਸਾਨੂੰ ਸਾਡੀਆਂ ਸਰਕਾਰਾਂ ਦੇ ਚੰਗੇ ਮਾੜੇ ਕੰਮਾਂ ਬਾਰੇ ਦੱਸਦਾ ਹੈ। ਇਹ ਸੱਚਾ ਹੋਣਾ ਚਾਹੀਦਾ ਹੈ ਕਿਉਂਕਿ ਜੇਕਰ ਫੇਕ ਨਿਊਜ਼ ਹੋਣਗੀਆਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ) (ਬੈਠੇ ਬੈਠੇ):** ਜਨਾਬ ਅੱਧਾ ਤਾਂ ਤੁਸੀਂ ਉਹ ਵੀ ਖਰੀਦ ਲਿਆ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰਜ਼ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰਾਂ ਨਾਲ ਬਹਿਸਬਾਜ਼ੀ ਕਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਕੁੱਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਦਨ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾਵੇ। ਸਾਰੇ ਬੈਠੋ, ਬੈਠੋ। ਕ੍ਰਿਪਾ ਕਰਕੇ ਸਦਨ ਦੀ ਮਰਿਆਦਾ ਨੂੰ ਬਣਾ ਕੇ ਰੱਖੋ। ਸਾਰੇ ਬੈਠੋ, ਬੈਠੋ। ਤੁਹਾਡੀ ਗੱਲ ਆ ਗਈ ਹੈ ਜੀ। ਪਲੀਜ਼, ਬੈਠੋ ਬੈਠੋ। ਸਰਦਾਰ ਚੇਤਨ ਸਿੰਘ ਜੌੜਾਮਾਜਰਾ ਜੀ ਬੋਲਣਗੇ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ) (ਵਿਦਿਆਰਥੀ ਅਰਮਾਨ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਡਕਾਲਾ):** ਅੱਜ ਮੈਂ ਦੱਸਣ ਜਾ ਰਿਹਾ ਹਾਂ ਕਿ ਨਿਆਂ, ਸੁਤੰਤਰਤਾ ਅਤੇ ਆਪਸੀ ਭਾਈਚਾਰੇ ਦਾ ਵਿਕਾਸ

ਕਰਨਾ, ਭਾਰਤੀ ਸੰਵਿਧਾਨ ਦੇ ਆਦਰਸ਼ਾਂ ਦਾ ਸਤਿਕਾਰ ਕਰਨਾ, ਲੋਕਾਂ ਵਿਚ ਆਪਸੀ ਏਕਤਾ ਪੈਦਾ ਕਰਨਾ, ਵਿਗਿਆਨਕ ਸੋਚ ਪੈਦਾ ਕਰਨਾ, ਸਰਕਾਰੀ ਸੰਪੱਤੀ ਦੀ ਸੰਭਾਲ ਕਰਨਾ, ਮੌਲਿਕ ਕਰਤੱਵਾਂ ਦੀ ਪਾਲਣਾ ਕਰਨਾ, ਵਾਤਾਵਰਣ ਦੀ ਸੰਭਾਲ ਕਰਨਾ, ਬੱਚਿਆਂ ਨੂੰ ਸੰਵਿਧਾਨ ਦੀ ਸਿੱਖਿਆ ਦੇਣਾ। ਧੰਨਵਾਦ ਸਪੀਕਰ ਸਾਹਿਬ। (ਥੰਪਿੰਗ)

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) (ਵਿਦਿਆਰਥੀ ਅਰਮਾਨ ਸਿੰਘ, ਸਕੂਲ ਆਫ਼ ਐਮੀਨੈਂਸ, ਨਵਾਂ ਸ਼ਹਿਰ):** ਸਪੀਕਰ ਸਾਹਿਬ, ਡਾ. ਬੀ.ਆਰ. ਅੰਬੇਦਕਰ ਜੀ 26 ਨਵੰਬਰ, 1949 ਨੂੰ ਕਿਹਾ ਸੀ ਕਿ ਜੇਕਰ ਭਾਰਤ ਦੀ ਸੁਤੰਤਰਤਾ ਨੂੰ ਬਣਾ ਕੇ ਰੱਖਣਾ ਹੈ ਤਾਂ ਸਾਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ ਤੇ ਮਜ਼ਬੂਤ ਬਣਨਾ ਪਵੇਗਾ। ਹੁਣ ਮੈਂ ਸਾਰੇ ਮੰਤਰੀਆਂ ਨੂੰ ਸਵਾਲ ਕਰਦਾ ਹਾਂ ਕਿ ਕੀ ਸਾਡਾ ਦੇਸ਼ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ ਤੇ ਮਜ਼ਬੂਤ ਬਣ ਗਿਆ ਹੈ? (ਥੰਪਿੰਗ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰਜ਼ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪੋਜ਼ੀਸ਼ਨ ਬੈਂਚਿਜ਼ ਦੇ ਮੈਂਬਰਾਂ ਨਾਲ ਬਹਿਸਬਾਜ਼ੀ ਕਰ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਕੁੱਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਬੈਠੋ ਜੀ, ਕ੍ਰਿਪਾ ਕਰਕੇ ਚੇਅਰ ਨੂੰ ਐਡਰੈਸ ਕੀਤਾ ਜਾਵੇ। ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਬੈਠੋ, ਬੈਠੋ। ਸਾਰੇ ਬੈਠੋ। ਵਿਰੋਧੀ ਧਿਰ ਤੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ। ਜੇਕਰ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਤਾਂ ਇਕ ਵਾਰ ਓ ਅ ਸੁਣਾ ਦਿਓ ਇਕ ਵਾਰੀ। (ਹਾਸਾ) (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ) (ਵਿਦਿਆਰਥੀ ਹਰਪ੍ਰੀਤ ਸਿੰਘ, ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਕੋਟਧੰਦਲ)** : ਸਪੀਕਰ ਸਾਹਿਬ, ਅਸੀਂ ਪਹਿਲਾਂ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਇਹ ਸਾਡੇ ਸਵਾਲਾਂ ਦੇ ਜਵਾਬ ਦੇਣ। ਪਹਿਲਾਂ ਤੁਸੀਂ ਸਾਡੇ ਸਵਾਲਾਂ ਦੇ ਜਵਾਬ ਦੇ ਦਿਓ। (ਵਿਘਨ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਬੈਠੋ ਜੀ, ਕ੍ਰਿਪਾ ਕਰਕੇ ਸਦਨ ਦੀ ਮਰਿਆਦਾ ਨੂੰ ਬਣਾ ਕੇ ਰੱਖਿਆ ਜਾਵੇ। ਚੇਅਰ ਨੂੰ ਐਡਰੈਸ ਕੀਤਾ ਜਾਵੇ। ਬੈਠੋ, ਬੈਠੋ। ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ) (ਵਿਦਿਆਰਥੀ ਜਗਜੀਵਨ ਸਿੰਘ, ਸਰਕਾਰੀ ਹਾਈ ਸਕੂਲ, ਬੰਗਸੀਪੁਰ):** ਮਾਣਯੋਗ ਸਪੀਕਰ ਸਾਹਿਬ ਅਤੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ। ਪੰਜਾਬ ਵਿੱਚ ਲੋਕਤੰਤਰ ਨੂੰ ਕਈ ਤਰੀਕਿਆਂ ਨਾਲ ਮਜ਼ਬੂਤ ਕੀਤਾ ਜਾ ਸਕਦਾ ਹੈ। ਜੇ ਅਸੀਂ ਨਾਗਰਿਕ ਪੱਧਰ ਤੇ ਗੱਲ ਕਰੀਏ, ਨਾਗਰਿਕ ਜ਼ਿੰਮੇਦਾਰੀ, ਨਾਗਰਿਕ ਜਾਗਰੂਕ ਅਤੇ ਇਮਾਨਦਾਰ ਹੋਵੇ ਅਤੇ ਚੋਣਾਂ ਵਿੱਚ ਸਹੀ ਉਮੀਦਵਾਰ ਦੀ ਚੋਣ ਕਰੇ। ਕਾਨੂੰਨ ਦੀ ਪਾਲਣਾ ਕਰੇ ਅਤੇ ਭ੍ਰਿਸ਼ਟਾਚਾਰ ਦਾ ਵਿਰੋਧ ਕਰੇ।

**ਮਾਣਯੋਗ ਸਪੀਕਰ (ਜਗਮੰਦਰ ਸਿੰਘ):** ਇਹ ਕਰਨਗੇ ਭ੍ਰਿਸ਼ਟਾਚਾਰ ਦਾ ਵਿਰੋਧ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਸਮੂਹ ਮੈਂਬਰਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਸਮੂਹ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਵਿਦਿਆਰਥੀ ਜਗਜੀਵਨ ਸਿੰਘ):** ਮਾਣਯੋਗ ਸਪੀਕਰ ਸਾਹਿਬ, ਸਮਾਜ ਵਿੱਚ ਏਕਤਾ ਬਣਾਈ ਰੱਖਣੀ, ਸਰਕਾਰੀ ਅਤੇ ਜਨਤਕ ਥਾਵਾਂ ਤੇ ਪੰਜਾਬੀ ਭਾਸ਼ਾ ਦੀ ਲਾਜ਼ਮੀ ਵਰਤੋਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। (ਵਿਘਨ, ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਸਮੂਹ ਮੈਂਬਰਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਸਮੂਹ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---

## SHORT ADJOURNMENT OF THE HOUSE

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਮੈਂ ਹਾਊਸ ਨੂੰ 2.00 ਵਜੇ ਬਾਅਦ ਦੁਪਹਿਰ ਤੱਕ ਐਡਜਰਨ ਕਰਦਾ ਹਾਂ।

*1.30 ਵਜੇ ਬਾ:ਦੁ: (ਇਸ *ਸਮੇਂ ਸਦਨ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

*2.00 ਵਜੇ ਬਾ:ਦੁ: (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

--------

## ADDRESS BY HON'BLE SPEAKER (SARDAR KULTAR SINGH SANDHWAN)

**ਮਾਣਯੋਗ ਸਪੀਕਰ (ਸਰਦਾਰ ਕੁਲਤਾਰ ਸਿੰਘ ਸੰਧਵਾਂ)** : ਮੈਂ ਆਸ ਕਰਦਾ ਹਾਂ ਕਿ ਸਾਡੇ ਸਾਰੇ ਸਤਿਕਾਰਯੋਗ ਮਾਣਯੋਗ ਐਮ.ਐਲ.ਏ. ਸਾਹਿਬਾਨ, ਮੰਤਰੀ ਸਾਹਿਬਾਨ ਨੇ ਖਾਣਾ ਖਾ ਲਿਆ ਹੋਵੇਗਾ। ਸਾਰਿਆਂ ਨੇ ਖਾਣਾ ਖਾ ਲਿਆ ਹੈ? ਕੋਈ ਰਹਿ ਤਾਂ ਨਹੀਂ ਗਿਆ ਹੈ?

**ਆਵਾਜ਼ਾਂ :** ਹਾਂ ਜੀ।

**ਮਾਣਯੋਗ ਸਪੀਕਰ** : Very Good. ਤੁਹਾਡੇ ਨਾਲ ਆਏ ਹੋਏ ਟੀਚਰ ਸਾਹਿਬਾਨ, ਸਿੱਖਿਆ ਮਹਿਕਮੇ ਦੇ ਅਫ਼ਸਰ ਸਾਹਿਬਾਨ, ਵਿਧਾਨ ਸਭਾ ਦੇ ਸਟਾਫ ਨੇ ਵੀ ਖਾਣਾ ਖਾ ਲਿਆ ਹੋਵੇਗਾ। ਜੇ ਕੋਈ ਰਹਿ ਗਿਆ ਹੋਵੇ ਤਾਂ ਖਾ ਕੇ ਆ ਸਕਦਾ ਹੈ।

ਬੱਚਿਓ, ਜਿਹੜੇ ਐਮ.ਐਲ.ਏ. ਹੁੰਦੇ ਹਨ, ਮੰਤਰੀ ਹੁੰਦੇ ਹਨ ਜਾਂ ਸਰਕਾਰ ਦੇ ਵੱਡੇ ਅਫ਼ਸਰ ਹੁੰਦੇ ਹਨ, ਉਹ ਸਮਾਜ ਦੇ ਨਾਇਕ ਹੁੰਦੇ ਹਨ। ਉਨ੍ਹਾਂ ਨੂੰ ਦੇਖ ਕੇ ਬੱਚੇ ਆਪਣੇ ਵਿਵਹਾਰ ਦੀ ਢਾਲਣਾ ਕਰਦੇ ਹਨ। ਸੋ, ਹੁਣ ਜਿਹੜੀ ਡਿਬੇਟ ਹੋਈ ਹੈ ਉਸ ਵਿੱਚ ਉਸ ਤਰ੍ਹਾਂ ਦਾ ਵਿਵਹਾਰ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਦਾ ਤੁਸੀਂ ਚਾਹੁੰਦੇ ਹੋ ਕਿ ਪੰਜਾਬ ਵਿੱਚ ਹੋਵੇ। ਹੁਣ ਜਿਹੜੀ ਡਿਬੇਟ ਹੈ, ਇਹ ਬਹਿਸ ਨਹੀਂ ਚਰਚਾ ਹੋਵੇ। ਕਿਸੇ ਨੇ ਕਿਸੇ ਦੀ ਗੱਲ ਨਹੀਂ ਕੱਟਣੀ। ਜਦੋਂ ਗੱਲ ਪੂਰੀ ਹੋ ਜਾਵੇ ਤਾਂ ਉਸ ਤੋਂ ਬਾਅਦ ਜਵਾਬ ਦੇਣਾ ਹੈ। ਮਤਲਬ ਭਵਿੱਖ ਦੀ, ਪੜ੍ਹੇ-ਲਿਖੇ ਪੰਜਾਬ ਦੀ, ਇੱਕ ਸੁਹਿਰਦ ਪੰਜਾਬ ਦੀ, ਅੱਗੇ ਵਧਦੇ ਪੰਜਾਬ ਦੀ ਪੰਜਾਬ ਵਿਧਾਨ ਸਭਾ ਕਿਸ ਤਰ੍ਹਾਂ ਦੀ ਹੋਵੇ, ਉਸ ਤਰ੍ਹਾਂ ਦਾ ਇੱਕ ਮੰਜ਼ਰ ਬਣਾਉਣਾ ਹੈ। ਸੋ, ਮੈਂ ਆਸ ਕਰਦਾ ਹਾਂ ਕਿ ਤੁਸੀਂ ਇੱਕ ਵਧੀਆ ਤਜ਼ਰਬਾ ਲੈ ਕੇ ਜਾਉਗੇ, ਵਧੀਆ ਗੱਲਾਂ ਸਿੱਖ ਕੇ ਜਾਉਗੇ। ਇਹ ਉਹ ਜਗ੍ਹਾ ਹੈ ਜਿੱਥੇ ਬੈਠੇ ਲੋਕਾਂ ਦਾ ਦਰਜਾ official prestige ਵਿੱਚ ਸਭ ਤੋਂ ਉਪਰ ਹੈ। ਪੰਜਾਬ ਵਿੱਚ ਜਿੰਨੇ ਵੀ ਅਫ਼ਸਰ ਹਨ, ਜਿੰਨੇ ਵੀ ਅਧਿਕਾਰੀ ਹਨ, ਸਾਰੇ ਤੁਹਾਨੂੰ ਜਵਾਬਦੇਹ ਹਨ। ਸੋ, ਜਿੰਨਾ ਵੱਡਾ ਰੁਤਬਾ ਹੁੰਦਾ ਹੈ ਉੱਨਾ ਹੀ ਰਿਸਪਾਂਸੀਬਲ, ਸੰਵੇਦਨਸ਼ੀਲ ਤੇ ਸਿਆਣਪ ਭਰਿਆ ਵਿਵਹਾਰ ਹੁੰਦਾ ਹੈ। ਸੋ, ਮੈਂ ਆਸ ਕਰਦਾ ਹਾਂ ਕਿ ਹੁਣ ਵਾਲਾ ਸੈਸ਼ਨ ਤੁਹਾਡਾ ਪੂਰੀ ਸ਼ਾਂਤੀ ਨਾਲ ਚਲੇਗਾ ਔਰ ਤੁਸੀਂ ਆਪਣੇ ਸ਼ਬਦਾਂ

ਵਿੱਚ ਪੂਰੇ ਲਫਜ਼ ਭਰ ਕੇ ਅਤੇ ਫੋਰਸਫੁਲੀ ਅਤੇ ਤਸੱਲੀ ਨਾਲ ਗੱਲ ਕਹਿਣੀ ਹੈ। So, let's start. Thank you. (Thumping)

-------

## COLLECTIVE DISCUSSION ON THE ISSUES OF CONSTITUTION, DEMOCRACY AND LAW AND ORDER *(RESUMPTION)*

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਜਲਾਲਾਬਾਦ ਤੋਂ ਜਗਦੀਪ ਕੰਬੋਜ ਗੋਲਡੀ।

(ਇਸ ਸਮੇਂ ਸ੍ਰੀ ਜਗਦੀਪ ਕੰਬੋਜ ਗੋਲਡੀ ਬੋਲਣ ਲਈ ਖੜ੍ਹੇ ਨਹੀਂ ਹੋਏ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਗੁਰੂ ਹਰ ਸਹਾਏ ਤੋਂ ਫੌਜਾ ਸਿੰਘ ਜੀ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ) (ਵਿਦਿਆਰਥੀ ਨਵਦੀਪ ਸਿੰਘ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਗੁੰਦੜ ਢੰਡੀ):** ਮਾਣਯੋਗ ਸਪੀਕਰ ਸਾਹਿਬ ਅਤੇ ਇੱਥੇ ਬੈਠੇ ਸਾਡੇ ਮੈਂਬਰ ਸਾਹਿਬਾਨ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਅੱਜ ਤੁਸੀਂ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ। ਅੱਜ ਮੈਂ ਸੰਵਿਧਾਨਿਕ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੁਝ ਗੱਲਾਂ ਕਰਾਂਗਾ। ਸੰਵਿਧਾਨਿਕ ਭਾਵਨਾ ਨੂੰ ਉਤਸ਼ਾਹਿਤ ਕਰਨ ਦਾ ਮਤਲਬ ਹੈ ਕਿ ਲੋਕਾਂ ਦੇ ਮਨਾਂ ਦੇ ਵਿੱਚ ਸੰਵਿਧਾਨ ਪ੍ਰਤੀ ਸਮਰਪਨ, ਸਤਿਕਾਰ, ਭਰੋਸਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਪੈਦਾ ਕਰਨਾ। ਜੇਕਰ ਇਹ ਭਾਵਨਾਵਾਂ ਲੋਕਾਂ ਵਿੱਚ ਨਹੀਂ ਪੈਦਾ ਹੋਣਗੀਆਂ ਤਾਂ ਅਸੀਂ ਸੰਵਿਧਾਨ ਦੀ ਭਾਵਨਾ ਨੂੰ ਉਤਸ਼ਾਹਿਤ ਨਹੀਂ ਕਰ ਸਕਦੇ। ਇਸ ਦਾ ਮੂਲ ਮਕਸਦ ਇਹ ਹੈ ਕਿ ਨਾਗਰਿਕ ਆਪਣੇ ਦੇਸ਼ ਦੇ ਨਿਯਮਾਂ, ਅਧਿਕਾਰਾਂ, ਫਰਜ਼ਾਂ ਅਤੇ ਲੋਕਤੰਤਰ ਦੀ ਮਹੱਤਤਾ ਨੂੰ ਸਮਝਣ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਯੂਟੇਲਾਈਜ਼ ਕਰਨ ਅਤੇ ਫਰਜ਼ਾਂ ਨੂੰ ਸਹੀ ਤਰੀਕੇ ਨਾਲ ਸਮਝ ਕੇ ਉਨ੍ਹਾਂ ਦਾ ਸਹੀ ਤਰੀਕੇ ਨਾਲ ਇਸਤੇਮਾਲ ਕਰਨ। ਇਸ ਦੇ ਕੁਝ ਮਹੱਤਵਪੂਰਣ ਪੁਆਇੰਟ ਹਨ। 1. ਸੰਵਿਧਾਨਕ ਭਾਵਨਾ ਨੂੰ ਦੱਸਣਾ। ਲੋਕਾਂ ਨੂੰ ਇਹ ਦੱਸਣਾ ਕਿ ਸੰਵਿਧਾਨ ਸਾਡਾ ਸਭ ਤੋਂ ਵੱਡਾ ਕਾਨੂੰਨ ਹੈ। ਜੇਕਰ ਲੋਕਾਂ ਨੂੰ ਇਹ ਸਹੀ ਤਰੀਕੇ ਨਾਲ ਸਮਝ ਲਗੇਗੀ ਤਾਂ ਹੀ ਸਾਡਾ ਦੇਸ਼ ਇੱਕ ਵਧੀਆ ਧਾਰਾ ਵਿੱਚ ਚਲ ਸਕਦਾ ਹੈ। 2. ਅਧਿਕਾਰਾਂ ਬਾਰੇ ਜਾਣਕਾਰੀ ਦੇਣਾ। ਹਰ ਨਾਗਰਿਕ ਦੇ ਫੰਡਾਮੈਂਟਲ ਰਾਇਟਸ ਹਨ ਜਿਵੇਂ ਕਿ ਬੋਲਣ ਦੀ ਆਜ਼ਾਦੀ, ਸਿੱਖਿਆ ਦੀ ਆਜ਼ਾਦੀ, ਸਮਾਨਤਾ ਦਾ ਹੱਕ, ਇਹ ਸਾਡੇ ਫੰਡਾਮੈਂਟਲ ਰਾਇਟਸ ਹਨ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕਨਕਲੂਡ ਕਰਕੇ ਬੋਲੋ ਜੀ।

**ਸਰਦਾਰ ਫੌਜਾ ਸਿੰਘ (ਵਿਦਿਆਰਥੀ ਨਵਦੀਪ ਸਿੰਘ)**: ਇਹ ਅਧਿਕਾਰ ਸਾਨੂੰ ਬੋਲਣ ਦੀ ਆਜ਼ਾਦੀ ਦਿੰਦੇ ਹਨ, ਸਿੱਖਿਆ ਦਿੰਦੇ ਹਨ ਅਤੇ ਸਮਾਨਤਾ ਦਾ ਹੱਕ ਦਿੰਦੇ ਹਨ। ਧੰਨਵਾਦ ਜੀ। (ਥੰਪਿੰਗ)

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.) (ਵਿਦਿਆਰਥੀ ਪਵਨ ਕੁਮਾਰ, ਸਕੂਲ ਆਫ ਐਮੀਨੈਂਸ, ਆਦਮਪੁਰ)**: ਮਾਣਯੋਗ ਸਪੀਕਰ ਸਾਹਿਬ, ਸੰਸਦ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕ੍ਰਿਪਾ ਕਰਕੇ ਧਿਆਨ ਦਿਓ ਜੀ, ਬੁਲਾਰੇ ਬਹੁਤ ਹਨ ਤਾਂ ਆਪਣੀ ਗੱਲ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਕਹਿਣ ਦੀ ਕ੍ਰਿਪਾਲਤਾ ਕਰੋ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਵਿਦਿਆਰਥੀ ਪਵਨ ਕੁਮਾਰ):** ਮੈਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਸਪੀਕਰ ਸਾਹਿਬ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਇਸ ਸੰਸਦ ਵਿੱਚ ਮੌਜੂਦ ਹੋਣ ਦਾ ਮੌਕਾ ਬਖਸ਼ਿਆ। ਮੈਂ ਮੌਜੂਦਾ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਪੁਲ ਜੋ ਕਿ ਸਾਲ 2016 ਤੋਂ ਲਟਕ ਰਿਹਾ ਹੈ ਅਤੇ ਉਸ ਦੀਆਂ ਆਲੇ-ਦੁਆਲੇ ਦੀਆਂ ਸੜਕਾਂ ਜੋ ਕਿ ਪੂਰੀ ਤਰ੍ਹਾਂ ਖਰਾਬ ਹਨ ਅਤੇ ਟੁੱਟੀਆਂ ਹੋਈਆਂ ਹਨ ਉਸ ਦੀ ਮੁਰੰਮਤ ਵਾਸਤੇ ਜਾਂ ਪੁਲ ਬਣਾਉਣ ਵਾਸਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧਿਆਨ ਦਿਓ ਜੀ, ਇਹ ਪ੍ਰਸ਼ਨ ਕਾਲ ਨਹੀਂ ਹੈ ਅਤੇ ਜੋ ਵਿਸ਼ੇ ਦਿੱਤੇ ਗਏ ਹਨ, ਉਨ੍ਹਾਂ ਤੇ ਹੀ ਆਪਾਂ ਚਰਚਾ ਕਰ ਲਈਏ ਅਤੇ ਉਨ੍ਹਾਂ ਵਿਸ਼ਿਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਬੋਲਿਆ ਜਾਵੇ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਵਿਦਿਆਰਥੀ ਪਵਨ ਕੁਮਾਰ)**: ਸਰ, ਇਹ ਵਿਕਾਸ ਦੇ ਵਿੱਚ ਹੀ ਆਉਂਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਆਪਣੇ ਹਲਕੇ ਦੀ ਸਮੱਸਿਆ ਬਾਰੇ ਤੁਸੀਂ ਦੱਸ ਸਕਦੇ ਹੋ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਵਿਦਿਆਰਥੀ ਪਵਨ ਕੁਮਾਰ)**: ਸਰ, ਇਹ ਹਲਕੇ ਦੀ ਸਮੱਸਿਆ ਹੀ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਤੁਹਾਡੀ ਗੱਲ ਆ ਗਈ ਹੈ। ਬੈਠੋ।

**ਟਰਾਂਸਪੋਰਟ ਮੰਤਰੀ, ਸਰਦਾਰ ਲਾਲਜੀਤ ਸਿੰਘ ਭੁੱਲਰ (ਵਿਦਿਆਰਥੀ ਗੁਰਸੇਵਕ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਰੀਕੇ):** ਧੰਨਵਾਦ ਸਪੀਕਰ ਸਾਹਿਬ, ਅੱਜ ਇਸ ਪਵਿੱਤਰ ਸਦਨ ਵਿੱਚ ਸੰਵਿਧਾਨਕ ਭਾਵਨਾ ਦੇ ਮੁੱਦੇ ਤੇ ਇੱਕ ਵਿਚਾਰ ਚੱਲ ਰਹੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਭਾਰਤ ਦਾ ਸੰਵਿਧਾਨ ਇੱਕ ਬੜਾ ਮਹਾਨ ਸੰਵਿਧਾਨ ਹੈ, ਇਸ ਨੇ ਸਵਾਮੀ ਕੇਸ਼ਵਾਨੰਦ ਭਾਰਤੀ ਜੀ ਦੇ ਨਿਆਂ ਦੇ ਨਾਲ ਐਮਰਜੈਂਸੀ ਦੇ ਰੂਪ ਵਿੱਚ ਅਗਨਿਪਰੀਕਸ਼ਾ ਵੀ ਦੇਖਿਆ ਔਰ ਸੰਵਿਧਾਨ ਸਾਨੂੰ ਬਰਾਬਰਤਾ ਦਾ ਅਧਿਕਾਰ ਦਿੰਦਾ ਹੈ ਔਰ ਸਾਡੀ ਪਾਰਟੀ ਇਸ ਲਈ ਵਚਨਬੱਧ ਹੈ। ਸਾਡੀ ਸਰਕਾਰ ਇਸ ਲਈ ਦਿਨ ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਅਜੋਕੇ ਸਮੇਂ ਵਿੱਚ ਜਦੋਂ ਸਾਡੀ ਕੇਂਦਰ ਸਰਕਾਰ ਵਨ ਨੇਸ਼ਨ ਵਨ ਇਲੈਕਸ਼ਨ ਵਰਗੀ ਗੱਲਾਂ ਲੈ ਕੇ ਆਉਂਦੀ ਹੈ ਤਾਂ ਸਾਡੇ ਸੰਵਿਧਾਨ ਨੂੰ ਉਸ ਵੇਲੇ ਖਤਰਾ ਮਹਿਸੂਸ ਹੁੰਦਾ ਹੈ (ਥੰਪਿੰਗ)। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਵਨ ਨੇਸ਼ਨ ਵਨ ਇਲੈਕਸ਼ਨ ਨਹੀਂ ਚਾਹੀਦੀ, ਸਾਨੂੰ ਵਨ ਨੇਸ਼ਨ ਵਨ ਐਜੂਕੇਸ਼ਨ, ਵਨ ਨੇਸ਼ਨ ਵਨ ਹੈਲਥ ਚਾਹੀਦੀ ਹੈ (ਥੰਪਿੰਗ)। ਅੱਜ ਅਮੀਰਾਂ ਦੇ ਬੱਚੇ ਕਿੱਥੇ ਪੜ੍ਹਦੇ ਹਨ? ਡਲਹੋਜ਼ੀ, ਮਨਸੂਰੀ। ਸਾਡੇ ਆਮ ਘਰਾਂ ਦੇ ਬੱਚੇ ਕਿੱਥੇ ਪੜ੍ਹਦੇ ਹਨ? ਇਸ ਬਾਰੇ ਅੱਜ ਕੇਂਦਰ ਦੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਜਿਹੜੀਆਂ ਇਹ ਗੱਲਾਂ ਕਰਦੇ ਹਨ, ਇਸ ਨਾਲ ਇਹ ਸਾਡੀਆਂ ਖੇਤਰੀ ਪਾਰਟੀਆਂ ਨੂੰ ਖਤਮ ਕਰਨਾ ਚਾਹੁੰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਾਰਿਆਂ ਨੂੰ ਪਾਰਟੀਆਂ ਤੋਂ ਉੱਪਰ ਉੱਠ ਕੇ ਸਾਡੇ 13 ਦੇ 13 ਐਮ.ਪੀ. ਇਸ ਸਬੰਧੀ ਪਾਰਲੀਮੈਂਟ ਵਿੱਚ ਵਿਰੋਧ ਕਰਨ ਕਿ ਇਹ ਚੀਜ਼ ਗਲਤ ਹੈ ਅਤੇ ਇਹ ਚੀਜ਼ ਆਪਾਂ ਪਾਸ ਨਹੀਂ ਹੋਣ ਦੇਵਾਂਗੇ। ਇਸ ਲਈ ਭਾਵੇਂ ਅਸੀਂ 13 ਹੀ ਹਾਂ, ਜਦੋਂ ਅਸੀਂ 13 ਉੱਥੇ ਜਾ ਕੇ ਬੋਲਾਂਗੇ ਤਾਂ ਸਾਰਾ ਹਿੰਦੁਸਤਾਨ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਬੋਲੇਗਾ (ਥੰਪਿੰਗ)। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਵਿਕਾਸ ਦੀ ਗੱਲ ਕਰਾਂਗਾ, ਵਿਕਾਸ ਦੇ ਸਬੰਧ ਵਿੱਚ ਕੁਝ ਮੇਨ-ਮੇਨ ਪੱਟੀ ਦੇ ਹਲਕੇ ਦੇ ਚੋਣਵੇਂ ਪੰਜ ਮੁੱਦੇ ਹਨ। ਮੈਂ ਜ਼ੀਰੋ ਆਵਰ ਵਿੱਚ ਕਹਿਣਾ ਚਾਹੁੰਦਾ ਸੀ ਪਰ ਸਮਾਂ ਨਾ ਮਿਲਣ ਕਰਕੇ ਹੁਣ ਕਹਿਣੇ ਹੀ ਪੈਣਗੇ। ਪਹਿਲੇ ਨੰਬਰ ਤੇ ਸਾਡੀ ਸ਼ੇਰੋਂ ਦੀ ਖੰਡ ਮਿੱਲ ਬਾਰੇ ਹੈ, ਸਾਡਾ ਤਰਨਤਾਰਨ ਦਾ ਮੰਡ ਦਾ ਇਲਾਕਾ ਹੋਣ ਕਰਕੇ ਉਹ ਮਿੱਲ ਚਲਾ ਦਿੱਤੀ ਜਾਵੇ। ਸਾਡਾ ਜਿੰਨਾ ਖੇਤਰ ਹੈ, ਉਹ ਕਿਸਾਨ ਗੰਨਾ ਬੀਜਣਾ ਚਾਹੁੰਦੇ ਹਨ ਔਰ ਰਵਾਇਤੀ ਫਸਲਾਂ ਤੋਂ ਛੁਟਕਾਰਾ ਚਾਹੁੰਦੇ ਹਨ। ਕਣਕ ਅਤੇ ਝੋਨੇ ਹੇਠੋਂ ਰਕਬਾ ਘਟੇਗਾ। ਪਿਛਲੀਆਂ ਸਰਕਾਰਾਂ ਨੇ ਕੁਝ ਚਲਦੀਆਂ ਮਿੱਲਾਂ

ਨੂੰ ਬੰਦ ਕਰ ਦਿੱਤਾ, ਨੈਸ਼ਨਲ ਹਾਈਵੇ 56 ਦੇ ਜਿਹੜੇ ਜ਼ਮੀਨ ਦੇ ਪੈਸੇ ਆਏ ਹਨ, ਇਹ ਉਸ ਨਾਲ ਚਲਦੀ ਹੈ, ਇਸ ਲਈ ਉਦਯੋਗ ਮੰਤਰੀ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਸਾਡੀ ਪੱਟੀ ਦੀ ਇਤਿਹਾਸਕ ਰੋਈ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਤੁਹਾਡੀ ਗੱਲ ਲਾਜ਼ਮੀ ਹੈ। ਕਨਕਲੂਡ ਕਰ ਲਵੋ।

**ਟਰਾਂਸਪੋਰਟ ਮੰਤਰੀ (ਵਿਦਿਆਰਥੀ ਗੁਰਸੇਵਕ ਸਿੰਘ):** ਬਸ ਦੋ ਮਿੰਟ ਜੀ। ਇਸ ਪੱਟੀ ਦੀ ਰੋਈ ਨੂੰ ਸਾਫ ਕੀਤਾ ਜਾਵੇ। ਕਿਸੇ ਟਾਈਮ ਇਤਿਹਾਸ ਵਿੱਚ ਜਦੋਂ ਬਾਬਾ ਬਿਧੀ ਚੰਦ ਜੀ ਇੱਥੇ ਆਏ ਤਾਂ ਉਦੋਂ ਇਹ ਰੋਈ ਸਾਫ ਹੁੰਦੀ ਸੀ। ਉਨ੍ਹਾਂ ਨੇ ਇਸ਼ਨਾਨ ਵੀ ਕੀਤਾ ਸੀ ਅਤੇ ਇੱਥੇ ਇਤਿਹਾਸਕ ਗੁਰਦੁਆਰਾ ਸਾਹਿਬ ਵੀ ਹੈ। ਇਸ ਦੀ ਸਫਾਈ ਜ਼ਰੂਰ ਕਰਵਾਈ ਜਾਵੇ। ਇਹ ਸਾਡੀ ਪੱਟੀ ਦੀ ਸ਼ੋਭਾ ਮਾਰਦੀ ਹੈ ਜੀ। ਲਾਅ ਯੂਨੀਵਰਸਿਟੀ ਇਨਕੰਪਲੀਟ ਹੈ, ਥੋੜ੍ਹਾ ਬਹੁਤ ਕੰਮ ਰਹਿੰਦਾ ਹੈ, ਉਹ ਕਰਵਾ ਦੇਈਏ ਜੀ। ਇਸ ਦੇ ਨਾਲ ਹੀ ਪੱਟੀ ਨੇੜਲੇ ਦਰਿਆ ਹੋਣ ਕਰਕੇ ਬਾਗਬਾਨੀ ਬਹੁਤ ਵੱਡੇ ਪੱਧਰ ਤੇ ਹੁੰਦੀ ਸੀ, ਪਿਛਲੀਆਂ ਸਰਕਾਰਾਂ ਨੇ ਉਸ ਦਾ ਭੱਠਾ ਬਿਠਾ ਦਿੱਤਾ। ਆਪਾਂ ਉਸ ਵੱਲ ਵੀ ਧਿਆਨ ਦੇਈਏ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ। ਹੋਰ ਬੁਲਾਰੇ ਵੀ ਹਨ। ਆਪਾਂ ਉਨ੍ਹਾਂ ਨੂੰ ਵੀ ਟਾਈਮ ਦੇਣਾ ਹੈ।

**ਟਰਾਂਸਪੋਰਟ ਮੰਤਰੀ (ਵਿਦਿਆਰਥੀ ਗੁਰਸੇਵਕ ਸਿੰਘ):** ਬੱਸ ਇੱਕ ਮਿੰਟ ਜੀ। ਮੇਰੀ ਇੱਕ ਬੇਨਤੀ ਹੈ। ਹਰੀਕੇ ਝੀਲ ਦੀ ਗੱਲ ਰਹਿੰਦੀ ਹੈ, ਉੱਥੇ ਪਿਛਲੀਆਂ ਸਰਕਾਰਾਂ ਨੇ ਵੱਡੇ ਵੱਡੇ ਐਲਾਨ ਕਰ ਦਿੱਤੇ ਪਰ ਉਹ ਮੈਨੂੰ ਨਹੀਂ ਪਤਾ ਲੱਗਿਆ ਕਿ ਪੈਸਾ ਕਿੱਥੇ ਗਿਆ ਜੀ। ਕਿਸੇ ਨੇ ਕਿਹਾ ਕਿ ਅਸੀਂ ਪਾਣੀ ਵਾਲੀ ਬੱਸ ਚਲਾ ਦੇਵਾਂਗੇ ਜੀ। ਉਹ ਗਬਨ ਹੋ ਗਿਆ ਹੈ ਜੀ। ਇਸ ਵੱਲ ਜ਼ਰੂਰ ਧਿਆਨ ਦੇਈਏ। ਇਹ ਟੂਰਿਜ਼ਮ ਨਾਲ ਸਬੰਧਤ ਹੈ। ਧੰਨਵਾਦ ਜੀ (ਥੰਪਿੰਗ)।

**ਸ਼੍ਰੀ ਨਰੇਸ਼ ਕਟਾਰੀਆ (ਜੀਰਾ) (ਵਿਦਿਆਰਥੀ ਮਨਦੀਪ ਸਿੰਘ, ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਜੀਰਾ):** ਸਪੀਕਰ ਸਾਹਿਬ ਅਤੇ ਇਸ ਪਵਿੱਤਰ ਸਦਨ ਵਿੱਚ ਹਾਜ਼ਰ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ਼੍ਰੀ ਅਕਾਲ ਜੀ। ਮੈਂ ਮਨਦੀਪ ਸਿੰਘ, ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਜੀਰਾ ਦਾ ਵਿਦਿਆਰਥੀ ਹਾਂ। ਮੈਂ ਮਾਣਯੋਗ ਵਿਧਾਇਕ ਸ਼੍ਰੀ ਨਰੇਸ਼ ਕਟਾਰੀਆ ਜੋ ਕਿ ਜੀਰਾ ਤੋਂ ਵਿਧਾਇਕ ਹਨ, ਉਨ੍ਹਾਂ ਦਾ ਰੋਲ ਅਦਾ ਕਰ ਰਿਹਾ ਹਾਂ। ਮੈਂ ਸਾਡੇ ਹਲਕੇ ਦੀਆਂ ਕੁਝ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹਾਂਗਾ। ਮੈਂ ਆਪਣੇ ਹਲਕੇ ਦੇ ਕੁਝ ਕੰਮਾਂ ਬਾਰੇ ਦੱਸਣਾ ਚਾਹਾਂਗਾ, ਸਾਡੇ ਹਲਕੇ ਵਿੱਚ ਇੱਕ ਹੀ ਸਰਕਾਰੀ ਹਸਪਤਾਲ ਹੈ, ਜੋ ਕਿ ਸ਼ਹਿਰ ਦੇ ਬਿਲਕੁਲ ਅੰਦਰ ਹੈ। ਜੇਕਰ ਕਿਸੇ ਨੂੰ ਦੂਰ ਜਾਂ ਬਸਤੀਆਂ ਵਿੱਚੋਂ ਆਉਣਾ ਪੈਂਦਾ ਹੈ ਤਾਂ ਉਸ ਦੀ ਜਾਨ ਲਈ ਖਤਰਾ ਹੁੰਦਾ ਹੈ। ਅਸੀਂ ਚਾਹੁੰਦੇ ਹਾਂ ਕਿ ਸਰਕਾਰੀ ਹਸਪਤਾਲ ਨੂੰ ਕੱਢ ਕੇ ਕਿਸੇ ਖੁੱਲ੍ਹੇ ਥਾਂ ਤੇ ਬਣਾਇਆ ਜਾਵੇ।

ਸਾਡੇ ਹਲਕੇ ਵਿੱਚ ਕੋਈ ਵੀ ਪਬਲਿਕ ਲਾਇਬ੍ਰੇਰੀ ਨਹੀਂ ਹੈ, ਜਿਸ ਕਾਰਨ ਬੱਚੇ ਲਿਟਰੇਚਰ ਤੋਂ ਵਾਂਝੇ ਹਨ। ਸੋ, ਬੱਚਿਆਂ ਨੂੰ ਆਪਣੇ ਕੈਰੀਅਰ ਬਣਾਉਣ ਲਈ, ਆਈ.ਏ.ਐਸ. ਅਤੇ ਆਈ.ਪੀ.ਐਸ. ਆਦਿ ਦੀ ਤਿਆਰੀ ਲਈ ਲਿਟਰੇਚਰ ਦਾ ਗਿਆਨ ਮੁਹੱਈਆ ਕਰਵਾਉਣ ਲਈ ਇੱਕ ਲਾਇਬ੍ਰੇਰੀ ਜ਼ਰੂਰ ਬਣਾਈ ਜਾਵੇ ਤਾਂ ਜੋ ਬੱਚਿਆਂ ਨੂੰ ਇਸ ਦਾ ਫਾਇਦਾ ਮਿਲ ਸਕੇ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ) (ਵਿਦਿਆਰਥੀ ਸਮਰਿੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਾਲੀ):** ਮਾਣਯੋਗ ਸਪੀਕਰ ਸਾਹਿਬ ਅਤੇ ਇਸ ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ਼੍ਰੀ ਅਕਾਲ ਜੀ। ਮੈਂ ਸਮਰਿੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਾਲੀ ਦਾ ਵਿਦਿਆਰਥੀ

ਹਾਂ। ਮੈਂ ਅੱਜ ਆਪਣੇ ਹਲਕੇ ਤੋਂ ਵਿਧਾਇਕ ਸਰਦਾਰ ਪਰਗਟ ਸਿੰਘ ਪੋਆਰ ਜੀ ਨੂੰ ਰੀਪ੍ਰੈਜੈਂਟ ਕਰਨ ਆਇਆ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੌਜੂਦਾ ਸਰਕਾਰ ਤੱਕ ਆਪਣੀ ਗੱਲ ਪਹੁੰਚਾਉਣੀ ਚਾਹੁੰਦਾ ਹਾਂ ਕਿ ਮੈਂ ਆਪਣੇ ਹਲਕੇ ਦਾ ਲਗਾਤਾਰ ਦੌਰਾ ਕਰਦਾ ਰਹਿੰਦਾ ਹਾਂ ਪਰੰਤੂ ਮੈਨੂੰ ਉਥੇ ਸੜਕਾਂ ਦਾ ਠੀਕ ਵਿਕਾਸ ਦੇਖਣ ਨੂੰ ਨਹੀਂ ਮਿਲ ਰਿਹਾ ਹੈ। ਸਪੀਕਰ ਸਾਹਿਬ, ਮੈਂ ਸਬੰਧਤ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਸਬੰਧੀ ਇੱਥੇ ਡਾਟਾ ਦੱਸਣ ਕਿ ਉਨ੍ਹਾਂ ਵੱਲੋਂ ਸਾਲ 2022 ਤੋਂ ਲੈ ਕੇ ਹੁਣ ਤੱਕ ਕਿੰਨੀਆਂ ਸੜਕਾਂ ਨਵੀਆਂ ਬਣਾਈਆਂ ਹਨ ਅਤੇ ਕਿੰਨੀਆਂ ਦੀ ਮੁਰੰਮਤ ਕਰਵਾਈ ਗਈ ਹੈ? ਧੰਨਵਾਦ ਜੀ। (ਥੰਪਿੰਗ)

**ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾਪੁਰਾਣਾ) (ਵਿਦਿਆਰਥੀ ਸਾਹਿਲਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰਗੜ੍ਹ, ਮੋਗਾ):** ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ ਅਤੇ ਇਸ ਸਦਨ ਵਿੱਚ ਮੌਜੂਦ ਮੈਂਬਰ ਸਾਹਿਬ ਸਾਰਿਆਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਮੇਰਾ ਨਾਮ ਸਾਹਿਲਪ੍ਰੀਤ ਸਿੰਘ ਹੈ। ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰਗੜ੍ਹ ਵਿਖੇ ਪੜ੍ਹਦਾ ਹਾਂ। ਮੈਂ ਆਪਣੇ ਹਲਕੇ ਦੇ ਮਾਣਯੋਗ ਵਿਧਾਇਕ, ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਜੀ ਦਾ ਰੋਲ ਅਦਾ ਕਰ ਰਿਹਾ ਹਾਂ। ਮੈਂ ਤੁਹਾਡੇ ਸਾਹਮਣੇ ਆਪਣੇ ਹਲਕੇ ਦੀਆਂ ਸਮੱਸਿਆਵਾਂ ਨੂੰ ਦੱਸਣਾ ਚਾਹਾਂਗਾ। ਆਪਣੀ ਸਰਕਾਰ ਸਿਹਤ ਅਤੇ ਸਿੱਖਿਆ ਵਿੱਚ ਬਹੁਤ ਜ਼ਿਆਦਾ ਪਰਪੱਕ ਹੈ। ਸਰਕਾਰ ਵੱਲੋਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਸਕੂਲਾਂ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ ਪਰੰਤੂ ਮੈਂ ਇਹ ਮਹਿਸੂਸ ਕੀਤਾ ਹੈ ਕਿ ਜਿਹੜੇ ਟੀਚਰਜ਼ ਸਕੂਲਾਂ ਵਿੱਚ ਪੀਰੀਅਡ ਲਗਾਉਂਦੇ ਹਨ, ਇਹ ਸਾਰਾ ਕੰਮ ਉਨ੍ਹਾਂ ਟੀਚਰਾਂ ਨੂੰ ਹੀ ਸੌਂਪਿਆ ਜਾਂਦਾ ਹੈ, ਜਿਸ ਕਾਰਨ ਬੱਚਿਆਂ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ ਅਤੇ ਟੀਚਰ ਦੂਜੇ ਬੱਚਿਆਂ ਨੂੰ ਉੱਨਾ ਸਮਾਂ ਨਹੀਂ ਦੇ ਪਾ ਰਹੇ ਹਨ। ਅਜਿਹਾ ਹੋਣ ਕਾਰਨ ਬੱਚਿਆਂ ਨੂੰ ਪੜ੍ਹਨ ਵਿੱਚ ਕਾਫੀ ਦਿੱਕਤਾਂ ਦਰਪੇਸ਼ ਆ ਰਹੀਆਂ ਹਨ। ਇਸ ਤੋਂ ਇਲਾਵਾ ਦੂਜੀ ਸਮੱਸਿਆ ਅਧਿਆਪਕਾਂ ਦੀ ਟਰਾਂਸਫਰ ਅਤੇ ਰਿਟਾਇਰਮੈਂਟ ਹੋ ਜਾਂਦੀ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ। ਤੁਹਾਡੀ ਗੱਲ ਸੁਣ ਲਈ ਗਈ ਹੈ। ਹਾਂ ਜੀ, ਬਰਿੰਦਰਮੀਤ ਸਿੰਘ ਪਾਹੜਾ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ) (ਵਿਦਿਆਰਥੀ ਕ੍ਰਿਸ਼ਨਾ, ਸਕੂਲ ਆਫ ਐਮੀਨੈਂਸ, ਗੁਰਦਾਸਪੁਰ):** ਮੈਂ ਮਾਣਯੋਗ ਸਪੀਕਰ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਕ੍ਰਿਸ਼ਨਾ, ਸਕੂਲ ਆਫ ਐਮੀਨੈਂਸ, ਗੁਰਦਾਸਪੁਰ ਦਾ ਵਿਦਿਆਰਥੀ ਹਾਂ। ਮੈਂ ਅੱਜ ਸਾਡੇ ਹਲਕੇ ਦੇ ਮਾਣਯੋਗ ਵਿਧਾਇਕ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਜੀ ਦੀ ਨੁਮਾਇੰਦਗੀ ਕਰ ਰਿਹਾ ਹਾਂ। ਮੈਂ ਸਾਡੇ ਹਲਕੇ ਦੀਆਂ ਸਮੱਸਿਆਵਾਂ ਬਾਰੇ ਦੱਸਣਾ ਚਾਹਾਂਗਾ। ਸਪੀਕਰ ਸਾਹਿਬ, ਸਾਡੇ ਹਲਕੇ ਵਿੱਚ ਕੂੜੇ-ਕਰਕਟ ਦੀ ਬਹੁਤ ਵੱਡੀ ਸਮੱਸਿਆ ਹੈ ਅਤੇ ਡੰਪਿੰਗ ਗਰਾਊਂਡ ਲਈ ਕੋਈ ਜਗ੍ਹਾ ਨਹੀਂ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੂੜੇ-ਕਰਕਟ ਦੀ ਸਮੱਸਿਆ ਵੱਲ ਖਾਸ ਧਿਆਨ ਦਿੱਤਾ ਜਾਵੇ ਅਤੇ ਡੰਪਿੰਗ ਲਈ ਜਗ੍ਹਾ ਦਿੱਤੀ ਜਾਵੇ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਰਾਖਵਾਂ) (ਵਿਦਿਆਰਥੀ ਕੁਨਾਲ ਭਟੋਏ, ਸਕੂਲ ਆਫ ਐਮੀਨੈਂਸ, ਫਗਵਾੜਾ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਅੱਜ ਮੈਨੂੰ ਇਸ ਸਦਨ ਵਿੱਚ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਆਪਣੇ ਸ਼ਹਿਰ ਫਗਵਾੜਾ ਦੀਆਂ ਪ੍ਰਮੁੱਖ ਸਮੱਸਿਆਵਾਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਪਹਿਲੀ ਪ੍ਰਮੁੱਖ ਸਮੱਸਿਆ ਇਹ ਹੈ ਕਿ ਸਾਡੇ ਸ਼ਹਿਰ ਫਗਵਾੜਾ ਵਿੱਚ ਕੋਈ ਵੀ ਟਰੈਫਿਕ ਲਾਈਟ ਅਤੇ ਜ਼ੈਬਰਾ ਕਰਾਸਿੰਗ ਨਹੀਂ ਹੈ, ਜਿਸ

ਨਾਲ ਬਹੁਤ ਸਾਰੀਆਂ ਹੱਤਿਆਵਾਂ ਹੋ ਰਹੀਆਂ ਹਨ। ਇਸ ਤੋਂ ਇਲਾਵਾ ਥਾਂ ਥਾਂ ਕੂੜੇ ਦੇ ਢੇਰ ਲੱਗੇ ਹੋਏ ਹਨ। ਸਾਡੇ ਸਕੂਲ ਆਫ ਐਮੀਨੈਂਸ, ਫਗਵਾੜਾ ਦੇ ਬਾਹਰ ਕੂੜੇ ਦਾ ਬਹੁਤ ਵੱਡਾ ਢੇਰ ਲੱਗਿਆ ਹੋਇਆ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਸਕੂਲ ਆਉਣ-ਜਾਣ ਵੇਲੇ ਕਾਫੀ ਪ੍ਰਾਬਲਮ ਆਉਂਦੀ ਹੈ ਅਤੇ ਸ਼ਹਿਰ ਦੀਆਂ ਸੜਕਾਂ ਬਹੁਤ ਟੁੱਟੀਆਂ-ਭੱਜੀਆਂ ਹਨ।

ਸੋ, ਮੇਰੀ ਸਰਕਾਰ ਨੂੰ ਇਹੀ ਬੇਨਤੀ ਹੈ ਕਿ ਸਾਰੀਆਂ ਸੜਕਾਂ ਰਿਪੇਅਰ ਕਰਵਾਈਆਂ ਜਾਣ ਅਤੇ ਕੂੜੇ ਦੇ ਨਿਪਟਾਰੇ ਲਈ ਸ਼ਹਿਰ ਤੋਂ ਬਾਹਰ ਜਗ੍ਹਾ ਦਿੱਤੀ ਜਾਵੇ ਜਿੱਥੇ ਕੂੜਾ ਸੁੱਟਿਆ ਜਾ ਸਕੇ ਅਤੇ ਟ੍ਰੈਫਿਕ ਲਾਈਟਾਂ ਤੇ ਜੈਬਰਾ ਕਰਾਸਿੰਗ ਕੀਤੀ ਜਾਵੇ। ਧੰਨਵਾਦ ਜੀ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ) (ਵਿਦਿਆਰਥੀ ਪੂਜਾ ਰਾਣੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੱਕ ਸੈਦੋ ਕੇ):** ਮੈਂ ਇਸ ਸਦਨ ਵਿੱਚ ਸੰਵਿਧਾਨ ਦੀ ਆਤਮਾ ਬਾਰੇ ਯਾਦ ਕਰਵਾਉਣ ਆਇਆ ਹਾਂ ਜੋ ਕਿ ਸਾਨੂੰ ਇੱਕ ਦੂਜੇ ਨਾਲ ਜੋੜਦੀ ਹੈ। ਸੰਵਿਧਾਨ ਦੀ ਆਤਮਾ, ਪ੍ਰਸਤਾਵਨਾ ਵਿੱਚ ਦਰਜ we the people, ਇਹੀ ਅਰਥ ਹੈ ਕਿ ਰਾਜ ਦੀ ਅਪਾਰ ਸ਼ਕਤੀ ਕਿਸੇ ਸਿੰਘਾਸਨ ਵਿੱਚ ਨਹੀਂ ਪਰ ਲੋਕਾਂ ਵਿੱਚ ਵਸਦੀ ਹੈ। ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਵਾਸਤੇ ਧਾਰਾ- 38 ਅਨੁਸਾਰ ਰਾਜ ਨੇ ਅਸਮਾਨਤਾਵਾਂ ਘਟਾਉਣੀਆਂ ਹਨ। ਧਾਰਾ 14 ਤੋਂ 18 ਤੱਕ ਹਰ ਬੱਚੇ, ਇਸਤਰੀ, ਜਾਤ, ਧਰਮ, ਖੇਤਰ ਨੂੰ ਇੱਕੋ ਮਾਪਦੰਡ ਵਿੱਚ ਰੱਖਿਆ ਗਿਆ ਹੈ। ਧਾਰਾ 51-ਏ, ਨਾਗਰਿਕਾਂ ਦੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ। ਧਾਰਾ 25 ਤੋਂ 28 ਹਰ ਰਾਜ ਦਾ ਧਰਮ ਤੋਂ ਨਿਰਪੱਖ ਰਹਿਣਾ ਦਰਸਾਉਂਦਾ ਹੈ। ਇਹੀ ਉਪਯੋਗਿਤਾ ਹੈ ਜਿਸ ਨਾਲ ਭਾਰਤ ਸਿਰਫ ਦੇਸ਼ ਨਹੀਂ ਇੱਕ ਵਿਚਾਰ ਧਾਰਾ ਬਣਿਆ। ਸ਼੍ਰੀਮਾਨ ਜੀ, ਸੰਵਿਧਾਨ ਕੇਵਲ ਕਿਤਾਬ ਨਹੀਂ ਬਲਕਿ ਇਹ ਭਾਰਤ ਦੀ ਤਰੱਕੀ ਦਾ ਨਕਸ਼ਾ ਹੈ। ਧਾਰਾ-1 ਭਾਰਤ ਦੀਆਂ ਅਨੇਕ ਭਾਸ਼ਾਵਾਂ, ਜਾਤਾਂ ਅਤੇ ਖੇਤਰਾਂ ਨੂੰ ਇੱਕ ਮਜ਼ਬੂਤ ਰਾਸ਼ਟਰ ਬਣਾਉਂਦਾ ਹੈ।

**ਮਾਣਯੋਗ ਸਪੀਕਰ(ਵਿਦਿਆਰਥੀ ਜਗਮੰਦਰ ਸਿੰਘ)** ਕਨਕਲੂਡ ਕਰੋ ਜੀ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਵਿਦਿਆਰਥੀ ਪੂਜਾ ਰਾਣੀ):** ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਆਪਣੇ ਦੇਸ਼ ਦੀ ਸੰਵਿਧਾਨਕ ਆਤਮਾ ਨੂੰ ਯਾਦ ਰੱਖਣਾ ਚਾਹੀਦਾ ਹੈ। ਜਿਹੜਾ ਨਾਗਰਿਕ ਆਪਣੇ ਦੇਸ਼ ਦੀ ਸੰਵਿਧਾਨਕ ਆਤਮਾ ਨੂੰ ਯਾਦ ਰੱਖਦਾ ਹੈ, ਉਹ ਕਦੇ ਨਹੀਂ ਹਾਰਦਾ। ਧੰਨਵਾਦ ਜੀ।

**ਮਿਸ ਅਨਮੋਲ ਗਗਨ ਮਾਨ (ਖਰੜ) (ਵਿਦਿਆਰਥੀ ਅਰਸ਼ਪ੍ਰੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੁਰਾਲੀ ਕੰਨਿਆ):** ਜੇਕਰ ਭਾਰਤੀ ਸੰਵਿਧਾਨ ਦੀ ਗੱਲ ਕਰੀਏ, ਤਾਂ ਇਹ ਕੋਈ ਲੀਗਲ ਡਾਕੂਮੈਂਟ ਨਹੀਂ ਹੈ, its a soul of a democracy. ਇਹ ਉਹ ਮਰਿਆਦਾ ਹੈ, ਜੋ ਹਰ ਇੱਕ ਨਾਗਰਿਕ ਨੂੰ ਉਸ ਦੀ ਆਜ਼ਾਦੀ, ਸਨਮਾਨ ਅਤੇ ਮਨੁੱਖੀ ਮਰਿਆਦਾ ਦਾ ਹੱਕ ਦਿੰਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੰਨਣਾ ਇਹ ਹੈ ਕਿ ਇਹੀ spirit of true constitution ਹੈ। ਸਰਦਾਰ ਭਗਤ ਸਿੰਘ ਜੀ ਨੇ ਵੀ ਇਹੀ ਗੱਲ ਕਹੀ ਹੈ ਕਿ ਕਿਸੇ ਵੀ ਕੌਮ ਦੀ ਤਾਕਤ ਉਸ ਦੇ ਨੌਜਵਾਨਾਂ ਵਿੱਚ, ਉਸ ਦੀ ਸੋਚ ਤੇ ਉਸ ਦੇ ਸੰਵਿਧਾਨ ਤੇ ਹੁੰਦੀ ਹੈ। ਆਪਾਂ ਸੰਵਿਧਾਨ ਨੂੰ ਉਦੋਂ ਹੀ ਉਤਸ਼ਾਹਿਤ ਕਰ ਪਾਵਾਂਗੇ ਜਦੋਂ ਸਾਡਾ ਮੀਡੀਆ, ਸਾਡਾ ਪ੍ਰਸ਼ਾਸਨ ਅਤੇ ਸਾਡੀਆਂ ਅਦਾਲਤਾਂ ਬਿਨਾਂ ਕਿਸੇ ਡਰ ਤੋਂ ਸੱਚੇ ਮਾਰਗ ਤੇ ਚੱਲਣਗੀਆਂ ਅਤੇ ਪੰਜਾਬ ਦੇ ਨਾਗਰਿਕ ਖੁਸ਼ ਰਹਿਣਗੇ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ। ਆਮ ਆਦਮੀ ਪਾਰਟੀ ਦਾ ਇਹ ਵਚਨ ਹੈ ਕਿ ਸਾਡੀ ਸਰਕਾਰ ਸਾਫ ਸੁਥਰੀਆਂ ਲੋਕ ਕੇਂਦਰਿਤ ਨੀਤੀਆਂ ਅਤੇ ਜਸਟਿਸ ਦੀ ਭਾਵਨਾ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੀ ਰਹੇਗੀ ਅਤੇ ਸੰਵਿਧਾਨ ਦੀ ਰੱਖਿਆ ਕਰੇਗੀ। ਧੰਨਵਾਦ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) (ਵਿਦਿਆਰਥੀ ਮੋਹਨ, ਸਕੂਲ ਆਫ ਐਮੀਨੈਂਸ, ਪਠਾਨਕੋਟ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ, ਮੈਂ ਆਪਣੇ ਟੀਚਰਜ਼ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਸਾਨੂੰ ਇੱਥੋਂ ਤੱਕ ਲਿਆਂਦਾ। ਸਾਰਿਆਂ ਨੇ ਆਪੋ ਆਪਣੇ ਹਲਕਿਆਂ ਦੀ ਗੱਲ ਕੀਤੀ ਹੈ। ਕਈ ਕਹਿੰਦੇ ਹਨ ਕਿ ਸਰਕਾਰੀ ਸਕੂਲ ਵਧੀਆ ਹਨ, ਫਿਰ ਅਮੀਰਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਕਿਉਂ ਨਹੀਂ ਜਾਂਦੇ? ਸਾਰੇ ਕਹਿੰਦੇ ਹਨ ਕਿ ਸਰਕਾਰੀ ਹਸਪਤਾਲ ਵਧੀਆ ਹਨ, ਫਿਰ ਅਮੀਰ ਜਾਂ ਪੌਲੀਟੀਸ਼ੀਅਨ ਸਰਕਾਰੀ ਹਸਪਤਾਲਾਂ ਵਿੱਚ ਕਿਉਂ ਨਹੀਂ ਜਾਂਦੇ? ਕਹਿੰਦੇ ਹਨ ਕਿ ਸਾਡੇ ਸੰਵਿਧਾਨ ਵਿੱਚ ਸਾਨੂੰ ਬੋਲਣ ਦਾ ਹੱਕ ਦਿੱਤਾ ਗਿਆ, ਧਰਮ ਦਾ ਹੱਕ ਦਿੱਤਾ ਗਿਆ, ਸਾਨੂੰ ਹੱਕ ਦਿੱਤਾ ਗਿਆ ਕਿ ਅਸੀਂ ਆਪਣੇ ਹੱਕ ਦੀ ਲੜਾਈ ਲੜੀਏ। ਜੇਕਰ ਕੋਈ ਬੰਦਾ ਆਪਣੇ ਹੱਕ ਲਈ ਅਮੀਰਾਂ ਦੇ ਖਿਲਾਫ ਜਾਂ ਕਿਸੇ ਪੌਲੀਟੀਸ਼ੀਅਨ ਦੇ ਖਿਲਾਫ ਲੜਾਈ ਲੜਦਾ ਹੈ ਤਾਂ ਉਹ ਉਸ ਨੂੰ ਦਬਾ ਦਿੰਦੇ ਹਨ। ਇਹ ਕਿਉਂ ਹੋ ਰਿਹਾ ਹੈ? ਦੂਜੀ ਗੱਲ, ਜੇ ਕੋਈ ਮਰਡਰ ਕਰਦਾ ਹੈ ਜਾਂ ਕਿਸੇ ਕੇਸ ਵਿੱਚ ਫਸ ਜਾਂਦਾ ਹੈ ਤਾਂ ਸਾਡਾ ਕਾਨੂੰਨ ਉਸ ਤੋਂ ਪੈਸੇ ਲੈ ਕੇ ਉਸ ਨੂੰ ਛੱਡ ਕਿਉਂ ਦਿੰਦਾ ਹੈ? ਕੀ ਕਾਨੂੰਨ ਸਾਰਿਆਂ ਲਈ ਬਰਾਬਰ ਨਹੀਂ ਹੈ? ਕੀ ਕਾਨੂੰਨ ਸਿਰਫ ਗਰੀਬਾਂ ਲਈ ਹੈ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕ੍ਰਿਮੀਨਲ ਹਨ, ਉਹ ਪੈਸੇ ਦੇ ਕੇ ਬਾਹਰ ਕਿਸ ਤਰ੍ਹਾਂ ਆ ਜਾਂਦੇ ਹਨ? ਦੂਜੀ ਗੱਲ, ਆਪਾਂ ਲੋਕਤੰਤਰ ਬਣਾਉਣਾ ਚਾਹੁੰਦੇ ਹਾਂ, ਆਪਾਂ ਚਾਹੁੰਦੇ ਹਾਂ ਕਿ ਸਾਡਾ ਨਵਾਂ ਯੂਥ ਨਸ਼ਾ ਮੁਕਤ ਹੋਵੇ। ਜੇਕਰ ਉਨ੍ਹਾਂ ਨੂੰ ਨਸ਼ਾ ਮੁਕਤ ਕਰਨਾ ਹੈ ਤਾਂ ਜਿੱਥੋਂ ਨਸ਼ਾ ਆਉਂਦਾ ਹੈ, ਉਸ ਨੂੰ ਕਿਉਂ ਨਹੀਂ ਬੰਦ ਕੀਤਾ ਜਾਂਦਾ? ਉੱਥੋਂ ਵੀ ਤਾਂ ਨਸ਼ਾ ਆ ਰਿਹਾ ਹੈ। ਤੁਸੀਂ ਉੱਥੇ ਕਿਉਂ ਨਹੀਂ ਸਰਚ ਕਰਦੇ? ਤੁਸੀਂ ਆਮ ਆਦਮੀ ਨੂੰ ਤਾਂ ਜਾ ਕੇ ਫੜ ਲੈਂਦੇ ਹੋ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ, ਤੁਹਾਡੀ ਗੱਲ ਆ ਗਈ ਹੈ। ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਵਿਦਿਆਰਥੀ ਮੋਹਨ)** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇੱਥੇ ਬੁਲਾਇਆ ਗਿਆ ਹੈ, ਸਾਨੂੰ ਪੂਰਾ ਸਮਾਂ ਤਾਂ ਦਿਓ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਮਾਂ ਸੀਮਤ ਹੈ ਜੀ। ਕਿਰਪਾ ਕਰਕੇ ਸਮੇਂ ਦਾ ਧਿਆਨ ਰੱਖਿਆ ਜਾਵੇ। ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕਿਰਪਾ ਕਰਕੇ ਆਪਣੀ ਗੱਲ ਨੂੰ ਕਨਕਲੂਡ ਕਰੋ। ਚਲੋ, ਬੋਲੋ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਵਿਦਿਆਰਥੀ ਮੋਹਨ):** ਆਪਾਂ ਸਿੱਖਿਆ ਨੂੰ ਬਹੁਤ ਵਧੀਆ ਬਣਾਉਣਾ ਚਾਹੁੰਦੇ ਹਾਂ, ਸਕੂਲਾਂ ਵਿੱਚ ਗਾਈਡਾਂ ਯੂਜ਼ ਹੋ ਰਹੀਆਂ ਹਨ, ਬੱਚਿਆਂ ਨੂੰ ਡਿਟੇਲ ਵਿੱਚ ਨਹੀਂ ਪਤਾ ਲੱਗ ਰਿਹਾ ਤਾਂ ਕਿ ਉਹ ਅੱਗੇ ਵਧ ਸਕਣ। ਆਪਾਂ ਹਰੇਕ ਚੀਜ਼ ਵਧੀਆ ਕਰਨਾ ਚਾਹੁੰਦੇ ਹਾਂ ਪਰ ਡਿਟੇਲ ਵਿੱਚ ਕੋਈ ਵੀ ਸੁਣਨਾ ਹੀ ਨਹੀਂ ਚਾਹੁੰਦਾ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਧੰਨਵਾਦ ਜੀ। ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਵਿਦਿਆਰਥੀ ਮੋਹਨ):** ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ, ਬਾਕੀ ਸੱਚਾਈ ਸੁਣਨ ਲੱਗੇ ਤਾਂ ਸਾਰਿਆਂ ਨੂੰ ਮਿਰਚੀ ਲੱਗਦੀ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਓਂ, ਐਸ.ਸੀ.) (ਵਿਦਿਆਰਥੀ ਅਕਾਸ਼ਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਲਿਬ ਕਲਾਂ)** : ਮਾਣਯੋਗ ਸਪੀਕਰ ਸਾਹਿਬ ਅਤੇ ਸਦਨ ਵਿੱਚ ਬੈਠੇ ਸਾਰੇ ਮਾਣਯੋਗ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਸਪੀਕਰ ਸਾਹਿਬ, ਮੈਂ ਅੱਜ ਆਪਣੇ ਹਲਕੇ ਦੇ ਵਿਕਾਸ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਿਤ ਮਾਮਲਿਆਂ ਬਾਰੇ ਗੱਲ ਕਰਾਂਗੀ। ਮੇਰੇ ਵਿਚਾਰ ਇਹ ਹਨ ਕਿ 71 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਲਈ 5

ਕਰੋੜ 79 ਲੱਖ ਰੁਪਏ ਦੇ ਚੈੱਕ ਵੰਡੇ ਗਏ ਅਤੇ ਲਗਭਗ 10 ਕਰੋੜ ਰੁਪਏ ਹੋਰ ਦੇਣ ਦੀ ਸੰਭਾਵਨਾ ਹੈ, ਜਗਰਾਓਂ ਹਲਕੇ ਵਿੱਚੋਂ ਪਾਣੀ ਦੀ ਨਿਕਾਸੀ ਲਈ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਅਗਲੇ ਵਿੱਤੀ ਵਰ੍ਹੇ ਵਿੱਚ ਫੰਡ ਮੁਹੱਈਆ ਕਰਵਾਏ ਜਾ ਸਕਣ। ਪਿੰਡਾਂ ਵਿੱਚ ਹਸਪਤਾਲਾਂ, ਲਾਇਬ੍ਰੇਰੀਆਂ ਅਤੇ ਸਟਰੀਟ ਲਾਈਟਾਂ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਪਿੰਡਾਂ ਦੀ ਨੁਹਾਰ ਬਦਲਣ ਲਈ ਪਿੰਡਾਂ ਦੀਆਂ ਸੜਕਾਂ ਅਤੇ ਸੀਵਰੇਜ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਧੰਨਵਾਦ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਮੈਂ ਸਮੂਹ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ। ਹਾਂ ਜੀ, ਸੀ.ਐਮ. ਸਾਹਿਬ।

**ਮੁੱਖ ਮੰਤਰੀ (ਵਿਦਿਆਰਥੀ ਹਰਿਕਮਲਦੀਪ ਸਿੰਘ, ਸਕੂਲ ਆਫ ਐਮੀਨੈਂਸ, ਘਨੌਰੀ ਕਲਾਂ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਕੁਝ ਕੁ ਗੱਲਾਂ ਕਹਿਣੀਆਂ ਚਾਹੁੰਦਾ ਹਾਂ ਜੋ ਪੰਜਾਬ ਦੇ ਹਲਕਿਆਂ ਵਿੱਚ ਹੋਣੀਆਂ ਚਾਹੀਦੀਆਂ ਹਨ। ਸਭ ਤੋਂ ਪਹਿਲਾਂ ਜਿਹੜੀ ਐਮ.ਪੀ. ਲੈਂਡ ਸਕੀਮ ਚਲਦੀ ਹੈ, ਜਿਸ ਤਹਿਤ ਸਬੰਧਿਤ ਐਮ.ਪੀਜ਼. ਨੂੰ ਫੰਡ ਦਿੱਤਾ ਜਾਂਦਾ ਹੈ, ਜਿਸ ਨੂੰ ਉਹ ਆਪਣੇ ਹਲਕੇ ਜਾਂ ਆਪਣੇ ਜ਼ਿਲ੍ਹੇ ਵਿੱਚ ਵਿਕਾਸ ਕਾਰਜਾਂ ਲਈ ਵਰਤਦੇ ਹਨ। ਮੈਂ ਇਹ ਚਾਹੁੰਦਾ ਹਾਂ ਕਿ ਐਮ.ਐਲ.ਏ. ਲੈਂਡ ਸਕੀਮ ਵੀ ਚਲਾਈ ਜਾਵੇ ਤਾਂ ਜੋ ਐਮ.ਐਲ.ਏਜ਼ ਵੀ ਆਪਣੇ ਹਲਕੇ ਵਿੱਚ ਉਹ ਪੈਸਾ ਵਿਕਾਸ ਕਾਰਜਾਂ ਵਾਸਤੇ ਲਗਾ ਸਕਣ।

ਦੂਜੀ ਗੱਲ ਮੈਂ ਕਿਸੇ ਨੂੰ ਪਰਸਨਲੀ ਨਹੀਂ ਕਹਿਣਾ ਚਾਹੁੰਦਾ, ਮੈਂ ਆਪਣੀ ਮਾਂ ਬੋਲੀ ਨੂੰ ਪਿਆਰ ਕਰਦਾ ਹਾਂ। ਜਿੱਥੇ ਅਸੀਂ ਸਾਇਨ ਬੋਰਡਾਂ ਉੱਪਰ ਕੁਝ ਲਿਖਦੇ ਹਾਂ ਜਿਵੇਂ ਕਿ ਹੁਸ਼ਿਆਰਪੁਰ ਲਿਖਣਾ ਹੋਵੇ ਤਾਂ ਅਸੀਂ ਅੰਗਰੇਜ਼ੀ ਵਿੱਚ ਲਿਖ ਦਿੰਦੇ ਹਾਂ। ਮੈਂ ਇਹ ਨਹੀਂ ਕਹਿੰਦਾ ਕਿ ਅੰਗਰੇਜ਼ੀ ਵਿੱਚ ਨਾ ਲਿਖੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਭ ਤੋ ਉੱਪਰ ਪੰਜਾਬੀ ਵਿੱਚ ਲਿਖੋ, ਉਸ ਤੋਂ ਥੱਲੇ ਹਿੰਦੀ ਅਤੇ ਫਿਰ ਅੰਗਰੇਜ਼ੀ ਵਿੱਚ ਲਿਖਿਆ ਜਾਵੇ। ਇਹ ਗੱਲਾਂ ਹੋਣੀਆਂ ਬਹੁਤ ਜ਼ਰੂਰੀ ਹਨ। ਅਸੀਂ ਲਿਖ ਦਿੰਦੇ ਹਾਂ, ਗੌਰਮਿੰਟ ਸਕੂਲ, ਉਸ ਦੀ ਜਗ੍ਹਾ ਤੇ ਸਰਕਾਰੀ ਸਕੂਲ ਵੀ ਲਿਖ ਸਕਦੇ ਹਾਂ। ਉਸ ਦੇ ਥੱਲੇ ਬੇਸ਼ੱਕ ਗੌਰਮਿੰਟ ਸਕੂਲ ਲਿਖ ਦੇਵੋ ਪਰ ਸਭ ਤੋਂ ਉੱਪਰ ਪੰਜਾਬੀ ਵਿੱਚ ਲਿਖਣਾ ਚਾਹੀਦਾ ਹੈ।

ਮੈਂ ਅਗਲੀ ਗੱਲ ਕਰਨਾ ਚਾਹੁੰਦਾ ਹਾਂ, ਜਿਵੇਂ ਕਿ ਅਸ਼ਵਨੀ ਜੀ ਨੇ ਵੀ ਕਿਹਾ ਹੈ ਕਿ ਪ੍ਰਸ਼ਾਸਨ ਦੇ ਉੱਤੇ ਨਜ਼ਰ ਰੱਖੀ ਜਾਵੇ ਤਾਂ ਕਿ ਜਿਹੜੇ ਮਸਲੇ ਹਨ, ਉਹ ਸਮੇਂ ਸਿਰ ਸੁਲਝ ਸਕਣ ਅਤੇ ਸਭ ਨੂੰ ਨਿਆਂ ਮਿਲੇ। ਅੱਗੇ ਮੈਂ ਗੱਲ ਕਰਨੀ ਚਾਹੁੰਦਾ ਹਾਂ ਜਿਵੇਂ ਕਿ ਬਾਜਵਾ ਸਾਹਿਬ ਨੇ ਕਿਹਾ ਹੈ ਕਿ ਜ਼ਿਆਦਾਤਰ ਬੱਚੇ ਆਈ.ਏ.ਐਸ., ਆਈ.ਪੀ.ਐਸ. ਨਹੀਂ ਲਗਦੇ, ਉਹ ਗੱਲ ਬਿਲਕੁਲ ਸਹੀ ਸੀ ਕਿ ਸਾਡੇ ਬੱਚੇ ਆਈ.ਏ.ਐਸ., ਆਈ.ਪੀ.ਐਸ. ਨਹੀਂ ਲਗਦੇ, ਮੈਂ ਦੇਖਦਾ ਹਾਂ ਕਿ ਨਾਰਮਲ 40-50 ਹਜ਼ਾਰ ਰੁਪਏ ਤੇ ਨੌਕਰੀਆਂ ਮਿਲ ਜਾਂਦੀਆਂ ਹਨ। ਬੱਚੇ ਉਹ ਨੌਕਰੀਆਂ ਕਰ ਰਹੇ ਹਨ। ਅਸੀਂ ਬਦਲਾਅ ਚਾਹੁੰਦੇ ਹਾਂ, ਅਸੀਂ ਰਾਜ ਚਾਹੁੰਦੇ ਹਾਂ। ਆਈ.ਏ.ਐਸ., ਆਈ.ਪੀ.ਐਸ. ਦੀਆਂ ਅਸਾਮੀਆਂ ਦੀ ਭਰਤੀ ਪੰਜਾਬ ਵਿੱਚ ਹੋਣੀ ਚਾਹੀਦੀ ਹੈ।

ਜਿਹੜਾ ਸਾਡਾ ਵਿਧਾਨ ਸਭਾ ਦਾ ਸੈਸ਼ਨ ਚੱਲ ਰਿਹਾ ਹੈ, ਇਸ ਦਾ ਸਮਾਂ ਥੋੜ੍ਹਾ ਵੱਧ ਹੋਣਾ ਚਾਹੀਦਾ ਹੈ। ਸੈਸ਼ਨ ਦਾ ਸਮਾਂ ਵਧਾ ਦਿੱਤਾ ਜਾਵੇ, ਹਰ ਇੱਕ ਮੈਂਬਰ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਹਲਕੇ ਦੀ ਗੱਲ ਰੱਖ ਸਕਣ। ਕਈ ਵਾਰ ਕਿਸੇ ਕਾਰਨ ਕਰਕੇ ਕਈ ਐਮ.ਐਲ.ਏ ਬਿਲਕੁਲ ਵੀ ਨਹੀਂ ਬੋਲ ਪਾਉਂਦੇ ਅਤੇ ਕਈ ਜ਼ਿਆਦਾ ਸਮਾਂ ਬੋਲ ਜਾਂਦੇ ਹਨ। ਸਭ ਨੂੰ ਬੋਲਣ ਦਾ ਮੌਕਾ ਮਿਲਣਾ ਚਾਹੀਦਾ ਹੈ। ਬੇਸ਼ੱਕ ਉਨ੍ਹਾਂ ਨੂੰ ਜ਼ੁਰਮਾਨਾ ਲਗਾਇਆ ਜਾਵੇ ਤਾਂ ਜੋ ਉਹ ਬੋਲਣ। ਸਾਨੂੰ

ਮਸਲੇ ਹੀ ਨਹੀਂ ਮਿਲਦੇ ਹਨ। ਬਸ ਇੰਨੀਆਂ ਕੁ ਗੱਲਾਂ ਕਰਕੇ ਮੈਂ ਆਪਣੀ ਬਾਣੀ ਨੂੰ ਵਿਸ਼ਰਾਮ ਦਿੰਦਾ ਹਾਂ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਮੁੱਖ ਮੰਤਰੀ ਸਾਹਿਬ, ਭਵਿੱਖ ਵਿੱਚ ਇੰਨਾ ਗੱਲਾਂ ਦਾ ਧਿਆਨ ਰੱਖਿਆ ਜਾਵੇਗਾ। ਮੈਂ ਸਮੂਹ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਆਪਣੇ ਹਲਕੇ ਨਾਲ ਸਬੰਧਿਤ ਵੱਖ ਵੱਖ ਮੁੱਦਿਆਂ ਨੂੰ ਸਦਨ ਵਿੱਚ ਬਾਖੂਬੀ ਉਠਾਇਆ ਹੈ ਅਤੇ ਵੱਖ-ਵੱਖ ਮੁੱਦਿਆਂ ਤੇ ਚਰਚਾ ਵੀ ਕੀਤੀ ਹੈ। ਸਰਕਾਰ ਵੱਲੋਂ ਉਨ੍ਹਾਂ ਤੇ ਗੌਰ ਕੀਤੀ ਜਾਵੇਗੀ।

---

**NON OFFICIAL RESOLUTION REGARDING INCLUSION OF SUBJECT IN SCHOOL SYLLABUS TO PROTECT STUDENTS FROM DRUG ABUSE AND EMPOWERING THEM FOR NATION BUILDING**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਅਸੀਂ ਅਗਲੀ ਆਈਟਮ ਲਵਾਂਗੇ। ਗੈਰ ਸਰਕਾਰੀ ਮਤਾ। ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਜੀ, ਐਮ.ਐਲ.ਏ. ਮਤਾ ਪੇਸ਼ ਕਰਨ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਵਿਦਿਅਰਥੀ ਹਰਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੁਰਥਲਾ ਮੰਡੇਰ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

"ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਕਿਸ਼ੋਰ ਅਵਸਥਾ ਤੋਂ ਟੀਨ ਅਵਸਥਾ ਵਿੱਚ ਜਾਣ ਵਾਲੇ ਅੱਠਵੀਂ ਤੋਂ ਬਾਰਵੀਂ ਕਲਾਸਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਰਾਜ ਦੇ ਸਾਰੇ ਸਕੂਲਾਂ ਦੇ ਸਿਲੇਬਸ ਵਿੱਚ ਇਸ ਸਬੰਧੀ ਇੱਕ ਲਾਜ਼ਮੀ ਵਿਸ਼ਾ ਬਣਾਇਆ ਜਾਵੇ ਤਾਂ ਜੋ ਸਾਡੇ ਬੱਚੇ ਸਮਾਜ ਵਿਰੋਧੀ ਤੱਤਾਂ ਦਾ ਸ਼ਿਕਾਰ ਨਾ ਹੋ ਸਕਣ ਅਤੇ ਆਪਣੀ ਜਵਾਨੀ ਤੇ ਮਾਨਸਿਕਤਾ ਨੂੰ ਤਾਕਤਵਰ ਬਣਾਉਂਦੇ ਹੋਏ ਉਹ ਸਮਾਜ ਅਤੇ ਦੇਸ਼ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਆਪਣਾ ਭਰਪੂਰ ਯੋਗਦਾਨ ਪਾ ਸਕਣ।"

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸਤਾਵ ਕੀਤਾ ਕਿ-

"ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਕਿਸ਼ੋਰ ਅਵਸਥਾ ਤੋਂ ਟੀਨ ਅਵਸਥਾ ਵਿੱਚ ਜਾਣ ਵਾਲੇ ਅੱਠਵੀਂ ਤੋਂ ਬਾਰਵੀਂ ਕਲਾਸਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਰਾਜ ਦੇ ਸਾਰੇ ਸਕੂਲਾਂ ਦੇ ਸਿਲੇਬਸ ਵਿੱਚ ਇਸ ਸਬੰਧੀ ਇੱਕ ਲਾਜ਼ਮੀ ਵਿਸ਼ਾ ਬਣਾਇਆ ਜਾਵੇ ਤਾਂ ਜੋ ਸਾਡੇ ਬੱਚੇ ਸਮਾਜ ਵਿਰੋਧੀ ਤੱਤਾਂ ਦਾ ਸ਼ਿਕਾਰ ਨਾ ਹੋ ਸਕਣ ਅਤੇ ਆਪਣੀ ਜਵਾਨੀ ਤੇ ਮਾਨਸਿਕਤਾ ਨੂੰ ਤਾਕਤਵਰ ਬਣਾਉਂਦੇ ਹੋਏ ਉਹ ਸਮਾਜ ਅਤੇ ਦੇਸ਼ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਆਪਣਾ ਭਰਪੂਰ ਯੋਗਦਾਨ ਪਾ ਸਕਣ।"

ਬਹਿਸ

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਵਿਦਿਅਰਥੀ ਹਰਜੋਤ ਸਿੰਘ):** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਆਪਾਂ ਇਸ ਨੂੰ ਸਿਲੇਬਸ ਵਿੱਚ ਇਨਕਲੂਡ ਕਰ ਦਿੰਦੇ ਹਾਂ ਤਾਂ ਤੁਸੀਂ ਕੀ ਫੀਲ ਕਰਦੇ ਹੋ ਕਿ ਇਸ ਨਾਲ ਕੀ ਇੰਪਰੂਵਮੈਂਟ ਹੋਵੇਗੀ?

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਤੁਸੀਂ ਇਸ ਤੇ ਬੋਲਣਾ ਹੈ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਵਿਦਿਆਰਥੀ ਹਰਜੋਤ ਸਿੰਘ)**: ਜਿਵੇਂ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਸਰਕਾਰ ਵੱਲੋਂ ਬੱਚਿਆਂ ਨੂੰ ਜਾਗਰੂਕ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ, ਜਿਸ ਵਿੱਚ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ ਜਾ ਰਹੀ ਹੈ ਪਰ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਵੱਲ ਜਾ ਰਹੀ ਹੈ। ਨਸ਼ਿਆਂ ਤੋਂ ਦੂਰ ਰੱਖਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਜੇਕਰ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਬੱਚਿਆਂ ਦੇ ਸਿਲੇਬਸ ਵਿੱਚ ਇਸ ਨੂੰ ਸ਼ਾਮਲ ਕਰਨ ਦੀ ਥਾਂ ਛੇਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਸਿਲੇਬਸ ਵਿੱਚ ਸ਼ਾਮਲ ਕਰ ਲਿਆ ਜਾਵੇ ਤਾਂ ਇਸ ਨਾਲ ਇਹ ਫਾਇਦਾ ਹੋਵੇਗਾ ਕਿ ਜਿਹੜੇ ਬੱਚਿਆਂ ਦਾ ਛੋਟੀ ਉਮਰ ਤੋਂ ਹੀ ਨਸ਼ਿਆਂ ਵੱਲ ਰੁਝਾਨ ਵੱਧ ਰਿਹਾ ਹੈ ਤਾਂ ਇਸ ਮੁਹਿੰਮ ਨਾਲ ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਜਾ ਸਕਦਾ ਹੈ। ਇਸ ਲਈ ਇਸ ਨੂੰ ਸਿਲੇਬਸ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਧੰਨਵਾਦ ਜੀ(ਥੰਪਿੰਗ)।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾ ਬੱਸੀ) (ਵਿਦਿਆਰਥੀ ਹੁਸਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜ਼ੜੋਤ)**: ਸਪੀਕਰ ਸਾਹਿਬ, ਵੈਸੇ ਤਾਂ ਮੈਨੂੰ ਲਗਦਾ ਨਹੀਂ ਸੀ ਕਿ ਮੈਨੂੰ ਬੋਲਣ ਦਾ ਮੌਕਾ ਮਿਲੇਗਾ ਪਰ ਤੁਹਾਡਾ ਧੰਨਵਾਦ ਜੀ, ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਜਿਵੇਂ ਕਿ ਯੁੱਧ ਨਸ਼ਿਆਂ ਵਿਰੁੱਧ ਨੂੰ ਪਾਠਕ੍ਰਮ ਵਿੱਚ ਸ਼ਾਮਲ ਕਰਨ ਸਬੰਧੀ ਗੱਲ ਚਲ ਰਹੀ ਹੈ ਤਾਂ ਮੈਂ ਇਸ ਨੂੰ ਇੰਨਾ ਜ਼ਰੂਰੀ ਨਹੀਂ ਸਮਝਦਾ ਕਿਉਂਕਿ ਜਦੋਂ ਵੀ ਟੀ.ਵੀ. ਤੇ ਕੋਈ ਫਿਲਮ ਵਗੈਰਾ ਦਿਖਾਈ ਜਾਂਦੀ ਹੈ ਤਾਂ ਉਸ ਵਿੱਚ ਵੀ ਐਡ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਇਸ ਦੌਰਾਨ Neck Cancer, Breast Cancer ਆਦਿ ਦੀਆਂ ਫੋਟੋਆਂ ਵੀ ਦਿਖਾਈਆਂ ਜਾਂਦੀਆਂ ਹਨ। ਜ਼ਰਦੇ ਦੀਆਂ ਪੂੜੀਆਂ ਜਾਂ ਹੋਰ ਵੀ ਤਮਾਕੂ ਦੇ ਸਮਾਨ ਦੇ ਪੈਕੇਟਾਂ ਉੱਤੇ ਵੀ ਮੌਤ ਸਬੰਧੀ ਚਿਤਾਵਨੀ ਦਿੱਤੀ ਹੁੰਦੀ ਹੈ। ਮੇਰੇ ਹਿਸਾਬ ਨਾਲ ਸਾਨੂੰ ਨਸ਼ਿਆਂ ਦੀ ਸਪਲਾਈ ਰੋਕਣੀ ਚਾਹੀਦੀ ਹੈ ਕਿਉਂਕਿ ਕਿਸੇ ਤੋਂ ਵੀ ਅੱਖਾਂ ਦੇਖੀ ਮੱਖੀ ਨਹੀਂ ਨਿਗਲੀ ਜਾਂਦੀ। ਜੇਕਰ ਬੱਚਿਆਂ ਨੂੰ ਨਸ਼ਾ ਮਿਲੇਗਾ ਹੀ ਨਹੀਂ ਤਾਂ ਫਿਰ ਉਹ ਨਸ਼ਾ ਕਿਵੇਂ ਕਰਨਗੇ। ਸਾਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਪਰ ਉਸ ਤੋਂ ਵੀ ਵੱਧ ਧਿਆਨ ਨਸ਼ਿਆਂ ਦੀ ਸਪਲਾਈ ਰੋਕਣ ਤੇ ਦੇਣਾ ਚਾਹੀਦਾ ਹੈ ਕਿਉਂਕਿ ਜੇਕਰ ਸਾਡੇ ਸਮਾਜ ਵਿੱਚ ਨਸ਼ਾ ਰਹੇਗਾ ਹੀ ਨਹੀਂ ਤਾਂ ਫਿਰ ਬੱਚੇ ਨਸ਼ਾ ਕਰਨਗੇ ਹੀ ਨਹੀਂ। ਜੇਕਰ ਫਿਰ ਵੀ ਇਸ ਨੂੰ ਬੱਚਿਆਂ ਦੇ ਪਾਠਕ੍ਰਮ ਦਾ ਹਿੱਸਾ ਬਣਾ ਦਿੱਤਾ ਜਾਵੇ ਤਾਂ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਵੀਡੀਓ ਵੀ ਦਿਖਾਉਣੀ ਚਾਹੀਦੀ ਹੈ ਪਰ ਇਸ ਦਾ ਮੇਨ ਫੋਕਸ ਲਿਖਤੀ ਕੰਮ ਨਹੀਂ ਹੋਣਾ ਚਾਹੀਦਾ। ਬੱਚਿਆਂ ਨੂੰ ਵੀਡੀਓ ਦਿਖਾਓ ਅਤੇ ਉਨ੍ਹਾਂ ਨਾਲ ਇਸ ਸਬੰਧੀ ਗੱਲਬਾਤ ਕਰੋ ਕਿ ਨਸ਼ੇ ਪੱਤੇ ਦੇ ਕਿੰਨੇ ਮਾੜੇ ਪ੍ਰਭਾਵ ਹਨ ਪਰ ਹੁੰਦਾ ਇਹ ਹੈ ਕਿ ਬੱਚੇ ਵੀਡੀਓ ਦੇਖਦੇ ਹਨ ਅਤੇ ਇਸ ਸਬੰਧੀ ਲਿਖਣ ਬੈਠ ਜਾਂਦੇ ਹਨ, ਲਿਖਣ ਦਾ ਕੋਈ ਫਾਇਦਾ ਨਹੀਂ ਹੈ। ਬੱਚੇ ਕਾਪੀਆਂ ਨੂੰ ਸਜਾਉਂਦੇ ਹਨ ਅਤੇ ਬਾਹਰ ਯੁੱਧ ਨਸ਼ਿਆਂ ਵਿਰੁੱਧ ਲਿਖਦੇ ਹਨ, ਇਹ ਤਾਂ ਸਿਰਫ ਦਿਖਾਵਾ ਹੈ। ਮੈਂ ਸਿਰਫ ਇਹੀ ਕਹਿਣਾ ਚਾਹੁੰਦਾ ਹਾਂ ਕਿ ਯੁੱਧ ਨਸ਼ਿਆਂ ਵਿਰੁੱਧ ਦਾ ਵਿਸ਼ਾ ਬੱਚਿਆਂ ਦੇ ਪਾਠਕ੍ਰਮ ਵਿੱਚ ਸ਼ਾਮਲ ਕਰੋ ਪਰ ਉਸ ਉੱਤੇ ਜ਼ਿਆਦਾ ਫੋਕਸ ਕਰਨ ਦੀ ਥਾਂ ਮੇਨ ਫੋਕਸ ਨਸ਼ੇ ਦੀ ਸਪਲਾਈ ਤੋੜਨ ਵੱਲ ਕੀਤਾ ਜਾਵੇ ਕਿਉਂਕਿ ਜੇਕਰ ਨਸ਼ਾ ਹੋਵੇਗਾ ਹੀ ਨਹੀਂ ਤਾਂ ਫਿਰ ਬੱਚਾ ਨਸ਼ਾ ਕਿੱਥੋਂ ਕਰੇਗਾ। ਧੰਨਵਾਦ ਜੀ(ਥੰਪਿੰਗ)।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਧੰਨਵਾਦ ਜੀ। ਤੁਹਾਡੀ ਗੱਲ ਸੁਣ ਲਈ ਗਈ ਹੈ। ਨਿਹਾਲ ਸਿੰਘ ਵਾਲਾ ਤੋਂ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.) (ਵਿਦਿਆਰਥੀ ਅਨਮੋਲ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਤੋ ਹੀਰਾ ਸਿੰਘ)**: ਬਹੁਤ ਬਹੁਤ ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਮੇਰਾ ਨਾਂਅ ਅਨਮੋਲ ਸਿੰਘ ਹੈ। ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਤੋ ਹੀਰਾ ਸਿੰਘ ਦਾ ਵਿਦਿਆਰਥੀ ਹਾਂ ਅਤੇ ਮੈਂ ਹਲਕਾ ਨਿਹਾਲ ਸਿੰਘ ਵਾਲਾ ਤੋਂ ਜੇਤੂ ਵਿਧਾਇਕ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ ਦਾ ਰੋਲ ਅਦਾ ਕਰਨ ਜਾ ਰਿਹਾ ਹਾਂ। ਮਾਣਯੋਗ ਸਪੀਕਰ ਸਾਹਿਬ, ਜੇਕਰ ਗੱਲ ਕਰੀਏ ਤਾਂ ਜਦੋਂ ਦੀ ਸਾਡੀ ਸਰਕਾਰ ਬਣੀ ਹੈ, ਅਸੀਂ ਆਪਣਾ ਕੰਮ ਬਹੁਤ ਹੀ ਇਮਾਨਦਾਰੀ ਅਤੇ ਮਿਹਨਤ ਨਾਲ ਕਰ ਰਹੇ ਹਾਂ। ਸਾਡੇ ਹਲਕੇ ਵਿੱਚ ਬਹੁਤ ਜ਼ਿਆਦਾ ਵਿਕਾਸ ਹੋ ਰਹੇ ਹਨ। ਮੈਨੂੰ ਲਗਦਾ ਹੈ ਕਿ ਜਦੋਂ ਦੀ ਸਾਡੀ ਸਰਕਾਰ ਬਣੀ ਹੈ, ਸਾਡੇ ਹਲਕੇ ਵਿੱਚ ਦਿਨ ਦੁਗਣੀ ਰਾਤ ਚੌਗੁਣੀ ਉਨੱਤੀ ਹੋ ਰਹੀ ਹੈ। ਬੱਚਿਆਂ ਵਾਸਤੇ ਸਕੂਲੀ ਸਿੱਖਿਆ ਦੀ ਗੱਲ ਕਰੀਏ ਤਾਂ ਇਸ ਨੂੰ ਬਹੁਤ ਵਧੀਆ ਬਣਾਇਆ ਜਾ ਰਿਹਾ ਹੈ। ਜਿਵੇਂ ਕਿ ਆਪਾਂ ਜਾਣਦੇ ਹਾਂ ਕਿ ਜੇਕਰ ਅੱਜ ਸਾਡੇ ਬੱਚੇ ਪੜ੍ਹੇ-ਲਿਖੇ ਹੋਣਗੇ ਤਾਂ ਹੀ ਉਹ ਕਲ੍ਹ ਦੇ ਨੇਤਾ ਬਣਨਗੇ। ਮੈਂ ਆਪਣੇ ਹਲਕੇ ਦੇ ਬੱਧਨੀ ਕਲਾਂ ਵਿੱਚ ਟੈਕਨੀਕਲ ਕਾਲਜ ਬਣਵਾਉਣਾ ਚਾਹੁੰਦਾ ਹਾਂ। ਉੱਥੇ ਹੋਰ ਦੂਜੇ ਕਾਲਜ ਵੀ ਹਨ ਪਰ ਉੱਥੇ ਟੈਕਨੀਕਲ ਕਾਲਜ ਦੀ ਲੋੜ ਜਾਪਦੀ ਹੈ। ਮੈਂ ਉਮੀਦ ਕਰਦਾ ਹਾਂ ਕਿ ਆਪਣੀ ਸਰਕਾਰ ਰਹਿੰਦਿਆਂ ਇਹ ਕੰਮ ਵੀ ਪੂਰਾ ਕਰਕੇ ਜਾਵਾਂਗਾ ਤਾਂ ਜੋ ਸਾਡੇ ਇਲਾਕੇ ਦੇ ਬੱਚਿਆਂ ਨੂੰ ਇਸ ਕਾਰਨ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਧੰਨਵਾਦ।(ਥੰਪਿੰਗ)

*2.41 **ਵਜੇ ਬਾ:ਦੁ:** (***ਇਸ ਸਮੇਂ ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦੀਸ਼ਾਂਤ ਕੁਮਾਰ) ਨੇ ਸਦਨ ਦੀ ਕੁਰਸੀ ਸੰਭਾਲੀ।**)

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) (ਵਿਦਿਆਰਥੀ ਆਰੁਸ਼ੀ ਕੁਮਾਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਗਲੀ ਨੀਚੀ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਵੱਲੋਂ ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਸਿੱਧਾ ਮੁੱਦੇ ਤੇ ਆਉਣਾ ਚਾਹਾਂਗਾ। ਅੱਜ ਮੈਂ ਉਸ ਜੰਗ ਦੀ ਗੱਲ ਕਰਨ ਲੱਗਿਆ ਹਾਂ, ਜਿਸ ਨੂੰ ਅਸੀਂ ਹਥਿਆਰ ਨਾਲ ਨਹੀਂ, ਸੱਚ, ਹਿੰਮਤ ਅਤੇ ਇਨਸਾਨੀਅਤ ਨਾਲ ਲੜ ਰਹੇ ਹਾਂ। ਇਹ ਜੰਗ ਹੈ - ਯੁੱਧ ਨਸ਼ਿਆਂ ਵਿਰੁੱਧ। ਨਸ਼ਾ ਸਿਰਫ ਸਰੀਰ ਨੂੰ ਹੀ ਨਹੀਂ, ਸਾਡੀ ਸਮਝ ਨੂੰ, ਘਰ ਦੇ ਸੁੱਖ ਨੂੰ, ਮਾਂ-ਪਿਓ ਦੀ ਨੀਂਦ ਨੂੰ ਅਤੇ ਬੱਚਿਆਂ ਦੇ ਭਵਿੱਖ ਨੂੰ ਖਾਂਦਾ ਹੈ। ਮੈਂ ਇਸ ਬਾਰੇ ਵਿਚਾਰ ਕਰਦਾ ਹਾਂ ਕਿ ਸਭ ਤੋਂ ਪਹਿਲਾਂ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ। ਸਾਰਿਆਂ ਨੇ ਆਪਣੇ ਆਪਣੇ ਵਿਚਾਰ ਦਿੱਤੇ ਹਨ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਜਾਗਰੂਕਤਾ ਨਹੀਂ ਤਾਂ ਫੇਰ ਇਸ ਦਾ ਕੋਈ ਹੱਲ ਵੀ ਨਹੀਂ। ਬੱਚਿਆਂ ਦਾ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਦੂਜੀ ਗੱਲ- ਸਪੋਰਟਸ, ਮਿਹਨਤ ਅਤੇ ਅਨੁਸ਼ਾਸਨ ਵੱਲ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਵੇ। ਜਿੱਥੇ ਖੇਡ ਹੋਵੇ, ਉੱਥੇ ਨਸ਼ਾ ਨਹੀਂ ਚੱਲ ਸਕਦਾ। ਸਟੇਡੀਅਮ ਭਰ ਜਾਣਗੇ, ਰੀਹੈਬ ਸੈਂਟਰ ਨਹੀਂ। ਤੀਜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ - ਸਰਕਾਰੀ ਸ਼ਕਤੀ।

ਜਦੋਂ ਕਾਨੂੰਨ ਦਾ ਡੰਡਾ ਫਿਰਦਾ ਹੈ ਤਾਂ ਨਸ਼ਾ ਵੇਖਣ ਵਾਲੇ ਨਹੀਂ, ਨਸ਼ਾ ਵੇਚਣ ਵਾਲੇ ਕੰਬਦੇ ਹਨ। ਮੇਰਾ ਆਖਰੀ ਪੁਆਇੰਟ ਹੈ - ਹਿੰਮਤ। ਨਸ਼ਾ ਛੱਡਣਾ ਬੋਝ ਨਹੀਂ, ਬਹਾਦਰੀ ਹੈ। ਜੇਕਰ ਅਸੀਂ ਕਿਸੇ ਇਕ ਵਿਅਕਤੀ ਦਾ ਨਸ਼ਾ ਛੁਡਵਾ ਦਿੱਤਾ ਤਾਂ ਸਮਝ ਦੀ ਵੱਡੀ ਜਿੱਤ ਹੁੰਦੀ ਹੈ। ਨਸ਼ਾ ਸਾਰਿਆਂ ਨਾਲ ਵੈਰ ਰੱਖਦਾ ਹੈ, ਜੇਕਰ ਨਸ਼ਾ ਹੋਵੇਗਾ ਤਾਂ ਲੋਕਤੰਤਰ ਵਿਗੜਦਾ ਹੈ।

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦੀਸ਼ਾਂਤ ਕੁਮਾਰ)**: ਤੁਹਾਡੀ ਗੱਲ ਆ ਗਈ ਹੈ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਵਿਦਿਆਰਥੀ ਆਰੁਸ਼ੀ ਕੁਮਾਰੀ)**: ਸਿਰਫ ਦੋ ਮਿੰਟ ਹੋਰ ਦਿਓ ਜੀ। ਮੈਂ ਲਾਸਟ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਨਸ਼ਾ ਨਹੀਂ, ਜਿੰਦਗੀ ਜੀਈਏ, ਨਸ਼ਾ ਨਹੀਂ, ਭਵਿੱਖ ਬਚਾਈਏ। ਧੰਨਵਾਦ।(ਥੰਪਿੰਗ)

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ) (ਵਿਦਿਆਰਥੀ ਰੋਹਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ)**: ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਆਪਣੇ ਹਲਕੇ ਦੀ ਇਕ ਮੁੱਖ ਸਮੱਸਿਆ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਸਾਡੇ ਹਲਕੇ ਵਿਚੋਂ ਸਤਲੁਜ ਦਰਿਆ ਲੰਘਦਾ ਹੈ, ਜਿਸ ਵਿੱਚ ਬੁੱਢੇ ਨਾਲੇ ਦਾ ਪਾਣੀ ਪੈਂਦਾ ਹੈ। ਇਹੀ ਸਤਲੁਜ ਦਰਿਆ ਦਾ ਪਾਣੀ ਰਾਜਸਥਾਨ ਤੱਕ ਜਾਂਦਾ ਹੈ। ਬੁੱਢੇ ਨਾਲੇ ਦਾ ਪਾਣੀ ਪੈਣ ਕਾਰਨ ਉਸ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਜਦੋਂ ਕੋਈ ਕੁਦਰਤੀ ਆਫਤ ਆਉਂਦੀ ਹੈ ਉਦੋਂ ਇਸ ਦਰਿਆ ਵਿੱਚ ਪਾਣੀ ਦਾ ਪੱਧਰ ਵੱਧ ਜਾਂਦਾ ਹੈ, ਜਿਸ ਕਾਰਨ ਬੰਨ੍ਹ ਟੁੱਟ ਜਾਂਦੇ ਹਨ। ਜਿਸ ਕਾਰਨ ਨੇੜਲੇ ਪਿੰਡਾਂ ਵਿੱਚ ਪਾਣੀ ਦਾਖਲ ਹੋ ਜਾਂਦਾ ਹੈ ਅਤੇ ਕਾਫੀ ਜਾਨੀ ਨੁਕਸਾਨ ਹੁੰਦਾ ਹੈ। ਮੇਰੀ ਸਰਕਾਰ ਅੱਗੇ ਇਹੀ ਅਪੀਲ ਹੈ ਕਿ ਇਸ ਸਬੰਧੀ ਕੋਈ ਐਕਸ਼ਨ ਲਿਆ ਜਾਵੇ ਅਤੇ ਵਧੀਆ ਤੋਂ ਵਧੀਆ ਪ੍ਰਬੰਧ ਕੀਤੇ ਜਾਣ ਤਾਂ ਜੋ ਜਾਨੀ ਨੁਕਸਾਨ ਦਾ ਬਚਾਅ ਹੋ ਸਕੇ ਅਤੇ ਬੁੱਢੇ ਨਾਲੇ ਦੇ ਪਾਣੀ ਨੂੰ ਇਸ ਵਿੱਚ ਪੈਣ ਤੋਂ ਰੋਕਿਆ ਜਾ ਸਕੇ। ਮੈਂ ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ। ਸਰਕਾਰ ਨੇ ਬਹੁਤ ਵਧੀਆ ਕੰਮ ਕੀਤਾ ਹੈ ਕਿ ਜਗਰਾਓਂ ਤੋਂ ਨਕੋਦਰ ਤੱਕ ਜਾਣ ਵਾਲੇ ਰਸਤੇ ਤੇ ਟੌਲ ਟੈਕਸ ਬੰਦ ਕਰ ਦਿੱਤਾ ਹੈ। ਮੈਂ ਇਹ ਮੰਨਦਾ ਹਾਂ ਕਿ ਇਹ ਬਹੁਤ ਵਧੀਆ ਗੱਲ ਹੈ ਪਰ ਸੜਕਾਂ ਦਾ ਵੀ ਹੱਲ ਕਰਨਾ ਚਾਹੀਦਾ ਹੈ। ਥੋੜ੍ਹੇ ਸਮੇਂ ਦੀ ਗੱਲ ਹੈ, ਮਹੀਨਾ ਕੁ ਹੋਇਆ ਹੈ।

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦੀਸ਼ਾਂਤ ਕੁਮਾਰ)**: ਮੁੱਦੇ ਤੇ ਬੋਲੋ।

**ਸਰਦਾਰ ਹਰਦੇਵ ਸਿੰਘ ਲਾਡੀ (ਵਿਦਿਆਰਥੀ ਰੋਹਨ)**: ਮੈਂ ਸੜਕ ਦੇ ਮੁੱਦੇ ਦੀ ਗੱਲ ਕਰ ਰਿਹਾ ਹਾਂ। ਟੌਲ ਟੈਕਸ ਬੰਦ ਕਰ ਦਿੱਤਾ ਜੋ ਕਿ ਵਧੀਆ ਗੱਲ ਹੈ ਪਰ ਸੜਕਾਂ ਦਾ ਵੀ ਸਰਕਾਰ ਨੂੰ ਕੋਈ ਹੱਲ ਕੱਢਣਾ ਚਾਹੀਦਾ ਹੈ। ਥੋੜ੍ਹਾ ਸਮਾਂ ਪਹਿਲਾਂ ਦੀ ਗੱਲ ਹੈ...

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦੀਸ਼ਾਂਤ ਕੁਮਾਰ)**: ਮੁੱਦੇ ਉੱਤੇ ਗੱਲ ਕਰੋ ਜੀ।

**ਸਰਦਾਰ ਹਰਦੇਵ ਸਿੰਘ ਲਾਡੀ (ਵਿਦਿਆਰਥੀ ਰੋਹਨ)**: ਸਪੀਕਰ ਸਾਹਿਬ, ਮੈਂ ਮੁੱਦੇ ’ਤੇ ਹੀ ਗੱਲ ਕਰਦਾ ਹਾਂ ਜੀ ਕਿ ਸੜਕਾਂ ਦੀ ਮਾੜੀ ਹਾਲਤ ਹੋਣ ਕਰਕੇ ਮੇਰੇ ਹਲਕੇ ਵਿੱਚ ਇੱਕ ਹਾਦਸਾ ਵਾਪਰਿਆ ਜਿਸ ਵਿੱਚ ਨੌਵੀਂ ਜਮਾਤ ਦੀ ਇੱਕ ਵਿਦਿਆਰਥਣ ਬੜੀ ਬੁਰੀ ਤਰ੍ਹਾਂ ਗੰਭੀਰ ਜ਼ਖਮੀ ਹੋ ਗਈ ਜਿਸ ਨੂੰ ਉਸ ਦੇ ਘਰ ਦੇ ਸਾਫ਼ੇ ਵਿੱਚ ਇਕੱਠਾ ਕਰਕੇ ਲੈ ਕੇ ਗਏ। ਅਜਿਹਾ ਸਿਰਫ ਸੜਕਾਂ ਟੁੱਟੀਆਂ ਹੋਣ ਕਰਕੇ ਵਾਪਰਿਆ। ਜੇ ਸਰਕਾਰ ਨੇ ਟੌਲ ਟੈਕਸ ਬੰਦ ਕੀਤਾ ਹੈ ਤਾਂ ਵੀ ਸੜਕਾਂ ਦੀ

ਮੁਰੰਮਤ ਕਰਵਾਉਣੀ ਚਾਹੀਦੀ ਹੈ। ਮੇਰੀ ਸਰਕਾਰ ਅੱਗੇ ਇਹੀ ਅਪੀਲ ਹੈ ਕਿ ਮੇਰੇ ਮੁੱਦੇ ਨੂੰ ਅਣਗੌਲਿਆਂ ਨਾ ਕੀਤਾ ਜਾਵੇ ਅਤੇ ਮੇਰੇ ਹਲਕੇ ਦੀਆਂ ਸੜਕਾਂ ਦੀ ਤੁਰੰਤ ਮੁਰੰਮਤ ਕੀਤੀ ਜਾਵੇ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦੀਸ਼ਾਂਤ ਕੁਮਾਰ)**: ਅੰਮ੍ਰਿਤਸਰ ਸੈਂਟਰਲ ਤੋਂ ਸ੍ਰੀ ਅਜੈ ਗੁਪਤਾ ਜੀ।

**ਸ੍ਰੀ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ) (ਵਿਦਿਆਰਥੀ ਬਲਬੀਰ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਕੋਟੜਾ ਸਫੈਦ, ਅੰਮ੍ਰਿਤਸਰ)**: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ ਜੀ।। ਮੇਰਾ ਨਾਮ ਬਲਬੀਰ ਸਿੰਘ ਹੈ ਅਤੇ ਮੈਂ ਆਪਣੇ ਜ਼ਿਲ੍ਹੇ ਸ੍ਰੀ ਅੰਮ੍ਰਿਤਸਰ ਦੇ ਹਲਕਾ ਸੈਂਟਰਲ ਤੋਂ ਜੇਤੂ ਵਿਧਾਇਕ ਸ੍ਰੀ ਅਜੈ ਗੁਪਤਾ ਜੀ ਨੂੰ ਰਿਪ੍ਰੈਜੈਂਟ ਕਰ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਵਿਦਿਆਰਥੀਆਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣਾ, ਇਸ ਨੂੰ ਅੱਜ ਦੀ ਬਹਿਸ ਦਾ ਵਿਸ਼ਾ ਰੱਖਿਆ ਜਾਵੇ। ਮੈਂ ਚਾਹੁੰਦਾ ਹਾਂ ਕਿ ਨਸ਼ਿਆਂ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਨਜਿੱਠਿਆ ਜਾਵੇ। ਅੱਜ ਦੇ ਬੱਚੇ ਨਸ਼ਿਆਂ ਵੱਲ ਕਿਉਂ ਜਾ ਰਹੇ ਹਨ? ਮੈਂ ਇਸ ਵੱਲ ਧਿਆਨ ਦਿਵਾਉਣਾ ਚਾਹਾਂਗਾ ਕਿ ਬੱਚਿਆਂ ਦਾ ਨਸ਼ੇ ਵੱਲ ਜਾਣ ਲਈ ਮਿਊਜ਼ਿਕ ਇੰਡਸਟਰੀ ਇੱਕ ਬਹੁਤ ਵੱਡਾ ਕਾਰਨ ਹੈ ਕਿਉਂਕਿ ਜਿਹੜੇ ਅੱਜਕੱਲ੍ਹ ਦੇ ਗਾਣੇ ਹਨ, ਉਨ੍ਹਾਂ ਵਿੱਚ ਨਸ਼ਿਆਂ ਦਾ ਜ਼ਿਕਰ ਇਸ ਤਰ੍ਹਾਂ ਹੋ ਰਿਹਾ ਹੈ, ਜਿਵੇਂ ਕੋਈ ਬਹੁਤ ਵੱਡੀ ਇਤਿਹਾਸਕ ਗੱਲ ਸੁਣਾਈ ਜਾ ਰਹੀ ਹੋਵੇ। ਜਿਵੇਂ ਕਿ ਇੱਕ ਸਿੰਗਰ ਗੁਰੂ ਰੰਧਾਵਾ ਹਨ, ਉਨ੍ਹਾਂ ਦਾ ਇੱਕ ਗਾਣਾ ਹੈ, ਜਿਸ ਵਿੱਚ ਸ਼ਰਾਬ ਦੇ 24 ਬਰੈਂਡ ਵਿਖਾਏ ਗਏ ਹਨ ਅਤੇ ਸੁਣਾਏ ਗਏ ਹਨ। ਇਸ ਗਾਣੇ ਦੀ ਹਰ ਲਾਈਨ ਵਿੱਚ ਸ਼ਰਾਬ ਦੇ 24 ਬਰੈਂਡ ਆਏ ਹਨ..

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦੀਸ਼ਾਂਤ ਕੁਮਾਰ)**: ਧੰਨਵਾਦ ਜੀ।

**ਸ੍ਰੀ ਅਜੈ ਗੁਪਤਾ (ਵਿਦਿਆਰਥੀ ਬਲਬੀਰ ਸਿੰਘ)** : ਮੈਂ ਚਾਹੁੰਦਾ ਹਾਂ ਕਿ ਇਨ੍ਹਾਂ 'ਤੇ ਬੈਨ ਹੋਣਾ ਚਾਹੀਦਾ ਹੈ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਕੁਲਵੰਤ ਸਿੰਘ (ਐਸ.ਏ.ਐਸ. ਨਗਰ) (ਵਿਦਿਆਰਥੀ ਨਿਹਾਲ ਰਾਣਾ, ਸਕੂਲ ਆਫ ਐਮੀਨੈਂਸ, ਖਰੜ)** : ਮਾਣਯੋਗ ਸਪੀਕਰ ਸਾਹਿਬ ਅਤੇ ਸਭਾ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਅਤੇ ਸੰਵਿਧਾਨ ਦਿਵਸ ਦੀਆਂ ਬਹੁਤ ਸਾਰੀਆਂ ਮੁਬਾਰਕਾਂ। ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਹਲਕੇ ਦੀਆਂ ਦੋ ਗੰਭੀਰ ਸਮੱਸਿਆਵਾਂ ਬਾਰੇ ਗੱਲ ਕਰਨੀ ਚਾਹਾਂਗਾ ਕਿਉਂਕਿ ਮੈਨੂੰ ਡਰ ਹੈ ਕਿ ਆਉਣ ਵਾਲੇ ਭਵਿੱਖ ਵਿੱਚ ਕਿਤੇ ਉੱਥੇ ਕੋਈ ਮਹਾਂਮਾਰੀ ਨਾ ਫੈਲ ਜਾਵੇ। ਸਭ ਤੋਂ ਪਹਿਲਾਂ ਵੇਸਟ ਮੈਨੇਜਮੈਂਟ ਦਾ ਮਾਮਲਾ ਹੈ। ਜਿਹੜਾ ਗਿੱਲਾ ਕੂੜਾ ਹੈ ਅਤੇ ਸੁੱਕਾ ਕੂੜਾ ਹੈ, ਇਹ ਮੇਰੇ ਏਰੀਏ ਵਿੱਚ ਵਧਦੀ ਆਬਾਦੀ ਕਾਰਨ ਵਧਦਾ ਹੀ ਜਾ ਰਿਹਾ ਹੈ। ਮੈਂ ਚਾਹਾਂਗਾ ਕਿ ਗਿੱਲੇ ਅਤੇ ਸੁੱਕੇ ਕੂੜੇ ਦਾ ਚੰਗੇ ਤਰੀਕੇ ਨਾਲ ਡਿਸਪੋਜ਼ਲ ਕੀਤਾ ਜਾਵੇ।

ਮੇਰੇ ਹਲਕੇ ਦੀ ਦੂਜੀ ਸਮੱਸਿਆ ਅਵਾਰਾ ਪਸ਼ੂਆਂ, ਗਾਵਾਂ, ਮੱਝਾਂ ਅਤੇ ਕੁੱਤਿਆਂ ਬਾਰੇ ਹੈ। ਜਿਹੜੇ ਗਲ਼ੀਆਂ ਵਿੱਚ ਅਵਾਰਾ ਘੁੰਮਦੇ ਰਹਿੰਦੇ ਹਨ, ਜਿਨ੍ਹਾਂ ਦਾ ਕੋਈ ਵਾਲੀਵਾਰਸ ਨਹੀਂ ਹੁੰਦਾ, ਮੈਂ ਉਨ੍ਹਾਂ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਮੇਰੀ ਬੇਨਤੀ ਹੈ ਕਿ ਇਨ੍ਹਾਂ ਅਵਾਰਾ ਪਸ਼ੂਆਂ ਦੀ ਸਟੇਰਲਾਈਜ਼ੇਸ਼ਨ ਕਰਕੇ ਬਰਥ ਕੰਟਰੋਲ ਕੀਤਾ ਜਾਵੇ ਅਤੇ ਗਊਸ਼ਾਲਾਵਾਂ ਦੀ ਗਿਣਤੀ ਵਧਾਈ ਜਾਵੇ । ਧੰਨਵਾਦ, ਸਪੀਕਰ ਸਾਹਿਬ। (ਥੰਪਿੰਗ)

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ) (ਵਿਦਿਆਰਥਣ ਰਾਜਵੀਰ ਕੌਰ, ਪੀ.ਐਮ. ਸ੍ਰੀ ਗੌਰਮਿੰਟ ਸੀਨੀਅਰ ਸੈਕੰਡਰੀ ਗਰਲਜ਼ ਸਕੂਲ, ਨਕੋਦਰ)**: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ ਜੀ।। ਮਾਣਯੋਗ ਸਪੀਕਰ ਸਾਹਿਬ ਅਤੇ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਜੀ। ਮੈਂ ਰਾਜਵੀਰ ਕੌਰ ਪੀ.ਐਮ.ਸ੍ਰੀ., ਗੌਰਮਿੰਟ

ਸੀਨੀਅਰ ਸੈਕੰਡਰੀ ਗਰਲਜ਼ ਸਕੂਲ, ਨਕੋਦਰ ਦੀ ਵਿਦਿਆਰਥਣ ਹਾਂ। ਅੱਜ ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸ਼੍ਰੀਮਤੀ ਇੰਦਰਜੀਤ ਕੌਰ ਮਾਨ ਜੀ ਦਾ ਰੋਲ ਅਦਾ ਕਰ ਰਹੀ ਹਾਂ। ਸਾਡੀ ਪੰਜਾਬ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਕਰਨ ਵਿੱਚ ਪੂਰੀ ਤਰ੍ਹਾਂ ਜੁਟੀ ਹੋਈ ਹੈ। ਇਸ ਮੁਹਿੰਮ ਨੂੰ ਸਫ਼ਲ ਕਰਨ ਲਈ ਹੀ ਇਸ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਸ਼ੁਰੂ ਕੀਤਾ ਗਿਆ ਹੈ ਕਿਉਂਕਿ ਜੇਕਰ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪਤਾ ਹੋਵੇਗਾ ਤਾਂ ਹੀ ਉਹ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾ ਸਕਣਗੇ ਅਤੇ ਖੁਦ ਵੀ ਬਚ ਸਕਣਗੇ। ਜਿਹੜੇ ਕਹਿੰਦੇ ਹਨ ਕਿ ਬੱਚਿਆਂ ਨੂੰ ਜਾਗਰੂਕ ਨਹੀਂ ਕੀਤਾ ਜਾਂਦਾ ਜਾਂ ਫਿਰ ਉਨ੍ਹਾਂ ਨੂੰ ਜਾਗਰੂਕ ਕਰਨ ਦੀ ਲੋੜ ਨਹੀਂ ਹੈ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਜਾਗਰੂਕ ਕਰਨ ਦੀ ਲੋੜ ਕਿਉਂ ਨਹੀਂ ਹੈ? ਜੇਕਰ ਬੱਚਿਆਂ ਨੂੰ ਜਾਗਰੂਕ ਕਰਾਂਗੇ ਤਾਂ ਹੀ ਉਹ ਅੱਗੇ ਆਪਣੇ ਘਰਦਿਆਂ ਨੂੰ, ਰਿਸ਼ਤੇਦਾਰਾਂ ਅਤੇ ਨੇੜੇ-ਤੇੜੇ ਦੇ ਵਿਅਕਤੀਆਂ ਨੂੰ ਦੱਸਣਗੇ ਕਿ ਨਸ਼ਿਆਂ ਕਾਰਨ ਸਿਹਤ ਉੱਤੇ ਬਹੁਤ ਬੁਰੇ ਪ੍ਰਭਾਵ ਪੈਂਦੇ ਹਨ ਅਤੇ ਨਸ਼ੇ ਕਿਵੇਂ ਛੱਡ ਸਕਦੇ ਹਾਂ। ਸੋ, ਮੈਂ ਤੁਹਾਨੂੰ ਬੱਸ ਇਹੀ ਬੇਨਤੀ ਕਰਾਂਗੀ ਕਿ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾਵੇ ਅਤੇ ਨਸ਼ੇ ਛੁਡਾਉਣ ਸਬੰਧੀ ਵੀ ਜ਼ਰੂਰ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। Thank you. (ਥੰਪਿੰਗ)

**ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ (ਅਮਲੋਹ) (ਵਿਦਿਆਰਥੀ ਸਿਮਰਨਜੀਤ ਸਿੰਘ, ਸਕੂਲ ਆਫ਼ ਐਮੀਨੈਂਸ, (ਲੜਕੇ) ਅਮਲੋਹ):** ਧੰਨਵਾਦ ਡਿਪਟੀ ਸਪੀਕਰ ਸਾਹਿਬ, ਮੈਂ ਸਿਮਰਨਜੀਤ ਸਿੰਘ, ਸਕੂਲ ਆਫ਼ ਐਮੀਨੈਂਸ, ਅਮਲੋਹ ਦਾ ਵਿਦਿਆਰਥੀ ਹਾਂ ਅਤੇ ਅੱਜ ਮੈਂ ਅਮਲੋਹ ਤੋਂ ਵਿਧਾਇਕ ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ ਦਾ ਰੋਲ ਅਦਾ ਕਰ ਰਿਹਾ ਹਾਂ। ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਉਮੀਦ ਕਰਦਾ ਹਾਂ ਕਿ ਵਿਰੋਧੀ ਧਿਰ ਦੇ ਮੈਂਬਰ ਮੇਰੀਆਂ ਗੱਲਾਂ ਨੂੰ ਇੰਟਰੱਪਟ ਨਹੀਂ ਕਰਨਗੇ ਅਤੇ ਮੇਰੀਆਂ ਮੁਸ਼ਕਲਾਂ ਨੂੰ ਸੁਣਨਗੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਮੈਂ ਆਪਣੇ ਹਲਕੇ ਦੀਆਂ ਸਮੱਸਿਆਵਾਂ ਬਾਰੇ ਜ਼ੀਰੋ ਆਵਰ ਵਿਚ ਬੋਲ ਚੁੱਕਾ ਹਾਂ ਪਰ ਸਮੇਂ ਦੀ ਘਾਟ ਕਾਰਨ ਕੁੱਝ ਐਸੀਆਂ ਸਮੱਸਿਆਵਾਂ ਹਨ, ਜੋ ਮੈਂ ਪੇਸ਼ ਨਹੀਂ ਕਰ ਸਕਿਆ। ਜੇਕਰ ਪਿੰਡਾਂ ਦੀ ਗੱਲ ਕਰੀਏ ਤਾਂ ਮੇਰੇ ਹਲਕੇ ਨੂੰ 96 ਪਿੰਡ ਲਗਦੇ ਹਨ ਅਤੇ ਉਨ੍ਹਾਂ ਵਿਚੋਂ 10-15 ਪਿੰਡ ਹੀ ਖੇਤੀਬਾੜੀ ਕਰਦੇ ਹਨ।

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦਿਸ਼ਾਂਤ ਕੁਮਾਰ)** : ਮਤੇ ਤੇ ਬੋਲੋ ਜੀ।

**ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ (ਵਿਦਿਆਰਥੀ ਸਿਮਰਨਜੀਤ ਸਿੰਘ):** ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਦੀਆਂ ਸਮੱਸਿਆਵਾਂ ਨਹੀਂ ਸੁਣੀਆਂ ਗਈਆਂ, ਤੁਸੀਂ ਪਹਿਲਾਂ ਵੀ ਮੈਨੂੰ ਅਣਗੌਲਿਆ ਕਰ ਦਿੱਤਾ ਸੀ।

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦਿਸ਼ਾਂਤ ਕੁਮਾਰ):** ਮਤੇ ਤੇ ਬੋਲੋ ਜੀ।

**ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ (ਵਿਦਿਆਰਥੀ ਸਿਮਰਨਜੀਤ ਸਿੰਘ):** ਹਾਂ ਜੀ, ਡਿਪਟੀ ਸਪੀਕਰ ਸਾਹਿਬ। ਜੇਕਰ ਨਸ਼ਿਆਂ ਦੀ ਗੱਲ ਕਰੀਏ ਤਾਂ ਮੈਂ ਚਾਹੁੰਦਾ ਹਾਂ ਕਿ ਜੇਕਰ ਇਹ ਮਤਾ ਪਾਸ ਹੁੰਦਾ ਹੈ ਅਤੇ ਨਸ਼ਿਆਂ ਦਾ ਇਕ ਵੱਖਰਾ ਸਬਜੈਕਟ ਬਣਾਇਆ ਜਾਂਦਾ ਹੈ ਤਾਂ ਉਹ ਕੇਵਲ ਸਰਕਾਰੀ ਸਕੂਲਾਂ ਵਿਚ ਹੀ ਨਹੀਂ ਬਲਕਿ ਸੀ.ਬੀ.ਐਸ.ਈ. ਦੇ ਸਕੂਲਾਂ ਵਿਚ ਵੀ ਲਗਾਇਆ ਜਾਵੇ, ਕਿਉਂਕਿ ਉਹ ਵੀ ਪੰਜਾਬ ਦੇ ਹੀ ਸਕੂਲਾਂ ਦੇ ਵਿਦਿਆਰਥੀ ਹਨ। ਜੇਕਰ ਨਸ਼ਿਆਂ ਨੂੰ ਜੜ੍ਹ ਤੋਂ ਹੀ ਮੁਕਾ ਦਿੱਤਾ ਜਾਵੇਗਾ ਅਤੇ ਜੇਕਰ ਨਸ਼ੇ ਨਾਂ ਦੀ ਕੋਈ ਚੀਜ਼ ਹੀ ਨਹੀਂ ਰਹੇਗੀ ਤਾਂ ਸਾਨੂੰ ਅਜਿਹੇ ਸਬਜੈਕਟ ਪੜ੍ਹਾਉਣ ਦੀ ਜ਼ਰੂਰਤ ਹੀ ਨਹੀਂ ਰਹੇਗੀ। ਜੇਕਰ ਨਸ਼ਾ ਨਹੀਂ ਹੋਵੇਗਾ ਤਾਂ ਸਾਨੂੰ ਅਜਿਹੀ ਕੋਈ ਮੁਹਿੰਮ ਚਲਾਉਣ ਦੀ ਲੋੜ ਨਹੀਂ ਪਵੇਗੀ। ਸੋ, ਸਾਨੂੰ ਨਸ਼ਾ ਖਤਮ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਧੰਨਵਾਦ ਜੀ। (ਥੰਪਿੰਗ)

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ) (ਵਿਦਿਆਰਥੀ ਸ਼ੁਭਮ ਕੁਮਾਰ ਦਿਕਸ਼ਿਤ, ਪੀ.ਐਸ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤ੍ਰਿਪੜੀ):** ਧੰਨਵਾਦ ਡਿਪਟੀ ਸਪੀਕਰ ਸਾਹਿਬ, ਮੈਂ ਸ਼ੁਭਮ ਕੁਮਾਰ ਦਿਕਸ਼ਿਤ, ਪੀ.ਐਸ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤ੍ਰਿਪੜੀ ਦਾ ਵਿਦਿਅਰਥੀ ਹਾਂ ਅਤੇ ਮੈਂ ਅੱਜ ਸਾਡੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਦਾ ਰੋਲ ਅਦਾ ਕਰ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਵਚਨਬੱਧ ਹੈ ਅਤੇ ਸਾਨੂੰ ਪੰਜਾਬ ਨਸ਼ਾ ਮੁਕਤ ਕਰਨ ਵਾਸਤੇ ਜਿਹੜੇ ਬੰਦੇ ਨਸ਼ਾ ਵੇਚਦੇ ਹਨ, ਉਨ੍ਹਾਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿਚ ਭਰਤੀ ਕਰਵਾਉਣ ਦੀ ਜ਼ਰੂਰਤ ਹੈ ਤਾਂ ਜੋ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਕੀਤਾ ਜਾ ਸਕੇ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦਿਸ਼ਾਂਤ ਕੁਮਾਰ):** ਪ੍ਰਸ਼ਨ ਹੈ -

"ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਵਿਚ ਕਿਸ਼ੋਰ ਅਵਸਥਾ ਤੋਂ ਟੀਨ ਅਵਸਥਾ ਵਿਚ ਜਾਣ ਵਾਲੇ ਅੱਠਵੀਂ ਤੋਂ ਬਾਰਵੀਂ ਕਲਾਸਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਿਚ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਰਾਜ ਦੇ ਸਾਰੇ ਸਕੂਲਾਂ ਦੇ ਸਿਲੇਬਸ ਵਿਚ ਇਸ ਸਬੰਧੀ ਇਕ ਲਾਜ਼ਮੀ ਵਿਸ਼ਾ ਬਣਾਇਆ ਜਾਵੇ ਤਾਂ ਜੋ ਸਾਡੇ ਬੱਚੇ ਸਮਾਜ ਵਿਰੋਧੀ ਤੱਤਾਂ ਦਾ ਸ਼ਿਕਾਰ ਨਾ ਹੋ ਸਕਣ ਅਤੇ ਆਪਣੀ ਜਵਾਨੀ ਤੇ ਮਾਨਸਿਕਤਾ ਨੂੰ ਤਾਕਤਵਰ ਬਣਾਉਂਦੇ ਹੋਏ ਉਹ ਸਮਾਜ ਅਤੇ ਦੇਸ਼ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਆਪਣਾ ਭਰਪੂਰ ਯੋਗਦਾਨ ਪਾ ਸਕਣ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## LEGISLATIVE BUSINESS

### 1. THE PUNJAB PANCHAYATI RAJ (AMENDMENT) BILL, 2024

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦਿਸ਼ਾਂਤ ਕੁਮਾਰ):** ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਜੀ ਬਿਲ ਪੇਸ਼ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) (ਵਿਦਿਆਰਥਣ ਮੁਸਕਾਨਪ੍ਰੀਤ ਕੌਰ, ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਸੂਲੜਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਡਿਪਟੀ ਸਪੀਕਰ (ਵਿਦਿਆਰਥੀ ਦਿਸ਼ਾਂਤ ਕੁਮਾਰ):** ਪ੍ਰਸਤਾਵ ਕੀਤਾ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**(ਬਹਿਸ)**

**ਸਰਦਾਰ ਗੁਰਿੰਦਰ ਸਿੰਘ ਗੈਰੀ ਬੜਿੰਗ (ਅਮਲੋਹ) (ਵਿਦਿਆਰਥੀ ਸਿਮਰਨਜੀਤ ਸਿੰਘ, ਸਕੂਲ ਆਫ਼ ਐਮੀਨੈਂਸ, (ਲੜਕੇ) ਅਮਲੋਹ):** ਧੰਨਵਾਦ ਡਿਪਟੀ ਸਪੀਕਰ ਸਾਹਿਬ, ਜਿਵੇਂ ਕਿ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਸਾਡੇ ਪੰਚਾਇਤ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਜੋ ਕਿ ਖੰਨੇ ਦੇ ਵਿਧਾਇਕ ਹਨ, ਉਨ੍ਹਾਂ ਦੇ ਗੁਆਂਢੀ ਹਲਕੇ ਅਮਲੋਹ ਨੂੰ 96 ਪਿੰਡ ਲਗਦੇ ਹਨ, ਜਿਸ ਵਿਚੋਂ 10-15 ਪਿੰਡ ਹੀ ਅਜਿਹੇ ਹਨ, ਜਿੱਥੇ ਖੇਤੀਬਾੜੀ ਕੀਤੀ ਜਾਂਦੀ ਹੈ। ਜਿਸ ਵਿਚ ਵਧੀਆ ਪੰਚਾਇਤ ਰਾਜ ਹੈ। ਪਰ ਬਾਕੀ ਪਿੰਡਾਂ ਵਿਚ ਭਈਏ ਰਹਿੰਦੇ ਹਨ ਜੀ, ਦਿਹਾੜੀਏ ਰਹਿੰਦੇ ਹਨ। ਉੱਥੇ ਜ਼ਮੀਨਾਂ ਵਿਹਲੀਆਂ ਪਈਆਂ ਹਨ। ਮੈਂ ਕਰੀਮਾ ਪਿੰਡ ਦੀ ਗੱਲ ਕਰਦਾ ਹਾਂ, ਜੋ ਬਿਲਕੁਲ ਖਾਲੀ ਹੋ ਚੁੱਕਿਆ ਹੈ ਕਿਉਂਕਿ ਉੱਥੇ ਕੋਈ ਸਹੂਲਤ ਨਹੀਂ ਹੈ,ਉੱਥੇ ਕੋਈ ਡਿਸਪੈਂਸਰੀ ਨਹੀਂ, ਕੋਈ ਲਾਇਬ੍ਰੇਰੀ ਨਹੀਂ, ਕੋਈ ਪਾਰਕ ਨਹੀਂ ਹੈ। ਉਨ੍ਹਾਂ ਨੂੰ 10 ਕਿਲੋਮੀਟਰ ਦੂਰ ਇਨ੍ਹਾਂ ਸਹੂਲਤਾਂ ਲਈ ਅਮਲੋਹ ਜਾਣਾ ਪੈਂਦਾ ਹੈ। ਮੈਂ ਪੰਚਾਇਤ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ 96 ਪਿੰਡਾਂ ਵਿਚ ਸੁਧਾਰ ਕੀਤਾ ਜਾਵੇ ਅਤੇ ਪਿੰਡਾਂ ਨੂੰ ਵਧੀਆ ਬਣਾਇਆ ਜਾਵੇ। ਹਰ ਪਿੰਡ ਵਿਚ ਇਕ ਪਾਰਕ ਹੋਵੇ ਤਾਂ ਜੋ ਹਰ ਨੌਜਵਾਨ ਤੰਦਰੁਸਤ ਰਹਿ ਸਕੇ ਅਤੇ ਨਸ਼ਿਆਂ ਤੋਂ ਦੂਰ ਰਹਿ ਸਕੇ। ਧੰਨਵਾਦ ਜੀ। ਜੈ ਹਿੰਦ। (ਥੰਪਿੰਗ)

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ) (ਵਿਦਿਆਰਥੀ ਸਾਹਿਲਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰਗੜ੍ਹ, ਮੋਗਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਦਨ ਦੀ ਫਲੋਰ ਤੇ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇੱਥੇ ਕਿਹਾ ਗਿਆ ਹੈ ਕਿ ਹਰੇਕ ਪਿੰਡ ਵਿੱਚ ਇੱਕ ਲਾਇਬ੍ਰੇਰੀ ਖੋਲਣੀ ਚਾਹੀਦੀ ਹੈ। ਪਰ ਮੈਨੂੰ ਲੱਗਦਾ ਹੈ ਕਿ ਇਹ ਸੰਭਵ ਨਹੀਂ ਹੈ। ਤਿੰਨ-ਚਾਰ ਪਿੰਡਾਂ ਦੀ ਇੱਕ ਲਾਇਬ੍ਰੇਰੀ ਤਾਂ ਹੋ ਸਕਦੀ ਹੈ। ਸਰਕਾਰ ਕੋਲ ਇੰਨੇ ਫੰਡਜ਼ ਨਹੀਂ ਹਨ। ਦੂਜੀ ਇੱਥੇ ਨਸ਼ਿਆਂ ਬਾਰੇ ਗੱਲ ਕੀਤੀ ਗਈ ਹੈ। ਨਸ਼ਿਆਂ ਨੂੰ ਸੋਸ਼ਲ ਮੀਡੀਆ ਵੱਧ ਪ੍ਰਮੋਟ ਕਰ ਰਿਹਾ ਹੈ। 5-6 ਸਾਲ ਦੇ ਬੱਚੇ ਇੰਸਟਾਗ੍ਰਾਮ ਚਲਾ ਰਹੇ ਹਨ, ਸਨੈਪਚੈਟਾਂ ਚਲਾ ਰਹੇ ਹਨ। ਸ਼ਰਾਬ ਦੀ ਐਡਵਰਟਾਈਜ਼ਮੈਂਟ ਬਹੁਤ ਹੋ ਰਹੀ ਹੈ, ਸਿਗਰਟ ਦੀ ਕਿੰਨੀ ਮਸ਼ਹੂਰੀ ਹੋ ਰਹੀ ਹੈ। 5-6 ਸਾਲ ਦਾ ਬੱਚਾ ਕਰਿਆਨਾ ਸ਼ਾਪ ਤੋਂ ਸਿਗਰਟ ਲੈ ਰਿਹਾ ਹੈ। ਇਨ੍ਹਾਂ ਚੀਜ਼ਾਂ ਤੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਕਿ ਕੋਈ ਵੀ ਕਰਿਆਨਾ ਸ਼ਾਪ ਦਾ ਦੁਕਾਨਦਾਰ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਸਿਗਰਟ ਜਾਂ ਨਸ਼ੀਲਾ ਪਦਾਰਥ ਨਾ ਵੇਚੇ।

*2.57 ਵਜੇ ਬਾ:ਦੁ: (ਇਸ *ਸਮੇਂ ਮਾਣਯੋਗ ਸਪੀਕਰ **(ਵਿਦਿਆਰਥੀ ਜਗਮੰਦਰ ਸਿੰਘ)** ਨੇ ਸਦਨ ਦੀ ਕੁਰਸੀ ਸੰਭਾਲੀ।)

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.) (ਵਿਦਿਆਰਥੀ ਜਸਪਿੰਦਰ ਸਿੰਘ, ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੁੱਦਕੀ (ਲੜਕੇ):** ਮਾਣਯੋਗ ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਅੱਜ ਦਾ ਵਿਸ਼ਾ ਹੈ ਕਿ ਗਰੀਬ ਪਰਿਵਾਰਾਂ ਨਾਲ ਵਿਤਕਰਾ ਹੁੰਦਾ ਹੀ ਆ ਰਿਹਾ ਹੈ ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਨਾਲ ਸਬੰਧਤ ਹੋਣ। ਇਹ ਵਿਤਕਰਾ ਕਦੋ ਤੱਕ ਚੱਲੇਗਾ। ਮੇਰਾ ਪਹਿਲਾ ਸਵਾਲ ਇਹ ਹੈ ਕਿ ਜਿਹੜੀ ਸਰਕਾਰ ਗਰੀਬ ਪਰਿਵਾਰਾਂ ਨੂੰ ਕੋਠੇ ਲਾਗੂ ਕਰਦੀ ਹੈ, ਉਹ ਵਿੱਚ ਵਿਚਾਲੇ ਹੀ ਰਹਿ ਜਾਂਦੇ ਹਨ। ਸਪੀਕਰ ਸਾਹਿਬ, ਮੇਰਾ ਦੂਸਰਾ ਸਵਾਲ ਇਹ ਹੈ ਕਿ ਜੇ ਕੋਈ ਗਰੀਬ ਪਰਿਵਾਰ ਕਰਜ਼ਾ ਚੁੱਕ ਕੇ ਆਪਣੀ ਧੀ ਦਾ ਵਿਆਹ ਕਰਦੇ ਹਨ ਤਾਂ ਉਨ੍ਹਾਂ ਨੂੰ ਦੋ ਦੋ ਸਾਲ ਤੱਕ ਸ਼ਗਨ ਸਕੀਮ ਦੇ ਪੈਸੇ ਨਹੀਂ ਆਉਂਦੇ ਹਨ। ਸਪੀਕਰ ਸਾਹਿਬ, ਇਸ ਤਰ੍ਹਾਂ ਕਿਉਂ ਹੁੰਦਾ ਹੈ?

**ਮਾਣਯੋਗ ਸਪੀਕਰ (ਵਿਦਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ। ਬੈਠੋ ਜੀ।

**ਸਰਦਾਰ ਗੁਰਦੀਪ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ) (ਵਿਦਿਆਰਥੀ ਮਨਰਾਜ ਸਿੰਘ, ਸਰਕਾਰੀ ਅਦਰਸ ਸੀਨੀਅਰ ਸੈਕੰਡਰੀ ਸਕੂਲ, ਭਿਖਾਰੀਵਾਲ):** ਮਾਣਯੋਗ ਸਪੀਕਰ ਸਾਹਿਬ, ਪੰਚਾਇਤੀ ਰਾਜ ਵਿੱਚ ਸਾਰਿਆਂ ਨੂੰ ਪੰਚਾਇਤ ਦੀਆਂ ਜ਼ਮੀਨਾਂ ਬਰਾਬਰ ਦਿੱਤੀਆਂ ਜਾਂਦੀਆਂ ਹਨ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਬੈਠੋ ਜੀ। ਧੰਨਵਾਦ ਜੀ।

**ਸ੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ) (ਵਿਦਿਆਰਥੀ ਅਕਸ਼ੈ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚਨੌਲੀ ਬਸੀ)**: ਸਪੀਕਰ ਸਾਹਿਬ, ਮੇਰੇ ਹਲਕੇ ਦੀ ਸਮੱਸਿਆ ਹੈ ਕਿ ਮੇਰੇ ਇਲਾਕੇ ਨੂਰਪੁਰ ਬੇਦੀ ਵਿੱਚ ਲੜਕਿਆਂ ਲਈ ਸਪੋਰਟਸ ਦੀ ਪੜ੍ਹਾਈ ਕਰਨ ਲਈ ਕੋਈ ਸਕੂਲ ਨਹੀਂ ਹੈ ਜਿਸ ਕਾਰਨ ਉਨ੍ਹਾਂ ਨੂੰ ਸਪੋਰਟਸ ਦੀ ਪੜ੍ਹਾਈ ਕਰਨ ਲਈ ਦੂਰ ਰੋਪੜ ਵਿਖੇ ਜਾਣਾ ਪੈਂਦਾ ਹੈ। ਮੇਰੀ ਬੇਨਤੀ ਹੈ ਕਿ ਨੂਰਪੁਰ ਬੇਦੀ ਵਿੱਚ ਲੜਕਿਆਂ ਨੂੰ ਸਪੋਰਟਸ ਦੀ ਪੜ੍ਹਾਈ ਕਰਨ ਲਈ ਇੱਕ ਸਪੋਰਟਸ ਸਕੂਲ ਦਿੱਤਾ ਜਾਵੇ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਧੰਨਵਾਦ ਜੀ। ਹੁਣ ਮਲੇਰਕੋਟਲਾ ਤੋਂ ਐਮ.ਐਲ.ਏ. ਸਾਹਿਬ ਬੋਲਣਗੇ।

**ਡਾਕਟਰ ਮੁਹੰਮਦ ਜ਼ਮੀਲ ਉਰ ਰਹਿਮਾਨ (ਮਲੇਰਕੋਟਲਾ) (ਵਿਦਿਆਰਥੀ ਗੁਰਸ਼ਰਨ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਹਥਨ)** : ਸਭ ਤੋਂ ਪਹਿਲਾਂ ਤਾਂ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦੇ ਸਾਹਮਣੇ ਆਪਣੇ ਹਲਕੇ ਦੀਆਂ ਕੁਝ ਮੁੱਖ ਮੰਗਾਂ ਪੇਸ਼ ਕਰਾਂਗਾ। ਸਭ ਤੋਂ ਪਹਿਲੀ ਮੇਰੇ ਹਲਕੇ ਦੀ ਮੰਗ ਇਹ ਹੈ ਕਿ ਜ਼ਿਲ੍ਹਾ ਮਲੇਰਕੋਟਲਾ ਵਿੱਚ ਇੱਕ ਸਰਕਾਰੀ ਮੈਡੀਕਲ ਕਾਲਜ ਜ਼ਰੂਰ ਖੋਲ੍ਹਿਆ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਕਿਰਪਾ ਕਰਕੇ ਧਿਆਨ ਰੱਖਿਆ ਜਾਵੇ ਕਿ ਬਿਲ ਤੇ ਹੀ ਚਰਚਾ ਕੀਤੀ ਜਾਵੇ।

**ਡਾਕਟਰ ਮੁਹੰਮਦ ਜ਼ਮੀਲ ਉਰ ਰਹਿਮਾਨ** : ਮੈਂ ਇਸ ਬਿਲ ਤੇ ਚਰਚਾ ਕਰਦੇ ਹੋਏ ਕਹਾਂਗਾ ਕਿ ਪੰਜਾਬ ਪੰਚਾਇਤੀ ਰਾਜ ਬਿਲ ਜ਼ਰੂਰ ਪਾਸ ਕੀਤਾ ਜਾਵੇ ਤਾਂ ਜੋ ਪੰਚਾਇਤਾਂ ਆਪਣੇ ਕੰਮ ਸਹੀ ਤਰੀਕੇ ਨਾਲ ਕਰਨ ਅਤੇ ਸਿਸਟਮ ਨੂੰ ਬਿਲਕੁਲ ਵੀ ਕੁਰੱਪਟ ਨਾ ਕਰਨ। ਇੰਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਧੰਨਵਾਦ ਜੀ। ਸ੍ਰੀਮਤੀ ਨੀਨਾ ਮਿੱਤਲ ਜੀ।

**ਸ੍ਰੀਮਤੀ ਨੀਨਾ ਮਿੱਤਲ (ਰਾਜਪੁਰਾ) (ਵਿਦਿਆਰਥੀ ਹਰਸ਼ਦੀਪ ਕੌਰ, ਸਕੂਲ ਆਫ ਐਮੀਨੈਂਸ, ਮਹਿੰਦਰਗੰਜ, ਰਾਜਪੁਰਾ)** : ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਆਪਣੇ ਹਲਕੇ ਦੇ ਕੁਝ ਮੁੱਦੇ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ, ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਕਿਰਪਾ ਕਰਕੇ ਇਹ ਧਿਆਨ ਵਿੱਚ ਰੱਖੋ ਕਿ ਸਿਰਫ ਬਿਲ ਤੇ ਹੀ ਬੋਲਣਾ ਹੈ।

**ਸ੍ਰੀਮਤੀ ਨੀਨਾ ਮਿੱਤਲ (ਵਿਦਿਆਰਥੀ ਹਰਸ਼ਦੀਪ ਕੌਰ)** : ਸਰ, ਪਹਿਲਾਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਬੋਲੋ ਜੀ।

**ਸ਼੍ਰੀਮਤੀ ਨੀਨਾ ਮਿੱਤਲ (ਵਿਦਿਆਰਥੀ ਹਰਸ਼ਦੀਪ ਕੌਰ)** : ਇਸ ਦੇ ਅੰਤਰਗਤ ਜੇ ਮੈਂ ਸਭ ਤੋਂ ਪਹਿਲਾਂ ਗੱਲ ਕਰਾਂ ਤਾਂ ਮੈਂ ਮੇਰੇ ਇਲਾਕੇ ਦੇ ਸਿੱਖਿਆ ਅਦਾਰਿਆਂ ਬਾਰੇ ਗੱਲ ਕਰਾਂਗੀ। ਇੱਥੇ ਸਕੂਲੀ ਸਿੱਖਿਆ ਲਈ ਤਾਂ ਯੋਗ ਪ੍ਰਬੰਧ ਹੈ ਪਰ ਉਚੇਰੀ ਸਿੱਖਿਆ ਲਈ ਸਾਡੇ ਬੱਚੇ-ਬੱਚੀਆਂ ਨੂੰ ਦੂਰ ਦੁਰਾਡੇ ਜਾਣਾ ਪੈਂਦਾ ਹੈ। ਖਾਸ ਕਰਕੇ ਮੇਰੀ ਬੱਚੀਆਂ ਨੂੰ ਉਚੇਰੀ ਸਿੱਖਿਆ ਦੇ ਅਦਾਰੇ ਦੂਰ ਹੋਣ ਕਾਰਨ ਅਤੇ ਮਾਪਿਆਂ ਦੀ ਸਖਤੀ ਹੋਣ ਕਾਰਨ ਉਚੇਰੀ ਵਿੱਦਿਆ ਤਾਂ ਮਿਲ ਹੀ ਨਹੀਂ ਪਾਉਂਦੀ। ਜੇਕਰ ਮੇਰੇ ਰਾਜਪੁਰਾ ਹਲਕੇ ਵਿੱਚ ਇੱਕ Government Girls College ਹੋਵੇਗਾ ਤਾਂ ਇਹ ਇੱਕ ਕਾਲਜ ਜ਼ੀਰਕਪੁਰ, ਬਨੂੜ ਅਤੇ ਘਨੌਰ ਵਰਗੇ ਇਲਾਕਿਆਂ ਨੂੰ ਵੀ ਕਵਰ ਕਰ ਲਵੇਗਾ। ਸੋ, ਮੇਰੀ ਆਪ ਜੀ ਦੇ ਮਾਧਿਅਮ ਰਾਹੀਂ ਪੰਜਾਬ ਸਕਰਾਰ ਨੂੰ ਅਪੀਲ ਹੈ ਕਿ ਇੱਥੇ ਇੱਕ Government Girls College ਮੁਹੱਈਆ ਕਰਵਾਇਆ ਜਾਵੇ। ਸਪੀਕਰ ਸਾਹਿਬ, ਮੇਰਾ ਦੂਜਾ ਮੁੱਦਾ ਇਹ ਹੈ ਕਿ ......

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਧੰਨਵਾਦ ਜੀ। ਆਪਾਂ ਦੂਜਿਆਂ ਨੂੰ ਵੀ ਬੋਲਣ ਦਾ ਮੌਕਾ ਦੇਣਾ ਹੈ। ਧੰਨਵਾਦ ਜੀ। ਸਰਦਾਰ ਕੁਲਵੰਤ ਸਿੰਘ ਬਾਜ਼ੀਗਰ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ, ਐਸ.ਸੀ.) (ਵਿਦਿਆਰਥੀ ਸਤਨਾਮ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਕੁਲਾਰਾਂ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਦਾ ਵੀ ਧੰਨਵਾਦ। ਮਾਣਯੋਗ ਸਪੀਕਰ ਸਾਹਿਬ, ਅੱਜ ਮੈਂ ਗੱਲ ਕਰਾਂਗਾ ਕਿ ਸਾਡੀ ਸਰਕਾਰ "ਯੁੱਧ ਨਸ਼ਿਆਂ ਵਿਰੁੱਧ" ਰਾਹੀਂ ਕੀ ਕੰਮ ਕਰ ਰਹੀ ਹੈ। ਸਾਡੀ ਸਰਕਾਰ ਨੇ ਨਸ਼ਿਆਂ ਵਿਰੁੱਧ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਚਲਾਈ ਤਾਂ ਜੋ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ ਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ। ਜੋ ਸਾਡੀ ਪੰਜਾਬ ਦੀ ਜਵਾਨੀ ਹੈ, ਉਹ ਨਸ਼ਿਆਂ ਦੇ ਦਲਦਲ ਵਿੱਚ ਡੁੱਬ ਚੁੱਕੀ ਹੈ। ਪੰਜਾਬ ਦੀ ਜਵਾਨੀ ਨੂੰ ਇਸ ਦਲਦਲ ਵਿੱਚੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਨੇ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਚਲਾਈ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਕਿਰਪਾ ਕਰਕੇ ਮੁੱਦੇ ਨੂੰ ਧਿਆਨ ਵਿੱਚ ਰੱਖ ਕੇ ਬੋਲੋ ਜੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਵਿਦਿਆਰਥੀ ਸਤਨਾਮ ਸਿੰਘ)** : ਹਾਂ ਜੀ, ਸਪੀਕਰ ਸਾਹਿਬ। ਤੁਸੀਂ ਪਹਿਲਾਂ ਮੇਰੇ ਹਲਕੇ ਦੀ ਸਮੱਸਿਆ ਸੁਣ ਲਉ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਹਲਕੇ ਦੀ ਸਮੱਸਿਆ ਆਪਾਂ ਜ਼ੀਰੋ ਆਵਰ ਵਿੱਚ ਡਿਸਕਸ ਕਰ ਲਈ ਹੈ। ਹੁਣ ਬਿਲ ਤੇ ਹੀ ਗੱਲਬਾਤ ਕੀਤੀ ਜਾਵੇ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਵਿਦਿਆਰਥੀ ਸਤਨਾਮ ਸਿੰਘ)** : ਜ਼ੀਰੋ ਆਵਰ ਵਿੱਚ ਮੌਕਾ ਨਹੀਂ ਮਿਲਿਆ ਸੀ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਮੌਕਾ ਮਿਲਣ ਤੇ ਹੀ ਬੋਲਿਆ ਜਾਂਦਾ ਹੈ, ਇਸ ਤਰ੍ਹਾਂ ਨਹੀਂ ਬੋਲਿਆ ਜਾਂਦਾ। ਕਿਰਪਾ ਕਰਕੇ ਬਿਲ ਤੇ ਹੀ ਬੋਲੋ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਵਿਦਿਆਰਥੀ ਸਤਨਾਮ ਸਿੰਘ)**: ਜੀ ਹਾਂ, ਸਪੀਕਰ ਸਾਹਿਬ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਸਮੇਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਵਿਦਿਆਰਥੀ ਸਤਨਾਮ ਸਿੰਘ)**: ਜੀ ਹਾਂ, ਸਪੀਕਰ ਸਾਹਿਬ। ਜਿਹੜਾ ਪੰਜਾਬ ਪੰਚਾਇਤੀ ਰਾਜ ਬਿਲ ਹੈ, ਇਸ ਨੂੰ ਪਾਸ ਕੀਤਾ ਜਾਵੇ ਤਾਂ ਜੋ ਪੰਚਾਇਤੀ ਰਾਜ ਬਹੁਤ ਵਧੀਆ ਤਰੀਕੇ ਨਾਲ ਚਲਾਇਆ ਜਾ ਸਕੇ ਅਤੇ ਪੰਚਾਇਤੀ ਸਰਕਾਰ ਕੁਰੱਪਸ਼ਨ ਨਾ ਕਰ ਸਕੇ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ (ਸਨੌਰ) (ਵਿਦਿਆਰਥੀ ਮਨਿੰਦਰ ਸਿੰਘ, ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸਨੌਰ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ ਦਾ ਰੋਲ ਅਦਾ ਕਰਨ ਆਇਆ ਹਾਂ। ਮੈਂ ਮਾਣਯੋਗ ਸਪੀਕਰ ਸਾਹਿਬ ਜੀ ਨੂੰ ਸਨੌਰ ਹਲਕੇ ਦੀ ਆਵਾਜ਼ ਪੰਜਾਬ ਵਾਸੀਆਂ ਤੱਕ ਪਹੁੰਚਾਉਣ ਲਈ ਆਪ ਵੱਲੋਂ ਦਿੱਤੇ ਮੌਕੇ ਦਾ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਆਪ ਜੀ ਨਾਲ ਹਲਕਾ ਸਨੌਰ ਦੀ ਇੱਕ ਅਹਿਮ ਸਮੱਸਿਆ ਸਾਂਝੀ ਕਰਨਾ ਚਾਹੁੰਦਾ ਹਾਂ। ਉਹ ਸਮੱਸਿਆ ਹੈ ਘੱਗਰ ਦੀ ਸਮੱਸਿਆ। ਜਦੋਂ ਵਰਖਾ ਦਾ ਮੌਸਮ ਆਉਂਦਾ ਹੈ ਤਾਂ ਵਰਖਾ ਦੇ ਕਾਰਨ ਘੱਗਰ ਮੀਂਹ ਦੇ ਪਾਣੀ ਨਾਲ ਭਰ ਜਾਂਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕ੍ਰਿਪਾ ਕਰਕੇ ਧਿਆਨ ਵਿੱਚ ਰੱਖਿਆ ਜਾਵੇ ਕਿ ਬਿੱਲ ਦੇ ਮੁੱਦੇ ਤੇ ਹੀ ਡਿਸਕਸ਼ਨ ਕੀਤੀ ਜਾਵੇ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ (ਵਿਦਿਆਰਥੀ ਮਨਿੰਦਰ ਸਿੰਘ)**: ਜਿਸ ਕਾਰਨ ਘੱਗਰ ਦੇ ਕੰਢਿਆਂ ਨੇੜੇ ਜਿਹੜੇ ਪਿੰਡ ਵਸੇ ਹੋਏ ਹਨ ਉਨ੍ਹਾਂ ਵਿੱਚ ਪਾਣੀ ਵੜ ਜਾਂਦਾ ਹੈ। ਉਹ ਪਾਣੀ ਉਨ੍ਹਾਂ ਪਿੰਡਾਂ ਵਿੱਚ ਵੜ ਕੇ ਪਿੰਡ ਵਿੱਚ ਵੱਸ ਰਹੇ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਰਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ) (ਵਿਦਿਆਰਥੀ ਅਮਨਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੁਗਿਆਣਾ)**: ਮਾਣਯੋਗ ਸਪੀਕਰ ਸਾਹਿਬ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ ਤੁਸੀਂ ਵਿਧਾਨ ਸਭਾ ਹਲਕਾ ਫਰੀਦਕੋਟ ਦੇ ਵਿਕਾਸ ਲਈ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ। ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਸ਼ਹਿਰ ਅੱਠ ਸੌ ਦਸ ਸਾਲ ਪੁਰਾਣਾ ਸ਼ਹਿਰ ਹੈ। ਇਸ ਸ਼ਹਿਰ ਵਿੱਚ ਅੱਠ ਸੌ ਦਸ ਸਾਲ ਪੁਰਾਣੀਆਂ ਇਮਾਰਤਾਂ ਹਨ ਜਿਵੇਂ ਜਵਾਹਰ ਲਾਲ ਨਹਿਰੂ ਗੇਟ, ਦਰਬਾਰਗੰਜ ਰੈਸਟ ਹਾਊਸ, ਹੈਰੀਟੇਜ਼ ਸਟ੍ਰੀਟ ਆਦਿ ਹਨ। ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਇਮਾਰਤਾਂ ਨੂੰ ਹੈਰੀਟੇਜ਼ ਡਿਕਲੇਅਰ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਲੋਕਾਂ ਨੂੰ ਫਰੀਦਕੋਟ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਸੇਖੋਂ ਸਾਹਿਬ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਅਮੋਲਕ ਸਿੰਘ (ਜੈਤੋਂ, ਐਸ.ਸੀ.) (ਵਿਦਿਆਰਥੀ ਗੁਰਸਾਹਿਬ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜੰਡ ਸਾਹਿਬ)**: ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਵਿਧਾਨ ਸਭਾ ਵਿੱਚ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਲੋਕਤੰਤਰ ਦੀ ਮਜ਼ਬੂਤੀ ਲਈ ਹੇਠਲੇ ਪੱਧਰ ਤੋਂ ਯਤਨ ਕਰਨਾ ਪਵੇਗਾ। ਇਸ ਲਈ ਸਾਨੂੰ ਗ੍ਰਾਮ ਸਭਾਵਾਂ ਵੀ ਮਜ਼ਬੂਤ ਕਰਨੀਆਂ ਪੈਣਗੀਆਂ। ਪੰਚਾਇਤੀ ਚੋਣਾਂ ਵਿੱਚ ਲੋਕਾਂ ਨੂੰ ਆਪਣੀ ਰਾਜਨੀਤੀ ਆਪ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਚੰਗੇ ਕੰਮ ਕਰਨ ਵਾਲੀਆਂ ਪੰਚਾਇਤਾਂ ਨੂੰ ਵਧੇਰੇ ਗ੍ਰਾਂਟਾਂ ਦੇਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਆਪਣੀ ਲੀਡਰਸ਼ਿਪ ਚੁਣਨ ਦੀ ਇਜਾਜ਼ਤ ਦੇਣ ਦੀ ਬਹੁਤ ਲੋੜ ਹੈ ਕਿਉਂਕਿ ਇਨ੍ਹਾਂ ਥਾਵਾਂ ਤੇ ਹੀ ਨੇਤਾ ਤਿਆਰ ਹੋਣਗੇ। ਧੰਨਵਾਦ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਕਲਾਜ਼ 2**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

**ਸਿਰਲੇਖ**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) (ਵਿਦਿਆਰਥੀ ਮੁਸਕਾਨਪ੍ਰੀਤ ਕੌਰ, ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਸੂਲੜਾ):** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸਤਾਵ ਕੀਤਾ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**2. THE PREVENTION OF CRUELTY TOWARDS ANIMALS (PUNJAB AMENDMENT) BILL, 2025**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਪਸ਼ੂ ਪਾਲਣ ਮੰਤਰੀ ਬਿਲ ਪੇਸ਼ ਕਰਨ।

**ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) (ਵਿਦਿਆਰਥੀ ਪ੍ਰਭਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ):** ਸ਼੍ਰੀਮਾਨ ਜੀ, ਮੈਂ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਵੀ ਕਰਦਾ ਹਾਂ-

ਕਿ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸਤਾਵ ਕੀਤਾ-

ਕਿ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ) (ਵਿਦਿਆਰਥੀ ਗੁਰਸੇਵਕ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਰੀਕੇ):** ਧੰਨਵਾਦ ਸਪੀਕਰ ਸਾਹਿਬ, ਮੈਂ ਬਹਿਸ ਤਾਂ ਨਹੀਂ ਕਰਨਾ ਚਾਹਾਂਗਾ ਪਰ ਇੱਕ ਹੋਰ ਵਿਚਾਰ ਦੇਣਾ ਚਾਹੁੰਦਾ ਹਾਂ। ਇਹ ਬਹੁਤ ਵਧੀਆ ਬਿਲ ਲਿਆਂਦਾ ਹੈ ਅਤੇ ਇਹ ਸਮੇਂ ਦੀ ਲੋੜ ਵੀ ਸੀ। ਮੇਰਾ ਵਿਚਾਰ ਇਹ ਹੈ ਕਿ ਜਿਵੇਂ ਸਾਡੀਆਂ ਗਊਸ਼ਾਲਾਵਾਂ ਹਨ, ਉਨ੍ਹਾਂ ਵਿੱਚ ਹਰੇ ਚਾਰੇ ਦੀ ਬਹੁਤ ਘਾਟ ਆ ਜਾਂਦੀ ਹੈ ਜੀ। ਉਸ ਲਈ ਸਾਡੀਆਂ ਪੰਚਾਇਤਾਂ ਦੀਆਂ ਜ਼ਮੀਨਾਂ ਹਨ, ਜਿਨ੍ਹਾਂ ਵਿੱਚੋਂ ਕੁਝ ਥਾਂ ਗਊਸ਼ਾਲਾ ਨੂੰ ਦਿੱਤੀ ਜਾ ਸਕਦੀ ਹੈ, ਉੱਥੇ ਹਰਾ ਚਾਰਾ ਬੀਜਿਆ ਜਾ ਸਕਦਾ ਹੈ ਅਤੇ ਜਿਹੜਾ ਉਸ ਦੀ ਸਾਂਭ ਸੰਭਾਲ ਕਰ ਰਿਹਾ ਹੈ, ਇਸ ਨਾਲ ਉਸ ਦੀ ਸਹਾਇਤਾ ਹੋ ਜਾਵੇਗੀ। ਸਾਡਾ ਇਲਾਕਾ ਮੰਡ ਖੇਤਰ ਦਾ ਹੋਣ ਕਰਕੇ, ਸਾਡੇ ਉੱਥੇ ਮੰਡ ਵਾਲੇ ਸੂਰ ਬਹੁਤ ਹਨ, ਉਹ ਬੜਾ ਨੁਕਸਾਨ ਕਰਦੇ ਹਨ। ਉਸ ਲਈ ਵਾਈਲਡ ਲਾਈਫ ਮਹਿਕਮੇ ਨੂੰ ਕਹਿਣਾ ਚਾਹੀਦਾ ਹੈ ਕਿ ਉਸ ਦੀ ਕੋਈ ਨਾ ਕੋਈ ਬਾਊਂਡਰੀ ਕੀਤੀ ਜਾਵੇ ਕਿਉਂਕਿ ਮਜਬੂਰੀ ਵਿੱਚ ਕਿਸਾਨਾਂ ਨੂੰ ਇਲੈਕਟ੍ਰੋਨਿਕ ਫੈਂਸ ਲਗਵਾਉਣੀ ਪੈਂਦੀ ਹੈ। ਕਿਸਾਨ ਨਹੀਂ ਚਾਹੁੰਦਾ ਕਿ ਉਹ ਇਹ ਪਾਪ ਖੱਟੇ ਪਰ ਇਹ ਗੱਲ ਵੀ ਐਡ-ਓਨ ਕਰ ਦਿਉ ਕਿ ਵਾਈਲਡ ਲਾਈਫ ਵਾਲੇ ਸੂਰਾਂ ਵੱਲ ਜ਼ਰੂਰ ਧਿਆਨ ਦੇਣ ਅਤੇ ਉਸ ਦੀ ਬਾਊਂਡਰੀ ਕੀਤੀ ਜਾਵੇ। ਧੰਨਵਾਦ ਜੀ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.) (ਵਿਦਿਆਰਥੀ ਗੁਰਵਿੰਦਰ, ਐਸ.ਓ.ਈ., ਫਿਲੌਰ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ। ਜਿਸ ਤਰ੍ਹਾਂ ਐਮ.ਐਲ.ਏ. ਸਾਹਿਬਾਨ ਨੇ ਕਿਹਾ ਇਹ ਬਹੁਤ ਵਧੀਆ ਬਿਲ ਹੈ, ਮੈਂ ਇਸ ਦੇ ਹੱਕ ਵਿੱਚ ਹਾਂ ਕਿਉਂਕਿ ਅਸੀਂ ਦੇਖਿਆ ਹੀ ਹੈ ਕਿ ਸਾਡਾ ਭਰਾ ਰਾਜਵੀਰ ਜਵੰਦਾ ਇਸੇ ਕਰਕੇ ਮਰਿਆ ਸੀ ਜਦੋਂ ਉਸ ਦਾ ਐਕਸੀਡੈਂਟ ਅਵਾਰਾ ਪਸ਼ੂ ਕਰਕੇ ਹੋਇਆ ਸੀ। ਮਾਣਯੋਗ ਸਪੀਕਰ ਸਾਹਿਬ ਜੀ, ਇਸ ਤੋਂ ਬਾਅਦ ਵੀ ਪੰਜਾਬ ਸਰਕਾਰ ਦੁਆਰਾ ਕੋਈ ਇਸ ਤਰ੍ਹਾਂ ਦਾ ਐਕਟ ਅਤੇ ਕੋਈ ਵੀ ਕਦਮ ਨਹੀਂ ਚੁੱਕਿਆ ਗਿਆ ਜਿਸ ਨਾਲ ਇਨ੍ਹਾਂ ਬੇਜ਼ੁਬਾਨ ਪਸ਼ੂਆਂ ਲਈ ਕੋਈ ਹੱਲ ਹੋਵੇ। ਮੈਂ ਸਾਰੇ ਮੈਂਬਰਾਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਸ ਤੇ ਗੌਰ ਕੀਤਾ ਜਾਵੇ। ਇਸ ਲਈ ਵੱਧ ਤੋਂ ਵੱਧ ਸ਼ੈਲਟਰ ਬਣਾਏ ਜਾਣ ਅਤੇ ਉਨ੍ਹਾਂ ਲਈ ਚਾਰੇ ਦਾ ਇੰਤਜ਼ਾਮ

ਕੀਤਾ ਜਾਵੇ ਅਤੇ ਜਿਹੜੇ ਲੋਕ ਪਾਲਤੂ ਪਸ਼ੂਆਂ ਨੂੰ ਛੱਡ ਦਿੰਦੇ ਹਨ, ਉਨ੍ਹਾਂ ਤੇ ਕਾਰਵਾਈ ਕੀਤੀ ਜਾਵੇ। ਇਨ੍ਹਾਂ ਬੇਜ਼ੁਬਾਨ ਪਸ਼ੂਆਂ ਵਾਸਤੇ ਚਾਰਾ, ਸ਼ੈਲਟਰ ਅਤੇ ਸਹਾਇਕ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਤੁਹਾਡੀ ਗੱਲ ਸੁਣ ਲਈ ਗਈ ਹੈ । ਹਾਂ ਜੀ, ਜਗਤਾਰ ਸਿੰਘ ਦਿਆਲਪੁਰਾ ਜੀ।

**ਸਰਦਾਰ ਜਗਤਾਰ ਸਿੰਘ ਦਿਆਲਪੁਰਾ (ਸਮਰਾਲਾ) (ਵਿਦਿਆਰਥਣ ਸਿਮਰਨ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹਿਲੋਲਪੁਰ):** ਮਾਣਯੋਗ ਸਪੀਕਰ ਸਾਹਿਬ ਅਤੇ ਇਸ ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਮੈਂ ਸਪੀਕਰ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਨਾ ਚਾਹੁੰਦੀ ਹਾਂ, ਜਿਨ੍ਹਾਂ ਨੇ ਅੱਜ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਿਮਰਨ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹਿਲੋਲਪੁਰ ਦੀ ਵਿਦਿਆਰਥਣ ਹਾਂ ਅਤੇ ਮੈਂ ਅੱਜ ਸਾਡੇ ਹਲਕੇ ਸਮਰਾਲਾ ਦੇ ਮਾਣਯੋਗ ਵਿਧਾਇਕ ਸਰਦਾਰ ਜਗਤਾਰ ਸਿੰਘ ਦਿਆਲਪੁਰਾ ਜੀ ਦਾ ਰੋਲ ਅਦਾ ਕਰ ਰਹੀ ਹਾਂ। ਜਿਹੜਾ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਬਿਲ ਹੈ, ਮੈਂ ਇਸ ਦੇ ਹੱਕ ਵਿੱਚ ਬੋਲਣ ਲਈ ਖੜ੍ਹੀ ਹੋਈ ਹਾਂ। ਇਸ ਦੇ ਹੱਕ ਵਿੱਚ ਹੋਣ ਦੇ ਇਹੀ ਕਾਰਨ ਹਨ ਕਿ ਜਿਹੜੇ ਅਵਾਰਾ ਪਸ਼ੂ ਫਿਰਦੇ ਹਨ, ਆਪਾਂ ਉਨ੍ਹਾਂ ਦੀ ਗੌਰ ਨਹੀਂ ਕਰ ਰਹੇ ਹਾਂ। ਇਸ ਲਈ ਇਹ ਬਿਲ ਪਾਸ ਹੋਣਾ ਚਾਹੀਦਾ ਹੈ। ਧੰਨਵਾਦ ਜੀ। (ਥੰਪਿੰਗ)।

**ਸ਼੍ਰੀਮਤੀ ਗਨੀਵ ਕੌਰ ਮਜੀਠਾ (ਮਜੀਠਾ) (ਵਿਦਿਆਰਥੀ ਅਰਸ਼ਦੀਪ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਸੋਹੀਆ ਕਲਾਂ, ਅੰਮ੍ਰਿਤਸਰ):** ਮਾਣਯੋਗ ਸਪੀਕਰ ਸਾਹਿਬ ਜਿਹੜਾ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਬਿਲ ਹੈ, ਉਸ ਸਬੰਧੀ ਮੈਂ ਕਹਿਣਾ ਚਾਹਾਂਗਾ ਕਿ bullock cart race ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ। ਜੇਕਰ ਇਹ ਬਿਲ ਪਸ਼ੂਆਂ ਪ੍ਰਤੀ ਹੁੰਦੇ ਅੱਤਿਆਚਾਰ ਨੂੰ ਰੋਕਦਾ ਹੈ ਤਾਂ ਇਹ bullock cart race ਵਿੱਚ ਬਹੁਤ ਸਹਾਈ ਹੋਵੇਗਾ ਕਿਉਂਕਿ ਅਜਿਹੀਆਂ ਖੇਡਾਂ ਸਮੇਂ ਜਾਨਵਰਾਂ/ਪਸ਼ੂਆਂ ਨੂੰ ਮਾਰਿਆ ਵੀ ਜਾਂਦਾ ਹੈ। ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਪਸ਼ੂਆਂ ਉੱਤੇ ਹੁੰਦੇ ਅੱਤਿਆਚਾਰਾਂ ਨੂੰ ਰੋਕਿਆ ਜਾ ਸਕੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ। ਤੁਹਾਡੀ ਗੱਲ ਸੁਣ ਲਈ ਗਈ ਹੈ । ਹਾਂ ਜੀ, ਰਮਨ ਅਰੋੜਾ ਜੀ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ) (ਵਿਦਿਆਰਥੀ ਨਮਿਤ ਚੋਪੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਾਡੋਵਾਲੀ ਰੋਡ):** ਮਾਣਯੋਗ ਸਪੀਕਰ ਸਾਹਿਬ, ਮੈਂ ਨਮਿਤ ਚੋਪੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਲੰਧਰ ਦਾ ਵਿਦਿਆਰਥੀ ਹਾਂ। ਅੱਜ ਮੈਂ ਆਪਣੇ ਹਲਕੇ ਦੇ ਵਿਧਾਇਕ ਸ਼੍ਰੀ ਰਮਨ ਅਰੋੜਾ ਜੀ ਦਾ ਰੋਲ ਅਦਾ ਕਰਨ ਜਾ ਰਿਹਾ ਹਾਂ । ਮੈਂ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਦੇ ਨਾਲ ਸਹਿਮਤ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਰਫ bullock cart race ਹੀ ਨਹੀਂ ਬਲਕਿ ਹੋਰ ਵੀ ਬਹੁਤ ਸਾਰੀਆਂ ਖੇਡਾਂ ਜਿਨ੍ਹਾਂ ਵਿੱਚ ਵੱਖ-ਵੱਖ ਜਾਨਵਰਾਂ ਨੂੰ ਆਪਸ ਵਿੱਚ ਲੜਾਇਆ ਜਾਂਦਾ ਹੈ, ਉਨ੍ਹਾਂ ਉੱਤੇ ਹੁੰਦੇ ਅੱਤਿਆਚਾਰ ਨੂੰ ਵੀ ਰੋਕਿਆ ਜਾਵੇ। ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.) (ਵਿਦਿਆਰਥਣ ਮਹਿਕਪ੍ਰੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਡਾਣੀ ਕਲਾਂ):** ਮਾਣਯੋਗ ਸਪੀਕਰ ਸਾਹਿਬ ਅਤੇ ਇਸ ਸਦਨ ਵਿੱਚ ਮੌਜੂਦ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਸਪੀਕਰ ਸਾਹਿਬ, ਅਸੀਂ ਪਸ਼ੂਆਂ ਉੱਤੇ ਹੁੰਦੇ ਅੱਤਿਆਚਾਰ ਦੀ ਰੋਕਥਾਮ ਬਿਲ ਉੱਤੇ ਵਿਚਾਰ ਕਰ ਰਹੇ ਹਾਂ, ਇਸ ਅੱਤਿਆਚਾਰ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਮੈਂ ਕਹਿਣਾ ਚਾਹਾਂਗਾ ਕਿ ਜਿਹੜੀਆਂ

ਗਊਸ਼ਾਲਾਵਾਂ ਹਨ, ਉਨ੍ਹਾਂ ਵਿੱਚ ਗਊਆਂ ਨੂੰ ਭੇਜਣਾ ਚਾਹੀਦਾ ਹੈ ਤਾਂ ਜੋ ਹਾਦਸੇ ਨਾ ਵਾਪਰਣ। ਮੈਂ ਇਸ ਬਿਲ ਦੇ ਪੱਖ ਵਿੱਚ ਹਾਂ। ਧੰਨਵਾਦ ਜੀ।(ਥੰਪਿੰਗ)।

**ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ) (ਵਿਦਿਆਰਥਣ ਅੰਸ਼ਿਕਾ, ਸਰਕਾਰੀ ਹਾਈ ਸਕੂਲ, ਕੋਟ ਮੰਗਲ ਸਿੰਘ):** ਸਤਿਕਾਰਯੋਗ ਸਪੀਕਰ ਸਾਹਿਬ ਅਤੇ ਇਸ ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਸਤਿ ਸ੍ਰੀ ਅਕਾਲ। ਮੇਰਾ ਨਾਮ ਅੰਸ਼ਿਕਾ ਹੈ ਅਤੇ ਮੈਂ ਸਰਕਾਰੀ ਹਾਈ ਸਕੂਲ, ਕੋਟ ਮੰਗਲ ਸਿੰਘ ਦੀ ਵਿਦਿਆਰਥਣ ਹਾਂ। ਅੱਜ ਮੈਂ ਲੁਧਿਆਣਾ ਦੱਖਣੀ ਤੋਂ ਮਾਣਯੋਗ ਵਿਧਾਇਕਾ ਸ਼੍ਰੀਮਤੀ ਰਾਜਿੰਦਰ ਪਾਲ ਕੌਰ ਜੀ ਦੀ ਨੁਮਾਇੰਦਗੀ ਕਰ ਰਹੀ ਹਾਂ। ਮੈਂ ਪਸ਼ੂਆਂ ਉੱਤੇ ਹੁੰਦੇ ਅੱਤਿਆਚਾਰ ਦੀ ਰੋਕਥਾਮ ਬਿਲ ਦੇ ਹੱਕ ਵਿੱਚ ਹਾਂ। ਮੈਂ ਇਹ ਨਹੀਂ ਚਾਹਾਂਗੀ ਜਾਂ ਕੋਈ ਵੀ ਵਿਅਕਤੀ ਇਹ ਨਹੀਂ ਚਾਹੇਗਾ ਕਿ ਕਿਸੇ ਪਸ਼ੂ ਉੱਤੇ ਬਿਨਾਂ ਮਤਲਬ ਤੋਂ ਕੋਈ ਅੱਤਿਆਚਾਰ ਹੋਵੇ। ਇਸ ਤੋਂ ਇਲਾਵਾ ਜਿਹੜੀ ਬਲਦਾਂ ਦੀ ਰੇਸ ਹੈ, ਉਹ ਵੀ ਸਾਡੇ ਸੱਭਿਆਚਾਰ ਨੂੰ ਬਣਾਈ ਰੱਖਦੀ ਹੈ। ਮੈਂ ਚਾਹਾਂਗੀ ਕਿ ਬੱਲਦਾਂ ਦੀ ਰੇਸ ਤੋਂ ਇਲਾਵਾ ਹੋਰ ਵੀ ਜਾਨਵਰਾਂ ਦੀਆਂ ਦੌੜਾਂ ਹੁੰਦੀਆਂ ਹਨ ਜਿਵੇਂ ਕਿ ਘੋੜਸਵਾਰੀ ਆਦਿ। ਮੈਂ ਇਸ ਪ੍ਰਸਤਾਵ ਦੇ ਹੱਕ ਵਿੱਚ ਹਾਂ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਿਲ ਉੱਤੇ ਬੋਲਣ ਦਾ ਮੌਕਾ ਦਿੱਤਾ।

**ਸਰਦਾਰ ਜੀਵਨ ਸਿੰਘ ਸੰਗੋਵਾਲ (ਗਿੱਲ, ਐਸ.ਸੀ.) (ਵਿਦਿਆਰਥਣ ਪ੍ਰਤਿਗਿਆ ਕੁਮਾਰੀ, ਸਰਕਾਰੀ ਹਾਈ ਸਕੂਲ, ਦਾਦ):** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।। ਸਤਿਕਾਰਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਅਤੇ ਇਸ ਸਦਨ ਵਿੱਚ ਮੌਜੂਦ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮੇਰਾ ਨਾਮ ਪ੍ਰਤਿਗਿਆ ਕੁਮਾਰੀ ਹੈ। ਮੈਂ ਸਰਕਾਰੀ ਹਾਈ ਸਕੂਲ, ਦਾਦ, ਲੁਧਿਆਣਾ ਦੀ ਵਿਦਿਆਰਥਣ ਹਾਂ। ਅੱਜ ਮੈਂ ਇੱਥੇ ਲੁਧਿਆਣਾ ਦੇ ਗਿੱਲ ਹਲਕੇ ਦੇ ਐਮ.ਐਲ.ਏ., ਸਰਦਾਰ ਜੀਵਨ ਸਿੰਘ ਸੰਗੋਵਾਲ ਜੀ ਦਾ ਰੋਲ ਅਦਾ ਕਰ ਰਹੀ ਹਾਂ। ਮੈਂ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਬਿਲ ਦੇ ਹੱਕ ਵਿੱਚ ਖੜ੍ਹੀ ਹੋਈ ਹਾਂ। ਧੰਨਵਾਦ ਜੀ।

**ਸਰਦਾਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ.) (ਵਿਦਿਆਰਥੀ ਅਨਮੋਲਕ ਸਿੰਘ, ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ, ਬਹਿਰਾਮਪੁਰ ਜ਼ਿੰਮੀਦਾਰਾ):** ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਪੱਖ ਵਿੱਚ ਹਾਂ ਜੋ ਕਿ ਪਸ਼ੂਆਂ ਤੇ ਹੋ ਰਹੇ ਅੱਤਿਆਚਾਰ ਸਬੰਧੀ ਪਾਸ ਕੀਤਾ ਗਿਆ ਹੈ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਪਸ਼ੂਆਂ ਨੂੰ ਖੁਰਾਕ ਪਾਈ ਜਾਂਦੀ ਹੈ, ਉਹ ਉਨ੍ਹਾਂ ਦੇ ਲਈ ਸੰਤੁਲਿਤ ਹੋਵੇ ਤਾਂ ਜੋ ਪਸ਼ੂ ਖੁਰਾਕ ਖਾ ਕੇ ਉਨ੍ਹਾਂ ਦੇ ਸਰੀਰ ਤੇ ਮਾੜਾ ਇਫੈਕਟ ਨਾ ਪਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** ਸਰਦਾਰ ਦਲਜੀਤ ਸਿੰਘ ਗਰੇਵਾਲ ਜੀ।

**ਸਰਦਾਰ ਦਲਜੀਤ ਸਿੰਘ ਗਰੇਵਾਲ (ਲੁਧਿਆਣਾ ਪੂਰਬੀ) (ਵਿਦਿਆਰਥੀ ਅਭਿਸ਼ੇਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਿਟਰੀ ਰੋਡ):** ਮਾਣਯੋਗ ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਪਸ਼ੂਆਂ ਲਈ ਜਿਹੜਾ ਬਿਲ ਆਇਆ ਹੈ, ਉਹ ਜ਼ਰੂਰ ਪਾਸ ਕੀਤਾ ਜਾਵੇ, ਜਿਸ ਨਾਲ ਪਸ਼ੂ ਸੁਰੱਖਿਅਤ ਰਹਿ ਸਕਣ ਅਤੇ ਸਾਡਾ ਸਮਾਜ ਵੀ ਸੁਰੱਖਿਅਤ ਰਹਿ ਸਕੇ। ਪਸ਼ੂਆਂ ਦਾ ਪਾਲਣ-ਪੋਸ਼ਣ ਵੀ ਸਹੀ ਤਰੀਕੇ ਨਾਲ ਹੋ ਸਕੇ ਅਤੇ ਪਸ਼ੂਆਂ ਦਾ ਧਿਆਨ ਰੱਖਿਆ ਜਾਵੇ। ਇਹ ਬਿਲ ਜ਼ਰੂਰ ਪਾਸ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਅਮਨਦੀਪ ਸਿੰਘ ਮੁਸਾਫਿਰ।

**ਸਰਦਾਰ ਅਮਨਦੀਪ ਸਿੰਘ ਮੁਸਾਫਰ (ਬੱਲੂਆਣਾ, ਐਸ.ਸੀ.) (ਵਿਦਿਆਰਥੀ ਮਨਦੀਪ ਸਿੰਘ, ਸਕੂਲ ਆਫ ਐਮੀਨੈਂਸ, ਰਾਮਸਰਾ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸੀ ਮੈਨੂੰ ਬੋਲਣ ਲਈ ਸਮਾਂ ਦਿੱਤਾ। ਮੈਂ ਇਸ ਬਿਲ ਤੇ ਕੁਝ ਬੋਲਣਾ ਚਾਹੁੰਦਾ ਹਾਂ ਕਿ ਜੋ ਗਊ ਸੈੱਸ ਲੱਗਦਾ ਹੈ, ਉਹ ਸਿੱਧਾ ਸੈਂਟਰ ਸਰਕਾਰ ਨੂੰ ਜਾਂਦਾ ਹੈ ਜਦਕਿ ਸਾਨੂੰ ਗਊ ਸੈੱਸ ਸਿੱਧਾ ਗਊਸ਼ਾਲਾ ਨੂੰ ਦੇਣਾ ਚਾਹੀਦਾ ਹੈ ਤਾਂ ਕਿ ਗਊਸ਼ਾਲਾ ਦਾ ਵਧੀਆ ਵਿਕਾਸ ਹੋ ਸਕੇ। ਦੂਜੀ ਗੱਲ, ਜੋ ਇੰਪਲਾਇਮੈਂਟ ਤੇ ਡਿਵੈਲਪਮੈਂਟ ਟੈਕਸ ਲੱਗਦਾ ਹੈ, ਉਹ 200/- ਰੁਪਏ ਪ੍ਰਤੀ ਮਹੀਨਾ ਹੁੰਦਾ ਹੈ। ਜੇਕਰ ਉਸ ਨੂੰ 200 ਰੁਪਏ ਤੋਂ ਵਧਾ ਕੇ 400 ਰੁਪਏ ਕਰ ਦਿੱਤਾ ਜਾਵੇ ਤਾਂ ਇਸ ਵਿੱਚ ਕੋਈ ਵੱਡੀ ਗੱਲ ਨਹੀਂ। ਇਹ ਸੈੱਸ ਇਕੱਠਾ ਕਰਕੇ ਗਊਸ਼ਾਲਾ ਨੂੰ ਦਿੱਤਾ ਜਾਵੇ ਤਾਂ ਕਿ ਗਊਸ਼ਾਲਾ ਦਾ ਬਹੁਤ ਵਧੀਆ ਵਿਕਾਸ ਹੋ ਸਕੇ। ਮੈਂ ਆਪਣੇ ਹਲਕੇ ਵਿੱਚ ਗਊਸ਼ਾਲਾ ਦੇ ਵਿਕਾਸ ਲਈ 19 ਕਰੋੜ ਰੁਪਿਆ ਗਊਸ਼ਾਲਾ ਨੂੰ ਅਤੇ 50 ਲੱਖ ਰੁਪਏ ਨੰਦੀਸ਼ਾਲਾ ਨੂੰ ਦਿੱਤੇ ਹਨ। ਜਿਵੇਂ ਜਿਵੇਂ ਸਰਕਾਰ ਦਾ ਸਹਿਯੋਗ ਹੋਵੇਗਾ, ਉਵੇਂ ਉਵੇਂ ਅਸੀਂ ਗਊਸ਼ਾਲਾ ਦੀ ਹਮੇਸ਼ਾ ਸਹਾਇਤਾ ਕਰਦੇ ਰਹਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸੰਜੀਵ ਅਰੋੜਾ ਜੀ।

**ਉਦਯੋਗ ਤੇ ਵਣਜ ਮੰਤਰੀ (ਸ੍ਰੀ ਸੰਜੀਵ ਅਰੋੜਾ) (ਵਿਦਿਆਰਥੀ ਸਿਵਾਯ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੀ.ਏ.ਯੂ.):** ਸਪੀਕਰ ਸਾਹਿਬ, ਜਿਵੇਂ ਕਿ ਅਸੀਂ ਵਿਚਾਰ ਕਰ ਰਹੇ ਹਾਂ ਕਿ ਪਸ਼ੂਆਂ ਤੇ ਹੋ ਰਹੇ ਅੱਤਿਆਚਾਰ ਨੂੰ ਰੋਕਣ ਦਾ ਵਿਚਾਰ ਕਰਨਾ ਚਾਹੀਦਾ ਹੈ। ਸਾਨੂੰ ਗਊਸ਼ਾਲਾ ਵਿੱਚ ਦਾਨ ਕਰਨਾ ਚਾਹੀਦਾ ਹੈ। ਜੇਕਰ ਅਸੀਂ ਦਾਨ ਕਰਦੇ ਹਾਂ ਤਾਂ ਸਾਨੂੰ ਪੁੰਨ ਵੀ ਮਿਲਦਾ ਹੈ। ਮੈਂ ਇਸ ਬਿਲ ਦੇ ਹੱਕ ਵਿੱਚ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸ੍ਰੀ ਲਾਲ ਚੰਦ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ) (ਵਿਦਿਆਰਥੀ ਸਧਾਂਸ਼ੂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖੋਜਕੀਚੱਕ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਜਿਸ ਮੁੱਦੇ ਤੇ ਗੱਲ ਚੱਲ ਰਹੀ ਹੈ, ਉਸ ਮੁੱਦੇ ਤੇ ਮੈਂ ਇੱਕ ਵਿਚਾਰ ਰੱਖਣਾ ਚਾਹੁੰਦਾ ਹਾਂ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਇੱਕ ਐਸੀ ਸਕੀਮ ਚਲਾਈਏ ਜਿਸ ਤਹਿਤ ਪੰਜਾਬ ਦੇ ਹਰ ਇੱਕ ਜ਼ਿਲ੍ਹੇ ਵਿੱਚ ਜਾਂ ਪੰਜਾਬ ਦੇ ਹਰ ਇੱਕ ਪਿੰਡ ਵਿੱਚ ਕੋਸ਼ਿਸ਼ ਕੀਤੀ ਜਾਵੇ ਕਿ ਜਿੱਥੇ ਕੋਈ ਵਿਅਕਤੀ ਅਜਿਹਾ ਫੜਿਆ ਜਾਂਦਾ ਹੈ ਜੋ ਪਸ਼ੂਆਂ ਤੇ ਅੱਤਿਆਚਾਰ ਕਰਦਾ ਹੈ ਤਾਂ ਉਸ ਨੂੰ ਜੇਲ੍ਹ ਵਿੱਚ ਭੇਜਿਆ ਜਾਵੇਗਾ ਜਾਂ ਉਸ ਨੂੰ ਜੁਰਮਾਨਾ ਲਗਾਇਆ ਜਾਵੇਗਾ। ਧੰਨਵਾਦ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ) (ਵਿਦਿਆਰਥੀ ਅਨਿਕ ਮਾਇਤੀ, ਸਕੂਲ ਆਫ ਐਮੀਨੈਂਸ, ਸੁਨਾਮ, ਊਧਮ ਸਿੰਘ ਵਾਲਾ) :** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਪਹਿਲਾਂ ਤਾਂ ਮੈਨੂੰ ਲੱਗਿਆ ਕਿ ਅੱਜ ਮੇਰੀ ਵਾਰੀ ਆਉਣੀ ਨਹੀਂ ਪਰ ਆ ਹੀ ਗਈ। ਜਿਹੜਾ ਇਹ ਪਸ਼ੂਆਂ ਪ੍ਰਤੀ ਅੱਤਿਆਚਾਰ ਰੋਕਥਾਮ, ਬਿਲ ਲਿਆਂਦਾ ਗਿਆ ਹੈ, ਮੈਂ ਇਸ ਦੇ ਬਿਲਕੁਲ ਹੱਕ ਵਿੱਚ ਹਾਂ, ਇਹ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਅਕਸਰ ਬਜ਼ਾਰਾਂ ਵਿੱਚ, ਗਲੀਆਂ ਵਿੱਚ ਦੇਖਦੇ ਹਾਂ ਕਿ ਪਸ਼ੂ ਅਵਾਰਾ ਫਿਰਦੇ ਰਹਿੰਦੇ ਹਨ ਜੋ ਕਿ ਜਾਨ ਮਾਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਮੈਂ ਇਸ ਦੇ ਬਿਲਕੁਲ ਹੱਕ ਵਿੱਚ ਹਾਂ ਕਿ ਪਸ਼ੂਆਂ ਦੀ ਸਾਂਭ ਸੰਭਾਲ ਬਾਰੇ ਜ਼ਰੂਰ ਮੁੱਦਾ ਚੁੱਕਿਆ ਜਾਵੇ ਅਤੇ ਇਹ ਬਿਲ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ। ਸਰਦਾਰ ਅਜੀਤਪਾਲ ਸਿੰਘ ਕੋਹਲੀ ਜੀ।

**ਸਰਦਾਰ ਅਜੀਤਪਾਲ ਸਿੰਘ ਕੋਹਲੀ (ਪਟਿਆਲਾ) (ਵਿਦਿਆਰਥੀ ਯੁਵਰਾਜ ਸਿੰਘ, ਸਕੂਲ ਆਫ ਐਮੀਨੈਂਸ, ਫੀਲਖਾਨਾ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਜੋ ਪਸ਼ੂਆਂ ਪ੍ਰਤੀ ਅੱਤਿਆਚਾਰ ਬਿਲ ਹੈ, ਮੈਂ ਉਸ ਨਾਲ ਸਹਿਮਤ ਹਾਂ ਅਤੇ ਇਸ ਨੂੰ ਪਾਸ ਕੀਤਾ ਜਾਵੇ। ਧੰਨਵਾਦ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁੱਢਲਾਡਾ, ਐਸ.ਸੀ.) (ਵਿਦਿਆਰਥੀ ਅਕਾਸ਼ਦੀਪ ਸਿੰਘ, ਸੁਤੰਤਰਤਾ ਸੰਗਰਾਮੀ ਸੇਵਾ ਸਿੰਘ ਸਰਕਾਰੀ ਸੈਕੰਡਰੀ ਸਕੂਲ, ਬਰ੍ਹੇ, ਮਾਨਸਾ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਸਭ ਤੋਂ ਪਹਿਲਾਂ ਮੈਂ ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਬੁਲਾਉਣੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਤਿ ਸ੍ਰੀ ਅਕਾਲ ਜੀ।

**ਪ੍ਰਿੰਸੀਪਲ ਬੁੱਧ ਰਾਮ (ਵਿਦਿਆਰਥੀ ਅਕਾਸ਼ਦੀਪ ਸਿੰਘ)** : ਜੋ ਪਸ਼ੂਆਂ ਪ੍ਰਤੀ ਅੱਤਿਆਚਾਰ ਰੋਕਥਾਮ, ਬਿਲ ਸਬੰਧੀ ਪ੍ਰਸਤਾਵ ਲਿਆਂਦਾ ਗਿਆ ਹੈ, ਮੈਂ ਇਸ ਨਾਲ ਸਹਿਮਤ ਹਾਂ ਅਤੇ ਇਸ ਦੇ ਨਾਲ ਹੀ ਮੈਂ ਚਾਹੁੰਦਾ ਹਾਂ ਕਿ ਜੇਕਰ ਕੋਈ ਪਸ਼ੂ ਮਰ ਵੀ ਜਾਂਦਾ ਹੈ ਤਾਂ ਉਸ ਦਾ ਸਸਕਾਰ ਸਹੀ ਤਰੀਕੇ ਨਾਲ, ਸਤਿਕਾਰ ਸਹਿਤ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ) (ਵਿਦਿਆਰਥੀ ਜੁਬੇਲ ਕੁਮਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਲਾਲਾਬਾਦ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ। ਜੋ ਇੱਥੇ ਅੱਜ ਪਸ਼ੂਆਂ ਪ੍ਰਤੀ ਰੋਕਥਾਮ ਬਿਲ ਪੇਸ਼ ਕੀਤਾ ਗਿਆ ਅਤੇ ਪਾਸ ਕੀਤਾ ਗਿਆ ਹੈ, ਇਹ ਬਹੁਤ ਵਧੀਆ ਪਹਿਲ ਹੈ, ਇਸ ਦੇ ਨਾਲ ਪਸ਼ੂਆਂ ਨਾਲ ਜੋ ਦੁਰਘਟਨਾਵਾਂ ਹੁੰਦੀਆਂ ਹਨ, ਜਿਹੜੀਆਂ ਪਸ਼ੂਆਂ ਦੀਆਂ ਜਾਨਾਂ ਜਾਂਦੀਆਂ ਹਨ, ਉਹ ਬਹੁਤ ਘਟ ਜਾਣਗੀਆਂ। ਮੈਂ ਇਸ ਬਿਲ ਨਾਲ ਸਹਿਮਤ ਹਾਂ ਅਤੇ ਇਸ ਬਿਲ ਦੇ ਹੱਕ ਵਿੱਚ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਦਵਿੰਦਰਜੀਤ ਸਿੰਘ ਜੀ, ਬਿਲ ਹਾਲੇ ਇਕੱਲਾ ਪੇਸ਼ ਹੋਇਆ ਹੈ, ਅਜੇ ਪਾਸ ਹੋਣਾ ਬਾਕੀ ਹੈ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਵਿਦਿਆਰਥੀ ਜੁਬੇਲ ਕੁਮਾਰ)** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਬਹੁਤ ਜਲਦ ਪਾਸ ਕੀਤਾ ਜਾਵੇ।

**ਡਾਕਟਰ ਇਸ਼ਾਂਕ ਕੁਮਾਰ (ਚੱਬੇਵਾਲ, ਐਸ.ਸੀ.) (ਵਿਦਿਆਰਥੀ ਮੋਹਿਤ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਿਆਣ ਚੱਬੇਵਾਲ)** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਪਸ਼ੂਆਂ ਪ੍ਰਤੀ ਅੱਤਿਆਚਾਰ ਰੋਕਥਾਮ ਬਿਲ ਦੇ ਹੱਕ ਵਿੱਚ ਹਾਂ ਅਤੇ ਇਸ ਨੂੰ ਪਾਸ ਕੀਤਾ ਜਾਵੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.) (ਵਿਦਿਆਰਥੀ ਅਨਮੋਲ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੱਤੋ ਹੀਰਾ ਸਿੰਘ)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਜਿਵੇਂ ਪਸ਼ੂਆਂ ਪ੍ਰਤੀ ਅੱਤਿਆਚਾਰ ਰੋਕਥਾਮ ਬਿਲ ਦੀ ਗੱਲ ਚੱਲ ਰਹੀ ਹੈ, ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਵੇ। ਜਿਵੇਂ ਤੁਹਾਨੂੰ ਪਤਾ ਹੈ ਕਿ ਅੱਜ ਕੱਲ੍ਹ ਪਸ਼ੂਆਂ ਤੇ ਬਹੁਤ ਅੱਤਿਆਚਾਰ ਹੋ ਰਿਹਾ ਹੈ। ਮੈਂ ਇਸ ਬਿਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਇਸ ਬਿਲ ਨੂੰ ਪਾਸ ਕੀਤਾ ਜਾਵੇ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.) (ਵਿਦਿਆਰਥੀ ਇੰਦਰਜੀਤ ਸਿੰਘ, ਲੋਕ ਕਵੀ ਸੰਤ ਰਾਮ ਉਦਾਸੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਏਸਰ ਪੰਜਾਬ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਤੁਸੀਂ ਮੈਨੂੰ ਇਸ ਗੁਰੂਆਂ ਦੀ ਧਰਤੀ ਤੇ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਮ ਇੰਦਰਜੀਤ ਸਿੰਘ ਹੈ ਅਤੇ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਏਸਰ ਪੰਜਾਬ ਦਾ ਵਿਦਿਆਰਥੀ ਹਾਂ ਅਤੇ ਅੱਜ ਮੈਂ ਆਪਣੇ ਹਲਕੇ ਮਹਿਲਕਲਾਂ ਦੇ ਜੇਤੂ ਵਿਧਾਇਕ ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ ਦਾ ਰੋਲ ਨਿਭਾਅ ਰਿਹਾ ਹਾਂ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਜੋ ਇਹ ਪਸ਼ੂਆਂ ਪ੍ਰਤੀ ਅੱਤਿਆਚਾਰ ਦੇ ਰੋਕਥਾਮ ਸਬੰਧੀ ਬਿਲ ਹੈ, ਮੈਂ ਦੇਖਦਾ ਹਾਂ ਕਿ ਮੇਰੇ ਹਲਕੇ ਵਿੱਚ ਬਹੁਤ ਪਸ਼ੂ ਅਵਾਰਾ ਫਿਰਦੇ ਰਹਿੰਦੇ ਹਨ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਵੇ। ਧੰਨਵਾਦ ਜੀ। (ਥੰਪਿੰਗ)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ) (ਵਿਦਿਆਰਥੀ ਦਲਜੀਤ ਕੌਰ, ਸਕੂਲ ਆਫ ਐਮੀਨੈਂਸ, ਅਜਨਾਲਾ):** ਸਤਿਕਾਰਯੋਗ ਸਪੀਕਰ ਸਾਹਿਬ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਮੇਰੇ ਵੱਲੋਂ ਆਪ ਸਭ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੇਰਾ ਨਾਮ ਦਲਜੀਤ ਕੌਰ ਹੈ। ਮੈਂ ਸਕੂਲ ਆਫ ਐਮੀਨੈਂਸ ਅਜਨਾਲਾ ਦੀ ਵਿਦਿਆਰਥਣ ਹਾਂ। ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸਰਦਾਰ ਕੁਲਦੀਪ ਸਿੰਘ ਧਾਲੀਵਾਲ ਜੀ ਦੀ ਅੱਜ ਨੁਮਾਇੰਦਗੀ ਕਰ ਰਹੀ ਹਾਂ। ਜਿਵੇਂ ਕਿ ਸਪੀਕਰ ਸਾਹਿਬ ਨੇ ਦੱਸਿਆ ਹੈ ਕਿ ਇਹ ਬਿਲ ਪਸ਼ੂਆਂ ਪ੍ਰਤੀ ਅੱਤਿਆਚਾਰ ਦੇ ਰੋਕਥਾਮ ਸਬੰਧੀ ਹੈ, ਇਸ ਬਿਲ ਪ੍ਰਤੀ ਮੈਂ ਆਪਣੇ ਸੁਝਾਅ ਦੇਣਾ ਚਾਹੁੰਦੀ ਹਾਂ ਕਿ ਪਹਿਲਾਂ ਤਾਂ ਜਿਹੜੇ ਵੀ ਅਵਾਰਾ ਪਸ਼ੂ ਹਨ, ਉਨ੍ਹਾਂ ਨੂੰ ਗਊਸ਼ਾਲਾ ਵਿੱਚ ਛੱਡ ਕੇ ਆਇਆ ਜਾਵੇ। ਦੂਜਾ ਸੁਝਾਅ ਮੈਂ ਦੇਣਾ ਚਾਹਾਂਗੀ ਕਿ ਕੁਝ ਕੁ ਪਿੰਡਾਂ ਦੇ ਵਿੱਚ ਜਿਵੇਂ 5-6 ਪਿੰਡਾਂ ਨੂੰ ਮਿਲਾ ਕੇ ਜਾਂ ਕੁਝ ਹੋਰ ਪਿੰਡਾਂ ਨੂੰ ਮਿਲਾ ਕੇ ਇੱਕ ਉੱਥੇ ਹੀ ਗਊਸ਼ਾਲਾ ਬਣਾਈ ਜਾਵੇ ਅਤੇ ਇਸ ਬਿਲ ਵੱਲ ਧਿਆਨ ਦਿੱਤਾ ਜਾਵੇ ਕਿਉਂਕਿ ਜਿਹੜੇ ਅਵਾਰਾ ਪਸ਼ੂ ਫਿਰਦੇ ਹਨ, ਉਨ੍ਹਾਂ ਨਾਲ ਜਾਨੀ ਨੁਕਸਾਨ ਵੀ ਬਹੁਤ ਹੁੰਦਾ ਹੈ। ਇਹ ਬਿਲ ਜਲਦ ਤੋਂ ਜਲਦ ਪਾਸ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ, ਤੁਹਾਡੀ ਗੱਲ ਸੁਣ ਲਈ ਗਈ ਹੈ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ) (ਵਿਦਿਆਰਥੀ ਮਨਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨੱਥੂ ਚਾਹਲ):** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਂ ਮਨਦੀਪ ਸਿੰਘ ਹੈ। ਮੇਰਾ ਅੱਜ ਦਾ ਵਿਸ਼ਾ ਪਸ਼ੂਆਂ ਪ੍ਰਤੀ ਅੱਤਿਆਚਾਰ ਹੈ, ਮੈਂ ਇਸ ਬਿਲ ਨੂੰ ਪਾਸ ਕਰਨ ਲਈ ਸਹਿਮਤ ਹਾਂ। ਧੰਨਵਾਦ ਜੀ।

**ਸ੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ, ਐਸ.ਸੀ.) (ਵਿਦਿਆਰਥੀ ਅਰਸ਼ਦੀਪ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੀਨਾਬੇਟ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ। ਮੇਰਾ ਨਾਮ ਅਰਸ਼ਦੀਪ ਕੌਰ ਹੈ ਅਤੇ ਮੈਂ ਆਪਣੇ ਹਲਕੇ ਦੀਨਾ ਨਗਰ ਤੋਂ ਸ੍ਰੀਮਤੀ ਅਰੁਣਾ ਚੌਧਰੀ ਜੀ ਦਾ ਰੋਲ ਅਦਾ ਕਰਨ ਜਾ ਰਹੀ ਹਾਂ।

ਮਾਣਯੋਗ ਸਪੀਕਰ ਸਾਹਿਬ, ਜਦੋਂ ਬੋਲਣ ਦਾ ਮੌਕਾ ਸੀ ਤਾਂ ਤੁਸੀਂ ਸਮਾਂ ਨਹੀਂ ਦਿੱਤਾ। (ਹਾਸਾ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਮੌਕਾ ਦੇ ਦਿੱਤਾ ਹੈ, ਹੁਣ ਬੋਲੋ ਜੀ।

**ਸ੍ਰੀਮਤੀ ਅਰੁਣਾ ਚੌਧਰੀ (ਵਿਦਿਆਰਥੀ ਅਰਸ਼ਦੀਪ ਕੌਰ):** ਸਪੀਕਰ ਸਾਹਿਬ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜੇ ਸਿੱਖਿਆ ਦੇ ਖੇਤਰ ਵਿੱਚ ਅਸਲ ਸਿੱਖਿਆ ਦੇਣੀ ਹੈ ਤਾਂ ......

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕਿਰਪਾ ਕਰਕੇ ਮੁੱਦੇ ਤੇ ਬੋਲੋ ਜੀ।

**ਸ੍ਰੀਮਤੀ ਅਰੁਣਾ ਚੌਧਰੀ (ਵਿਦਿਆਰਥੀ ਅਰਸ਼ਦੀਪ ਕੌਰ):** ਸਪੀਕਰ ਸਾਹਿਬ, ਮੈਂ ਸਿੱਖਿਆ ਬਾਰੇ ਹੀ ਬੋਲਣਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਆਪਣੇ ਮੁੱਦੇ ਨੂੰ ਧਿਆਨ ਵਿੱਚ ਰੱਖ ਕੇ ਬੋਲੋ। ਆਪਣਾ ਮੁੱਦਾ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ ਸਬੰਧੀ ਹੈ।

**ਸ੍ਰੀਮਤੀ ਅਰੁਣਾ ਚੌਧਰੀ (ਵਿਦਿਆਰਥੀ ਅਰਸ਼ਦੀਪ ਕੌਰ):** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਸਰਕਾਰੀ ਸਕੂਲ ਵਿੱਚ ਪੜ੍ਹਿਆ ਬੱਚਾ ਰਾਸ਼ਟਰੀ ਪੱਧਰੀ ਸਿੱਖਿਆ ਵਿੱਚ ਆਪਣੀ ਯੋਗਤਾ ਦੀ ਝੰਡੀ ਕਿਉਂ ਨਹੀਂ ਗੱਡ ਪਾ ਰਿਹਾ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ, ਧੰਨਵਾਦ। ਬੈਠੋ ਜੀ।

**ਸ੍ਰੀਮਤੀ ਅਰੁਣਾ ਚੌਧਰੀ (ਵਿਦਿਆਰਥੀ ਅਰਸ਼ਦੀਪ ਕੌਰ):** ਸਪੀਕਰ ਸਾਹਿਬ, ਬੋਲਣ ਦਾ ਮੌਕਾ ਤਾਂ ਦਿਓ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕਿਰਪਾ ਕਰਕੇ ਥੋੜ੍ਹੇ ਸਮੇਂ ਵਿੱਚ ਗੱਲ ਖਤਮ ਕਰੋ।

**ਸ੍ਰੀਮਤੀ ਅਰੁਣਾ ਚੌਧਰੀ (ਵਿਦਿਆਰਥੀ ਅਰਸ਼ਦੀਪ ਕੌਰ):** ਹਾਂ ਜੀ। ਸੋ, ਮੈਂ ਕਹਿਣਾ ਚਾਹੁੰਦੀ ਹਾਂ ਕਿ ਜੇ ਸਿੱਖਿਆ ਦੇ ਖੇਤਰ ਵਿੱਚ ਅਸਲ ਵਿੱਚ ਵਿਕਾਸ ਹੋ ਰਿਹਾ ਹੈ ਤਾਂ ਸਰਕਾਰੀ ਸਕੂਲ ਵਿੱਚ ਪੜ੍ਹਿਆ ਬੱਚਾ ਰਾਸ਼ਟਰੀ ਪੱਧਰੀ ਸਿੱਖਿਆ ਵਿੱਚ ਅਤੇ ਪ੍ਰੀਖਿਆ ਵਿੱਚ ਆਪਣੀ ਯੋਗਤਾ ਦੀ ਝੰਡੀ ਕਿਉਂ ਨਹੀਂ ਗੱਡ ਪਾ ਰਿਹਾ ਹੈ। ਆਪਣੀ ਯੋਗਤਾ ਵਿੱਚ ਅੱਗੇ ਕਿਉਂ ਨਹੀਂ ਵਧ ਰਿਹਾ? ਸਪੀਕਰ ਸਾਹਿਬ, ਜੇਕਰ ਸਾਡੇ ਵਿਦਿਆਰਥੀ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਵਿੱਚ ਫਸ ਰਹੇ ਹਨ ਤਾਂ ਸਾਡੀ ਸਿੱਖਿਆ ਪ੍ਰਣਾਲੀ ਦੀ ਅਗਵਾਈ ਕਰ ਰਹੇ ਉਹ ਸਾਰੇ ਲੋਕ ਇਸ ਬਰਬਾਦੀ ਲਈ ਜ਼ਿੰਮੇਵਾਰ ਹਨ ਅਤੇ ਜੇਕਰ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਨ ਵਿੱਚ ਸਮਾਜ ਅਤੇ ਸਰਕਾਰ ਨਾਕਾਮ ਰਹਿੰਦੀ ਹੈ ਤਾਂ ਸਭ ਤੋਂ ਵੱਡੀ ਕਸੂਰਵਾਰ ਸਮਾਜ ਦੀ ਸਰਕਾਰ ਹੈ। ਧੰਨਵਾਦ ਸਪੀਕਰ ਸਾਹਿਬ। (ਥੰਪਿੰਗ)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.) (ਵਿਦਿਆਰਥੀ ਅਮਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਾਹਲੋ):** ਸਪੀਕਰ ਸਾਹਿਬ, ਸਤਿ ਸ੍ਰੀ ਅਕਾਲ। ਮੈਂ ਇਸ ਬਿਲ ਦੇ ਪੱਖ ਵਿੱਚ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਹਾਂ ਜੀ, ਡਾ. ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) (ਵਿਦਿਆਰਥੀ ਅਰਮਾਨ ਸਿੰਘ, ਸਕੂਲ ਆਫ ਐਮੀਨੈਂਸ, ਨਵਾਂਸ਼ਹਿਰ)**: ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਬਿਲ ਦਾ ਵਿਰੋਧ ਤਾਂ ਨਹੀਂ ਕਰਦਾ ਪਰ ਇੱਕ ਸਵਾਲ ਮੇਰੇ ਜ਼ਹਿਨ ਵਿੱਚ ਆਇਆ ਕਿ ਜਦੋਂ bullock cart race ਦਾ ਜ਼ਿਕਰ ਕੀਤਾ ਗਿਆ ਤਾਂ ਇਸ ਦੇ ਥੱਲੇ ਲਿਖਿਆ ਗਿਆ ਹੈ ਕਿ ਜਿਹੜੀਆਂ ਇਹ ਰੇਸਾਂ ਹੋਣੀਆਂ ਹਨ ਇਹ ਕਿਸੇ prescribed competent authority ਦੇ ਅਧੀਨ ਹੋਣਗੀਆਂ। ਹੁਣ ਮੇਰਾ ਸਵਾਲ ਹੈ ਕਿ ਇਹ competent authority ਕਿਹੜੀ ਹੈ? ਧੰਨਵਾਦ, ਸਪੀਕਰ ਸਾਹਿਬ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਹਾਂ ਹਾਂ ਜੀ, ਸਰਦਾਰ ਸਰਵਨ ਸਿੰਘ ਧੁੰਨ ਜੀ।

**ਸਰਦਾਰ ਸਰਵਨ ਸਿੰਘ ਧੁੰਨ (ਖੇਮਕਰਨ) (ਵਿਦਿਆਰਥੀ ਅੰਮ੍ਰਿਤਜੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਾਰਲੀ)**: ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਆਪ ਜੀ ਦਾ ਬਹੁਤ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਆਪ ਜੀ ਨੇ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਮੁੱਦਿਆਂ ਸਬੰਧੀ ਦੱਸਣਾ ਚਾਹੁੰਦੀ ਹਾਂ ਅਤੇ ਮੈਨੂੰ ਪਹਿਲਾਂ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਨਹੀਂ ਮਿਲਿਆ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਬੋਲੋ ਜੀ।

**ਸਰਦਾਰ ਸਰਵਨ ਸਿੰਘ ਧੁੰਨ (ਵਿਦਿਆਰਥੀ ਅੰਮ੍ਰਿਤਜੀਤ ਕੌਰ)**: ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਭਿਖੀਵਿੰਡ ਵਿੱਚ ਟਰੈਫਿਕ ਦੀ ਸਮੱਸਿਆ ਬਹੁਤ ਰਹਿੰਦੀ ਹੈ। ਆਪ ਜੀ ਨੂੰ ਮੈਂ ਗੁਜਾਰਿਸ਼ ਕਰਦਾ ਹਾਂ ਕਿ ਇੱਥੇ ਸਾਈਨ ਬੋਰਡ ਲਗਾਏ ਜਾਣ। ਇੱਕ ਖਾਲੜਾ ਮੰਡੀ ਹੈ, ਜੋ ਪੰਜਾਬ ਦੀ ਸਭ ਤੋਂ ਵੱਡੀ ਮਿਰਚ ਦੀ ਮੰਡੀ ਹੈ, ਇਸ ਨੂੰ ਮੁੜ ਤੋਂ ਸੁਰਜੀਤ ਕੀਤਾ ਜਾਵੇ। ਇਹ ਇਸ ਕਰਕੇ ਬੰਦ ਹੋਈ ਸੀ ਕਿਉਂਕਿ ਇਸ ਵਾਰੀ ਕਿਸਾਨਾਂ ਨੂੰ ਮਿਰਚਾਂ ਤੇ ਐਮ.ਐਸ.ਪੀ. ਨਹੀਂ ਦਿੱਤੀ ਗਈ ਸੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ, ਬੈਠੋ ਜੀ। ਹਾਂ ਜੀ ਤਰੁਣਪ੍ਰੀਤ ਸਿੰਘ ਸੋਂਦ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) (ਵਿਦਿਆਰਥੀ ਮੁਸਕਾਨਪ੍ਰੀਤ ਕੌਰ, ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਸੂਲੜਾ)**: ਸਪੀਕਰ ਸਾਹਿਬ, ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਬਿਲ ਦੇ ਹੱਕ ਵਿੱਚ ਹਾਂ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਹਾਂ ਜੀ, ਸ੍ਰੀ ਨਰੇਸ਼ ਪੁਰੀ ਜੀ।

**ਸ੍ਰੀ ਨਰੇਸ਼ ਪੁਰੀ (ਸੁਜਾਨਪੁਰ) (ਵਿਦਿਆਰਥੀ ਯਸ਼, ਸ਼ਹੀਦ ਕੇਪਟਨ ਅੱਜੇ ਸਿੰਘ ਰਾਣਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਮੂਨ)**: ਮਾਣਯੋਗ ਸਪੀਕਰ ਸਾਹਿਬ ਅਤੇ ਇੱਥੇ ਆਏ ਸਾਰੇ ਪ੍ਰਤੀਨਿਧੀਆਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਸੁਲਤਾਨਪੁਰ ਹਲਕੇ ਦਾ ਨਿਵਾਸੀ, ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਮਮੂਨ ਤੋਂ ਆਇਆ ਹਾਂ। ਮੈਂ ਇਸ ਬਿਲ ਦੇ ਪੱਖ ਵਿੱਚ ਹਾਂ ਪਰ ਮੈਂ ਇੱਕ ਹਿੰਦੂ ਹੋਣ ਦੇ ਨਾਤੇ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਅੱਜ ਦੇ ਸਮੇਂ ਵਿੱਚ ਗਊਆਂ ਅਤੇ ਬਹੁਤ ਸਾਰੇ ਪਸ਼ੂਆਂ ਦੀ ਸਮੱਗਲਿੰਗ ਹੋ ਰਹੀ ਹੈ, ਉਸ ਸਮੱਗਲਿੰਗ ਨੂੰ ਜ਼ਿਆਦਾ ਤੋਂ ਜ਼ਿਆਦ ਰੋਕਿਆ ਜਾਣਾ ਚਾਹੀਦਾ ਹੈ ਕਿਉਂਕਿ ਮੈਂ ਇੱਕ ਹਿੰਦੂ ਹਾਂ ਅਤੇ ਮੇਰੀ ਨਜ਼ਰ ਵਿੱਚ ਗਊ ਨੂੰ ਮਾਤਾ ਮੰਨਿਆ ਜਾਂਦਾ ਹੈ। ਸਾਡੇ ਸਾਰਿਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਬਿਲ ਨੂੰ ਪਾਸ ਕਰਵਾਇਆ ਜਾਵੇ ਅਤੇ ਇਸ ਬਿਲ ਦੇ ਹੱਕ ਵਿੱਚ ਖੜਿਆ ਜਾਵੇ। ਪਸ਼ੂਆਂ ਦੀ ਸਮੱਗਲਿੰਗ ਨੂੰ ਰੋਕਿਆ ਜਾਣਾ ਚਾਹੀਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਠੀਕ ਹੈ ਜੀ। ਚੇਅਰ ਨੂੰ ਐਡਰੈਸ ਕੀਤਾ ਜਾਵੇ। ਹਾਂ ਜੀ, ਸ੍ਰੀਮਤੀ ਸੰਤੋਸ਼ ਕਟਾਰੀਆ ਜੀ।

**ਸ੍ਰੀਮਤੀ ਸੰਤੋਸ਼ ਕੁਮਾਰੀ ਕਟਾਰੀਆ (ਬਲਾਚੌਰ) (ਵਿਦਿਆਰਥੀ ਕਿਰਨਦੀਪ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਛੋੜੀ)**: ਮਾਣਯੋਗ ਸਪੀਕਰ ਸਾਹਿਬ ਅਤੇ ਵਿਧਾਨ ਸਭਾ ਵਿੱਚ ਬੈਠੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਹੱਕ ਵਿੱਚ ਹਾਂ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਗੁਰਮੀਤ ਸਿੰਘ ਖੁਡੀਆਂ ਜੀ, ਤੁਸੀਂ ਬਿਲ ਤੇ ਕੁਝ ਬੋਲਣਾ ਚਾਹੁੰਦੇ ਹੋ?

**ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) (ਵਿਦਿਆਰਥੀ ਪ੍ਰਭਜੋਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ):** ਨਹੀਂ ਜੀ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ-

ਕਿ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 7**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਕਿਉਂਜੋ ਕਲਾਜ਼ਾਂ 2 ਤੋਂ 7 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।*** **(ਥੰਪਿੰਗ)**

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) (ਵਿਦਿਆਰਥੀ ਪ੍ਰਭਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸਤਾਵ ਕੀਤਾ -

ਕਿ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਪ੍ਰਸ਼ਨ ਹੈ -

ਕਿ ਪਸ਼ੂਆਂ ਪ੍ਰਤੀ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।* (ਥੰਪਿੰਗ)**

---

**ANNOUNCEMENT BY THE SECRETARY REG. GIVING A CHANCE FOR SPEECH TO STUDENTS**

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ):** ਮਾਣਯੋਗ ਸਪੀਕਰ ਸਾਹਿਬ ਵੱਲੋਂ ਬੇਨਤੀ ਹੈ ਕਿ ਜੇਕਰ ਕੋਈ ਵਿਧਾਇਕ ਇਕ ਵੀ ਵਾਰ ਨਹੀਂ ਬੋਲਿਆ, ਉਹ ਖੜ੍ਹਾ ਹੋਵੇ ਤਾਂ ਜੋ ਸਾਰਿਆਂ ਨੂੰ ਇਕ ਮੌਕਾ ਦਿੱਤਾ ਜਾਵੇ। ਜਿਨ੍ਹਾਂ ਨੂੰ ਹਾਲੇ ਤੱਕ ਮੌਕਾ ਨਹੀਂ ਮਿਲਿਆ, ਉਹ ਬੋਲ ਲੈਣ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ) (ਵਿਦਿਆਰਥੀ ਸੁਖਪ੍ਰੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਸੋ ਪਾਂਡੋ)** : ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਂ ਸੁਖਪ੍ਰੀਤ ਕੌਰ ਹੈ ਅਤੇ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਸੋ ਪਾਂਡੋ ਦੀ ਵਿਦਿਆਰਥੀ ਹਾਂ। ਮੇਰਾ ਹਲਕਾ ਮੋਗਾ ਹੈ ਅਤੇ ਮੈਂ ਉਥੋਂ ਦੇ ਮਾਣਯੋਗ ਐਮ.ਐਲ.ਏ. ਡਾਕਟਰ ਅਮਨਦੀਪ ਕੌਰ ਅਰੋੜਾ ਦਾ ਰੋਲ ਅਦਾ ਕਰਨ ਆਈ ਹਾਂ। (ਥੰਪਿੰਗ)

**ਸਰਦਾਰ ਅਮਰਪਾਲ ਸਿੰਘ (ਸ੍ਰੀ ਹਰਗੋਬਿੰਦਪੁਰ, ਐਸ.ਸੀ.) (ਵਿਦਿਆਰਥੀ ਬਿਕਰਮਜੀਤ ਸਿੰਘ, ਸਕੂਲ ਆਫ ਐਮੀਨੈਂਸ, ਸ੍ਰੀ ਹਰਗੋਬਿੰਦਪੁਰ)** : ਮਾਣਯੋਗ ਸਪੀਕਰ ਸਾਹਿਬ ਅਤੇ ਹੋਰ ਆਨਰੇਬਲ ਮੈਂਬਰ ਸਾਹਿਬਾਨ, ਸਾਰਿਆਂ ਨੂੰ ਮੇਰੀ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਿੱਖਿਆ ਪ੍ਰਣਾਲੀ ਨੇ ਬਹੁਤ ਜ਼ਿਆਦਾ ਵਿਕਾਸ ਕੀਤਾ ਹੈ। ਸਾਡੇ ਪੂਰੇ ਪੰਜਾਬ ਵਿੱਚ 118 ਸਕੂਲ ਆਫ ਐਮੀਨੈਂਸ ਬਣਾਏ ਗਏ ਹਨ ਪਰ ਕੁਝ ਹੀ ਸਕੂਲਾਂ ਵਿੱਚ ਵਿਕਾਸ ਕੀਤਾ ਗਿਆ ਹੈ। ਸਾਡੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਸਕੂਲ ਆਫ ਐਮੀਨੈਂਸ ਦਾ ਇਕ ਟੈਗ ਹੀ ਦਿੱਤਾ ਗਿਆ ਹੈ। ਉਥੇ ਸਕੂਲ ਆਫ ਐਮੀਨੈਂਸ ਵਾਲੀ ਕੋਈ ਗੱਲ ਨਹੀਂ ਹੈ। ਉਥੇ ਕੋਈ ਲੈਬ ਨਹੀਂ ਹੈ, ਨਾ ਹੀ ਬੱਚਿਆਂ ਨੂੰ ਪ੍ਰੈਕਟੀਕਲ ਕਰਵਾਏ ਜਾਂਦੇ ਹਨ। ਬੱਚੇ ਸਿਰਫ ਕਿਤਾਬਾਂ ਤੋਂ ਹੀ ਸਿੱਖ ਰਹੇ ਹਨ, ਉਨ੍ਹਾਂ ਨੂੰ ਪ੍ਰੈਕਟੀਕਲ ਲਈ ਲੈਬ ਦੀ ਲੋੜ ਹੁੰਦੀ ਹੈ। ਬੱਚੇ ਕਿਤਾਬਾਂ ਤੋਂ ਸਿਰਫ ਪੜ੍ਹ ਸਕਦੇ ਹਨ, ਪ੍ਰੈਕਟੀਕਲ ਤੋਂ ਬਿਨਾਂ ਉਹ ਸਿੱਖ ਨਹੀਂ ਸਕਦੇ। ਮੈਂ ਕਹਿਣਾ ਚਾਹਾਂਗਾ ਕਿ ਜੇ ਸਕੂਲ ਆਫ ਐਮੀਨੈਂਸ ਬਣਾਉਣ ਦੀ ਗੱਲ ਕੀਤੀ ਗਈ ਹੈ ਤਾਂ ਪੂਰੇ ਪੰਜਾਬ ਵਿੱਚ ਅਜਿਹੇ ਸਕੂਲ ਬਣਾਏ ਜਾਣ, ਕੁਝ ਹਿੱਸਿਆਂ ਵਿੱਚ ਹੀ ਅਜਿਹੇ ਸਕੂਲ ਨਾ ਬਣਾਏ ਜਾਣ। ਧੰਨਵਾਦ। (ਥੰਪਿੰਗ)

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ) (ਵਿਦਿਆਰਥੀ ਸਰਦਾਰ ਅਨਮੋਲ ਰਤਨ, ਸਕੂਲ ਆੱਫ ਐਮੀਨੈਂਸ ਪਰਸਰਾਮ ਨਗਰ, ਬਠਿੰਡਾ):** ਸਤਿ ਸ੍ਰੀ ਅਕਾਲ ਸਪੀਕਰ ਸਾਹਿਬ। ਮੇਰਾ ਨਾਮ ਅਨਮੋਲ ਹੈ। ਮੈਂ ਸਕੂਲ ਆੱਫ ਐਮੀਨੈਂਸ ਪਰਸਰਾਮ ਨਗਰ, ਬਠਿੰਡਾ ਦਾ ਵਿਦਿਆਰਥੀ ਹਾਂ। ਮੈਂ ਆਪਣੇ ਬਠਿੰਡਾ ਸ਼ਹਿਰੀ ਹਲਕੇ ਦੇ ਐਮ.ਐਲ.ਏ. ਸਰਦਾਰ ਜਗਰੂਪ ਸਿੰਘ ਗਿੱਲ ਜੀ ਨੂੰ ਰਿਪ੍ਰੈਜ਼ੇਂਟ ਕਰਨ ਆਇਆ ਹਾਂ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸਾਡੇ ਬਠਿੰਡਾ ਸ਼ਹਿਰੀ ਹਲਕੇ ਨੇ ਬਹੁਤ ਤਰੱਕੀ ਕੀਤੀ ਹੈ। ਧੰਨਵਾਦ ਸਪੀਕਰ ਸਾਹਿਬ। (ਥੰਪਿੰਗ)

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ) (ਵਿਦਿਆਰਥਣ ਰਾਜਵਿੰਦਰ ਕੌਰ, ਸਕੂਲ ਆਫ ਐਮੀਨੈਂਸ, ਖਡੂਰ ਸਾਹਿਬ):** ਮਾਣਯੋਗ ਸਪੀਕਰ ਸਾਹਿਬ, ਪਿਆਰੇ ਵਿਧਾਇਕ ਸਾਥੀਓ ਅਤੇ ਵਿਧਾਨ ਸਭਾ ਦੇ ਇੱਥੇ ਹਾਜ਼ਰ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਸਭ ਤੋਂ ਪਹਿਲਾਂ ਤਾਂ ਮੈਂ ਸਪੀਕਰ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹਾਂਗੀ ਕਿ ਉਨ੍ਹਾਂ ਨੇ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਪਹਿਲਾਂ ਤਾਂ ਮੇਰੇ ਕੋਲ ਬੋਲਣ ਲਈ ਬਹੁਤ ਸਾਰੇ ਨੁਕਤੇ ਤੇ ਮੁੱਦੇ ਹਨ ਪਰ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਮੈਂ ਬਾਕੀਆਂ ਦੀ ਬਜਾਏ ਸਿਰਫ ਇੱਕ ਮੇਨ ਮੁੱਦੇ ਉੱਤੇ ਗੱਲ ਕਰਨਾ ਚਾਹਾਂਗੀ ਕਿ ਸਾਡੇ ਹਲਕੇ ਖਡੂਰ ਸਾਹਿਬ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇੱਕ ਥਰਮਲ ਪਾਵਰ ਪਲਾਂਟ ਹੈ। ਮੇਰੇ ਹਲਕੇ ਵਿੱਚ ਕਈ ਇੰਡਸਟਰੀਜ਼ ਹਨ, ਜਿਵੇਂ ਕਿ ਥਰਮਲ ਪਾਵਰ ਪਲਾਂਟ ਵਾਲੀ ਇੰਡਸਟਰੀ ਹੈ, ਟੈਕਸਟਾਈਲ ਐਂਡ ਕੈਮੀਕਲ ਇੰਡਸਟਰੀ ਹੈ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਇੰਡਸਟਰੀਜ਼ ਹਨ। ਇਹ ਇੱਕ ਸੱਚ ਹੈ ਕਿ ਇੰਡਸਟਰੀਜ਼ ਨੂੰ ਹੋਰ ਇੰਪਰੂਵ ਕਰਕੇ ਸਾਡਾ ਦੇਸ਼ ਤਰੱਕੀ ਦੀ ਰਾਹ ’ਤੇ ਜਾ ਸਕਦਾ ਹੈ। ਪਰ ਇਹ ਪੂਰੀ ਤਰ੍ਹਾਂ ਠੀਕ ਨਹੀਂ ਹੈ ਕਿਉਂਕਿ ਇਨ੍ਹਾਂ ਇੰਡਸਟਰੀਜ਼ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਆ ਰਹੀਆਂ ਹਨ ਜਿਨ੍ਹਾਂ ਕਰਕੇ ਸਾਡਾ ਦੇਸ਼ ਤਰੱਕੀ ਦੀ ਰਾਹ ਉੱਤੇ ਨਹੀਂ ਜਾ ਪਾ ਰਿਹਾ। ਇਸ ਵਿੱਚੋਂ ਇੱਕ ਮੁੱਦਾ ਇਹ ਹੈ ਕਿ ਥਰਮਲ ਪਾਵਰ ਪਲਾਂਟ ਵਿੱਚ ਸਾਡੇ ਏਰੀਏ ਦੇ ਨੌਜਵਾਨਾਂ ਲਈ ਰੁਜ਼ਗਾਰ ਦੀ ਘਾਟ ਹੈ ਜਿਸ ਕਾਰਨ ਇੱਥੋਂ ਦੀ ਨੌਜਵਾਨ ਪੀੜ੍ਹੀ ਨਸ਼ੇ ਵਿੱਚ ਲੱਗ ਰਹੀ ਹੈ। ਸੋ, ਇਸੇ ਕਰਕੇ ਸਪੀਕਰ ਸਾਹਿਬ, ਮੇਰੀ ਆਪ ਜੀ ਅੱਗੇ ਗੁਜਾਰਿਸ਼ ਹੈ ਕਿ ਸਾਡੇ ਹਲਕੇ ਦੀ ਨੌਜਵਾਨ ਪੀੜ੍ਹੀ ਨੂੰ ਥਰਮਲ ਪਾਵਰ ਪਲਾਂਟ ਵਿੱਚ 60 ਪਰਸੈਂਟ ਤੋਂ ਵੱਧ ਨੌਕਰੀਆਂ ਦਿੱਤੀਆਂ ਜਾਣ ਤਾਂ ਜੋ ਉਹ ਨਸ਼ਿਆਂ ਵਰਗੀਆਂ ਬਿਮਾਰੀਆਂ ਤੋਂ ਬਚ ਸਕਣ। ਇਸ ਪਲਾਂਟ ਕਾਰਨ ਪੈਦਾ ਹੋ ਰਹੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਵੀ ਕੰਟਰੋਲ ਕੀਤਾ ਜਾਵੇ। ਧੰਨਵਾਦ, ਸਪੀਕਰ ਸਾਹਿਬ। (ਥੰਪਿੰਗ)

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ):** ਜਿਹੜੇ ਪਹਿਲਾਂ ਬੋਲ ਚੁੱਕੇ ਹਨ, ਉਹ ਖੜ੍ਹੇ ਨਾ ਹੋਣ । ਜਿਹੜੇ ਪਹਿਲਾਂ ਪਾਰਟੀਸੀਪੇਟ ਕਰ ਚੁੱਕੇ ਹਨ, ਉਹ ਬੈਠ ਜਾਣ।

**ਸ੍ਰੀ ਗੁਰਲਾਲ ਘਨੌਰ (ਘਨੌਰ) (ਵਿਦਿਆਰਥੀ ਸ੍ਰੀ ਮਨੀਸ਼ ਸ਼ਰਮਾ ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਨੌਰ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਮ ਮਨੀਸ਼ ਹੈ। ਮੈਂ ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਨੌਰ ਦਾ ਵਿਦਿਆਰਥੀ ਹਾਂ। ਅੱਜ ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸ੍ਰੀ ਗੁਰਲਾਲ ਘਨੌਰ ਜੀ ਦਾ ਰੋਲ ਅਦਾ ਕਰ ਰਿਹਾ ਹਾਂ। ਮਾਣਯੋਗ ਸਪੀਕਰ ਸਾਹਿਬ ਜੀ, ਮੈਂ ਗੁਰਲਾਲ ਘਨੌਰ ਖੇਡ ਗਰਾਊਂਡਾਂ ਸਬੰਧੀ ਆਪਣੀ ਗੱਲ ਸਦਨ ਅੱਗੇ ਰੱਖਣੀ ਚਾਹੁੰਦਾ ਹਾਂ ਕਿ ਆਪਾਂ ਨੂੰ ਵੱਧ ਤੋਂ ਵੱਧ ਗਰਾਊਂਡਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਬੱਚੇ ਗਰਾਊਂਡਾਂ ਵਿੱਚ ਖੇਡਾਂ ਲਈ ਪਹੁੰਚ ਸਕਣ। ਖੇਡ ਗਰਾਊਂਡ ਬਣਾਉਣ ਲਈ ਪੰਚਾਇਤੀ ਜ਼ਮੀਨਾਂ ਕਿਤੇ ਇੱਕ ਏਕੜ, ਕਿਤੇ ਦੋ ਏਕੜ ਖਾਲੀ ਪਈਆਂ ਹਨ। ਮੈਂ ਖੇਡ ਮੰਤਰਾਲੇ ਨੂੰ ਬੇਨਤੀ ਕਰਦਾ ਹਾਂ ਕਿ ਕੋਈ ਇਹੋ ਜਿਹੀ ਪਾਲਿਸੀ ਬਣਾਈ ਜਾਵੇ ਕਿ ਜਿਹੜਾ ਵੀ ਮੈਂਬਰ ਆਪਣੇ ਹਲਕੇ ਵਿੱਚ ਵੱਧ ਤੋਂ ਵੱਧ ਖੇਡ ਗਰਾਊਂਡ ਬਣਵਾਏਗਾ, ਉਸ ਨੂੰ ਵੱਧ ਤੋਂ ਵੱਧ ਗਰਾਂਟ ਦਿੱਤੀ ਜਾਵੇ। ਜਿਸ ਨਾਲ ਅਸੀਂ ਆਪਣੇ ਨੌਜਵਾਨਾਂ ਨੂੰ ਖੇਡਾਂ ਵੱਲ ਲਿਜਾ ਕੇ ਉਨ੍ਹਾਂ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾ ਸਕੀਏ। ਮੈਂ ਖੇਡ ਗਰਾਊਂਡਾਂ ਬਣਵਾਉਣ ਲਈ ਵਚਨਬੱਧ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਆਪਣੇ ਯੂਥ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੁੱਝ ਹੋਰ ਸੁਝਾਅ ਵੀ ਰੱਖਣੇ ਚਾਹੁੰਦਾ ਹਾਂ ਕਿ ਸਾਰੇ ਸਕੂਲਾਂ ਵਿੱਚ ਨਸ਼ਾ ਮੁਕਤ ਸਮਾਜ ਕਰਵਾਉਣ ਲਈ ਪਾਠਕ੍ਰਮ ਵਿੱਚ ਇਹ ਵਿਸ਼ਾ ਲਾਗੂ ਕੀਤਾ ਜਾਵੇ। ਜਿਸ ਰਾਹੀਂ ਬੱਚਿਆਂ ਨੂੰ ਛੋਟੇ ਹੁੰਦਿਆਂ

ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਮਿਲ ਸਕੇ। ਇਸ ਮੁਹਿੰਮ ਵਿੱਚ ਮਾਪੇ, ਅਧਿਆਪਕ, ਪੁਲਿਸ ਅਤੇ ਸਿਹਤ ਵਿਭਾਗ ਦੀ ਸਾਂਝ ਬਣਾਈ ਜਾਵੇ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ। ਨੈਕਸਟ ਜੀ।

**ਸਰਦਾਰ ਕਰਮਬੀਰ ਸਿੰਘ (ਦਸੂਹਾ) (ਵਿਦਿਆਰਥੀ ਵਿਕਟਰ, ਸਕੂਲ ਆਫ ਐਮੀਨੈਂਸ, ਦਸੂਹਾ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਅੱਜ ਇਸ ਸੈਸ਼ਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਹਲਕੇ ਦੀਆਂ ਸਮੱਸਿਆਵਾਂ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਤਲਵਾੜੇ ਤੋਂ ਹੁਸ਼ਿਆਰਪੁਰ ਵੱਲ ਕਿਸੇ ਕੰਮ-ਕਾਰ ਲਈ ਜਾਂਦੇ ਹਾਂ ਤਾਂ ਸਾਨੂੰ 100 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਜਾਣਾ ਪੈਂਦਾ ਹੈ ਜਿਸ ਕਰਕੇ ਸਾਨੂੰ ਬਹੁਤ ਔਕੜਾਂ ਆਉਂਦੀਆਂ ਹਨ। ਮੁਕੇਰੀਆਂ ਦੇ ਬਾਰਡਰ ਦੇ ਨਾਲ ਪਠਾਨਕੋਟ ਲਗਦਾ ਹੈ, ਜਦੋਂ ਅਸੀਂ ਉਥੋਂ ਜਾਂਦੇ ਹਾਂ ਤਾਂ ਸਾਨੂੰ 70-80 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਜਾਣਾ ਪੈਂਦਾ ਹੈ। ਮੈਂ ਆਪ ਜੀ ਅੱਗੇ ਇਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਹਲਕੇ ਨੂੰ ਜਲਦੀ ਤੋਂ ਜਲਦੀ ਜ਼ਿਲ੍ਹਾ ਬਣਾਉਣ ਦਾ ਦਰਜਾ ਦਿੱਤਾ ਜਾਵੇ। ਧੰਨਵਾਦ, ਸਪੀਕਰ ਸਾਹਿਬ। (ਥੰਪਿੰਗ)

**ਸ੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ) (ਵਿਦਿਆਰਥੀ ਹਰਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਹਿਤਾਬਪੁਰ):** ਧੰਨਵਾਦ ਸਪੀਕਰ ਸਾਹਿਬ। ਪਹਿਲਾਂ ਤਾਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਆਪ ਜੀ ਨੇ ਮੈਨੂੰ ਇਸ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਹਰਦੀਪ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਹਿਤਾਬਪੁਰ ਦਾ ਵਿਦਿਆਰਥੀ ਹਾਂ। ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸ੍ਰੀ ਜੰਗੀ ਲਾਲ ਮਹਾਜਨ ਜੀ ਦਾ ਰੋਲ ਅਦਾ ਕਰ ਰਿਹਾ ਹਾਂ। ਮੈਂ ਆਪ ਦੇ ਸਾਹਮਣੇ ਆਪਣੇ ਹਲਕੇ ਦੀਆਂ ਮੁੱਖ ਸਮੱਸਿਆਵਾਂ ਪੇਸ਼ ਕਰਨਾ ਚਾਹਾਂਗਾ। ਸਾਡੇ ਹਲਕੇ ਵਿਚ ਬਿਆਸ ਦਰਿਆ ਲਗਦਾ ਹੈ ਅਤੇ ਹਰ ਸਾਲ ਬਰਸਾਤਾਂ ਦੇ ਮੌਸਮ ਵਿਚ ਬਹੁਤ ਨੁਕਸਾਨ ਹੁੰਦਾ ਹੈ। ਮੈਂ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਨੌਸ਼ਹਿਰਾਪੁਰ ਦੇ ਲਾਗੇ ਤਿੰਨ ਚਾਰ ਪਿੰਡਾਂ ਵਿਚ ਸੜਕ ਨੂੰ ਪੱਕਾ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਧੰਨਵਾਦ ਜੀ। (ਥੰਪਿੰਗ)

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ) (ਵਿਦਿਆਰਥੀ ਕਰਨ ਕੁਮਾਰ, ਸਰਕਾਰੀ ਹਾਈ ਸਕੂਲ, ਸਲੇਮ ਟਾਬਰੀ):** ਇਸ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਨਾ ਚਾਹਾਂਗਾ ਕਿਉਂਕਿ ਆਪ ਜੀ ਨੇ ਮੈਨੂੰ ਬੜੀ ਉਡੀਕ ਤੋਂ ਬਾਅਦ ਬੋਲਣ ਦਾ ਸਮਾਂ ਦਿੱਤਾ ਹੈ। ਦੋਸਤੋ, ਸੰਵਿਧਾਨ ਦੀ ਸਪਿਰਿਟ ਕਾਨੂੰਨਾਂ ਦੀ ਗਿਣਤੀ ਨਹੀਂ ਹੈ। ਇਹ ਉਹ ਸਪਿਰਿਟ ਹੈ, ਜਿਸ ਨਾਲ ਭਾਰਤ ਦੇਸ਼ ਬਣਦਾ ਹੈ। ਸੰਵਿਧਾਨ ਦਿਵਸ ਕੇਵਲ ਇਕ ਦਿਵਸ ਨਹੀਂ ਸਗੋਂ ਇਹ ਸਾਰੇ ਭਾਰਤੀਆਂ ਦਾ ਸੁਪਨਾ ਅਤੇ ਸਵਾਭੀਮਾਨ ਹੈ। ਅੱਜ ਮੈਂ ਤੁਹਾਡੇ ਸਾਹਮਣੇ ਆਪਣੇ ਵਿਚਾਰ ਰੱਖਣ ਜਾ ਰਿਹਾ ਹਾਂ ਕਿ ਸੰਵਿਧਾਨ ਭਾਵਨਾ ਨੂੰ ਕਿਵੇਂ ਹੋਰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਸਭ ਨੂੰ ਪਤਾ ਹੈ ਕਿ 26 ਨਵੰਬਰ, 1949 ਨੂੰ ਭਾਰਤੀ ਸੰਵਿਧਾਨ ਤਿਆਰ ਹੋਇਆ। ਪਰ ਸਿਰਫ਼ ਤਾਰੀਖ਼ ਯਾਦ ਰੱਖਣ ਨਾਲ ਇਤਿਹਾਸ ਜਿਊਂਦਾ ਨਹੀਂ ਰਹਿੰਦਾ ਸਗੋਂ ਇਤਿਹਾਸ ਉਦੋਂ ਜਿਊਂਦਾ ਰਹਿੰਦਾ ਹੈ ਜਦੋਂ ਅਸੀਂ ਉਸ ਨੂੰ ਯਾਦ ਰੱਖਦੇ ਹਾਂ ਅਤੇ ਉਸ ਦੀ ਰੂਹ ਨੂੰ ਆਪਣੇ ਦਿਲ ਵਿਚ ਵਸਾਉਂਦੇ ਹਾਂ। ਇਸ ਲਈ ਮੈਂ ਸਪੀਕਰ ਸਾਹਿਬ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ 26 ਨਵੰਬਰ ਨੂੰ ਵੀ 26 ਜਨਵਰੀ ਦੀ ਤਰ੍ਹਾਂ ਮਨਾਉਣ। ਮੇਰਾ ਦੂਸਰਾ ਵਿਚਾਰ ਹੈ ਸੰਵਿਧਾਨ ਦੀ ਪ੍ਰਸਤਾਵਨਾ, ਜਿਸ ਨੂੰ ਸਾਡੇ ਦੇਸ਼ ਦਾ ਆਤਮ ਘੋਸ਼ਣਾ ਪੱਤਰ ਕਿਹਾ ਜਾਂਦਾ ਹੈ, ਸਾਨੂੰ ਨਿਆਂ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਸਿਖਾਉਂਦਾ ਹੈ। ਇਸ ਲਈ ਸਕੂਲਾਂ ਦੀ ਪਰੇਡ ਵਿਚ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸ਼ਾਮਿਲ ਕੀਤਾ ਜਾਵੇ। ਇਸ ਤਰ੍ਹਾਂ ਵਿਦਿਆਰਥੀਆਂ ਨੂੰ

ਪਤਾ ਲੱਗੇਗਾ ਕਿ ਉਹ ਇਕ ਵਿਦਿਆਰਥੀ ਨਹੀਂ ਸਗੋਂ ਲੋਕਤੰਤਰ ਦਾ ਇਕ ਜ਼ਿੰਮੇਵਾਰ ਨਾਗਰਿਕ ਹੈ। ਮੇਰਾ ਤੀਜਾ ਵਿਚਾਰ ਹੈ ਕਿ ਸਕੂਲਾਂ ਦੇ ਵਿਚ ਸੰਵਿਧਾਨ ਨਾਲ ਸਬੰਧਤ ਡਿਬੇਟਸ ਅਤੇ ਮੌਲਿਕ ਅਧਿਕਾਰਾਂ ਪ੍ਰਤੀ ਮੌਲਿਕ ਜਾਗਰੂਕਤਾ ਲਈ ਵੀਡੀਓਜ਼ ਦਿਖਾਈਆਂ ਜਾਣ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਤੁਹਾਡੀ ਗੱਲ ਆ ਗਈ ਹੈ ਜੀ। ਸ਼੍ਰੀ ਬ੍ਰਹਮ ਸ਼ੰਕਰ ਜੀ।

**ਸ਼੍ਰੀ ਬ੍ਰਮ ਸ਼ੰਕਰ ਜਿੰਪਾ (ਹੁਸ਼ਿਆਰਪੁਰ) (ਵਿਦਿਆਰਥੀ ਸਾਹਿਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਨ, ਸ਼ੇਰਗੜ੍ਹ):** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਸਦਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਮ ਸਾਹਿਲ ਹੈ, ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਨ, ਸ਼ੇਰਗੜ੍ਹ ਦਾ ਵਿਦਿਆਰਥੀ ਹਾਂ। ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸ਼੍ਰੀ ਬ੍ਰਹਮ ਸ਼ੰਕਰ ਜੀ ਦਾ ਰੋਲ ਅਦਾ ਕਰ ਰਿਹਾ ਹਾਂ। ਮੈਂ ਤੁਹਾਡੇ ਸਾਹਮਣੇ ਹੁਸ਼ਿਆਰਪੁਰ ਵਿਚ ਭੰਗੀ ਚੋਅ ਤੇ ਨਵੇਂ ਪੁਲ ਦੀ ਜ਼ਰੂਰਤ ਦਾ ਮੁੱਦਾ ਰੱਖਣਾ ਚਾਹੁੰਦਾ ਹਾਂ। ਸਾਡੇ ਇਲਾਕੇ ਵਿਚ ਭੰਗੀ ਚੋਅ ਤੇ ਇਕ ਹੀ ਪੁਲ ਹੈ ਅਤੇ ਚਿੰਤਪੁਰਨੀ ਮਾਤਾ ਦੇ ਮੇਲੇ ਦੇ ਸਮੇਂ ਇਸ ਪੁਲ ਤੇ ਐਨਾ ਟਰੈਫਿਕ ਹੋ ਜਾਂਦਾ ਹੈ ਕਿ ਲੰਬੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ। ਐਂਬੂਲੈਂਸ, ਪੁਲਿਸ ਅਤੇ ਹੋਰ ਗੱਡੀਆਂ ਨੂੰ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਤੋਂ ਇਲਾਵਾ ਭੰਗੀ ਚੋਅ ਹੁਸ਼ਿਆਰਪੁਰ ਦੇ ਪਹਾੜੀ ਇਲਾਕੇ ਨਾਲ ਜੁੜਿਆ ਹੋਇਆ ਹੈ। ਜਦੋਂ ਪਹਾੜੀ ਇਲਾਕੇ ਵਿਚ ਮੀਂਹ ਪੈ ਜਾਂਦਾ ਹੈ ਤਾਂ ਸਾਰਾ ਪਾਣੀ ਭੰਗੀ ਚੋਅ ਵਿਚ ਆਉਂਦਾ ਹੈ ਅਤੇ ਲੋਕ ਤੇਜ਼ਗਤੀ ਨਾਲ ਵਹਿ ਰਹੇ ਪਾਣੀ ਵਿਚੋਂ ਵੀ ਲੰਘਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ, ਜਿਸ ਕਾਰਨ ਉਨ੍ਹਾਂ ਦੀ ਜਾਨ ਦਾ ਖਤਰਾ ਰਹਿੰਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** :ਠੀਕ ਹੈ ਜੀ। ਧੰਨਵਾਦ। ਸ਼੍ਰੀ ਮਹਿੰਦਰ ਭਗਤ ਜੀ।

**ਰੱਖਿਆ ਸੇਵਾਵਾਂ ਮੰਤਰੀ (ਸ਼੍ਰੀ ਮੋਹਿੰਦਰ ਭਗਤ) (ਵਿਦਿਆਰਥੀ ਜਸ਼ਨਦੀਪ, ਸਟੇਟ ਸਕੂਲ ਆਫ਼ ਸਪੋਰਟਸ, ਜਲੰਧਰ):** ਮਾਣਯੋਗ ਸਪੀਕਰ ਸਾਹਿਬ ਅਤੇ ਸਦਨ ਵਿਚ ਇਕੱਠੇ ਹੋਏ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਜੀ। ਮੇਰਾ ਨਾਮ ਜਸ਼ਨਦੀਪ ਹੈ, ਮੈਂ ਸਟੇਟ ਸਕੂਲ ਆਫ਼ ਸਪੋਰਟਸ, ਜਲੰਧਰ ਵਿਚ 12ਵੀਂ ਜਮਾਤ ਦਾ ਵਿਦਿਆਰਥੀ ਹਾਂ। ਅੱਜ ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਸ਼੍ਰੀ ਮੋਹਿੰਦਰ ਭਗਤ ਦਾ ਰੋਲ ਅਦਾ ਕਰ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀਆਂ ਕੁੱਝ ਸਮੱਸਿਆਵਾਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਜੀ। ਸਾਡੇ ਹਲਕੇ ਵਿਚ ਸੜਕਾਂ ਦੀ ਬਹੁਤ ਸਮੱਸਿਆ ਹੈ। ਸਾਡੇ ਹਲਕੇ ਵਿਚ ਵਾਟਰ ਸਪਲਾਈ ਵਿਭਾਗ ਦਾ ਇਕ ਪ੍ਰਾਜੈਕਟ 2021 ਵਿਚ ਸ਼ੁਰੂ ਹੋਇਆ ਸੀ ਅਤੇ 2023 ਵਿਚ ਉਸ ਨੂੰ ਖਤਮ ਕਰਨ ਦਾ ਟੀਚਾ ਸੀ ਪਰ ਹਾਲੇ ਤੱਕ ਉਹ ਖਤਮ ਨਹੀਂ ਹੋਇਆ। ਵਾਟਰ ਸਪਲਾਈ ਦੀਆਂ ਪਾਈਪਾਂ ਪਾਉਣ ਤੋਂ ਬਾਅਦ ਪੁੱਟੀਆਂ ਗਈਆਂ ਸੜਕਾਂ ਹਾਲੇ ਤੱਕ ਠੀਕ ਨਹੀਂ ਕੀਤੀਆਂ ਗਈਆਂ। ਉਨ੍ਹਾਂ ਨੂੰ ਤੁਰੰਤ ਰਿਪੇਅਰ ਕੀਤਾ ਜਾਵੇ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਬੈਠੋ ਜੀ। ਡਾ. ਜਸਬੀਰ ਸਿੰਘ ਸੰਧੂ ਜੀ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.) (ਵਿਦਿਆਰਥੀ ਬਲਰਾਜ ਸਿੰਘ, ਸਕੂਲ ਆਫ਼ ਐਮੀਨੈਂਸ ਛੇਹਰਟਾ, ਅੰਮ੍ਰਿਤਸਰ):** ਮਾਣਯੋਗ ਸਪੀਕਰ ਸਾਹਿਬ ਅਤੇ ਸਦਨ ਵਿਚ ਇਕੱਠੇ ਹੋਏ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ ਜੀ। ਮੇਰਾ ਨਾਮ ਬਲਰਾਜ ਸਿੰਘ ਹੈ, ਮੈਂ ਸਕੂਲ ਆਫ਼ ਐਮੀਨੈਂਸ ਛੇਹਰਟਾ, ਅੰਮ੍ਰਿਤਸਰ ਦਾ ਵਿਦਿਆਰਥੀ ਹਾਂ। ਅੱਜ ਮੈਂ ਆਪਣੇ ਹਲਕੇ ਦੇ ਐਮ.ਐਲ.ਏ. ਡਾ. ਜਸਬੀਰ ਸਿੰਘ ਸੰਧੂ ਦਾ ਰੋਲ ਅਦਾ ਕਰ ਰਿਹਾ ਹਾਂ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਕੁਲਦੀਪ ਸਿੰਘ ਢਿੱਲੋਂ ਜੀ।

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ (ਬਰਨਾਲਾ) (ਵਿਦਿਆਰਥੀ ਜਸਕਰਨ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੱਟੂ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਪਵਿੱਤਰ ਧਰਤੀ ਤੇ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਨਾਂ ਜਸਕਰਨ ਸਿੰਘ ਹੈ। ਮੈਂ ਬਰਨਾਲਾ ਹਲਕੇ ਦੇ ਜੇਤੂ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਜੀ ਦੀ ਨੁਮਾਇੰਦਗੀ ਕਰ ਰਿਹਾ ਹਾਂ। ਮੈਂ ਆਪ ਜੀ ਦੁਆਰਾ ਸਰਕਾਰ ਦਾ ਧਿਆਨ ਆਪਣੇ ਹਲਕੇ ਦੀ ਬਹੁਤ ਵੱਡੀ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਇਹ ਸਮੱਸਿਆ ਇਕੱਲੀ ਮੇਰੇ ਹਲਕੇ ਦੀ ਹੀ ਨਹੀਂ ਹੈ ਸਗੋਂ ਸਾਰੇ ਬਰਨਾਲਾ ਜ਼ਿਲ੍ਹੇ ਦੀ ਸਮੱਸਿਆ ਹੈ। ਬਰਨਾਲਾ ਜ਼ਿਲ੍ਹੇ ਵਿੱਚ ਇੱਕ ਵੀ ਸਰਕਾਰੀ ਮੈਡੀਕਲ ਕਾਲਜ ਨਹੀਂ ਹੈ, ਜਿਸ ਕਾਰਨ ਵਿਦਿਆਰਥੀਆਂ ਨੂੰ ਐਮ.ਬੀ.ਬੀ.ਐਸ. ਅਤੇ ਨਰਸਿੰਗ ਵਰਗੇ ਕੋਰਸ ਕਰਨ ਦੂਰ ਦੁਰਾਡੇ ਜਾਣਾ ਪੈਂਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਜ਼ਿਲ੍ਹੇ ਵਿੱਚ ਜਲਦੀ ਤੋਂ ਜਲਦੀ ਸਰਕਾਰੀ ਮੈਡੀਕਲ ਕਾਲਜ ਖੋਲ੍ਹਿਆ ਜਾਵੇ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਧੰਨਵਾਦ ਜੀ। ਸ਼੍ਰੀ ਅਸ਼ੋਕ ਪਰਾਸ਼ਰ ਪੱਪੀ ਜੀ।

**ਸ਼੍ਰੀ ਅਸ਼ੋਕ ਪਰਾਸ਼ਰ ਪੱਪੀ (ਲੁਧਿਆਣਾ ਕੇਂਦਰੀ) (ਵਿਦਿਆਰਥੀ ਚਾਂਦ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਾਰਤ ਨਗਰ):** ਮਾਣਯੋਗ ਸਪੀਕਰ ਸਾਹਿਬ ਸਮੇਤ ਸਾਰਿਆਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮੇਰਾ ਨਾਂ ਚਾਂਦ ਹੈ। ਮੈਂ ਸਕੂਲ ਆਫ ਐਮੀਨੈਂਸ, ਭਾਰਤ ਨਗਰ ਦਾ ਵਿਦਿਆਰਥੀ ਹਾਂ। ਮੈਂ ਤੁਹਾਡੇ ਸਾਹਮਣੇ ਹਲਕਾ ਲੁਧਿਆਣਾ ਕੇਂਦਰੀ ਦੇ ਐਮ.ਐਲ.ਏ. ਸ਼੍ਰੀ ਅਸ਼ੋਕ ਪਰਾਸ਼ਰ ਪੱਪੀ ਜੀ ਦੇ ਰੂਪ ਵਿੱਚ ਪੇਸ਼ ਹੋ ਰਹੀ ਹਾਂ।

ਮੈਂ ਅੱਜ ਸੰਵਿਧਾਨ ਦਿਵਸ ਦੇ ਮੌਕੇ ਤੁਹਾਡੇ ਸਾਹਮਣੇ ਲੋਕਤੰਤਰ ਨੂੰ ਮਜ਼ਬੂਤ ਕਰਨ ਬਾਰੇ ਬੋਲਣ ਲਈ ਖੜ੍ਹੀ ਹੋਈ ਹਾਂ ਕਿਉਂਕਿ ਲੋਕਤੰਤਰ ਸਰਕਾਰ ਦਾ ਰੂਪ ਹੀ ਨਹੀਂ ਹੈ ਸਗੋਂ ਲੋਕਾਂ ਦੀ ਆਵਾਜ਼ ਹੈ। ਇੱਕ ਸੱਚੇ ਲੋਕਤੰਤਰ ਵਿੱਚ ਹਰੇਕ ਨਾਗਰਿਕ ਨੂੰ ਬਰਾਬਰ ਦਾ ਅਧਿਕਾਰ ਹੈ, ਵੋਟ ਪਾਉਣ ਦੀ ਸ਼ਕਤੀ ਅਤੇ ਵਿਚਾਰ ਕਰਨ ਦੀ ਆਜ਼ਾਦੀ ਹੈ। ਸਿਰਫ ਚੋਣਾਂ ਕਰਵਾਉਣੀਆਂ ਹੀ ਕਾਫੀ ਨਹੀਂ ਹਨ। ਸੰਵਿਧਾਨਕ ਕੰਮਾਂ ਵਿੱਚ ਪਾਰਦਰਸ਼ਤਾ ਅਤੇ ਨਾਗਰਿਕਾਂ ਨੂੰ ਜਾਗਰੂਕ ਬਣਾਉਣਾ ਯਕੀਨੀ ਬਣਾਉਣ ਦੀ ਲੋੜ ਹੈ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਅਗਲਾ ਬੁਲਾਰਾ ਸਰਦਾਰ ਜਗਦੀਪ ਸਿੰਘ ਕਾਕਾ ਬਰਾੜ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਮੁਕਤਸਰ ਸਾਹਿਬ) (ਵਿਦਿਆਰਥੀ ਗੁਣਵਾਨ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੜ੍ਹੇਵਾਨ)** : ਮਾਣਯੋਗ ਸਪੀਕਰ ਸਾਹਿਬ, ਮੇਰਾ ਨਾਂ ਗੁਣਵਾਨ ਸਿੰਘ ਹੈ। ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੜ੍ਹੇਵਾਨ ਦਾ ਵਿਦਿਆਰਥੀ ਹਾਂ। ਮੈਂ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਐਮ.ਐਲ.ਏ. ਸਰਦਾਰ ਜਗਦੀਪ ਸਿੰਘ ਕਾਕਾ ਬਰਾੜ ਨੂੰ represent ਕਰਨ ਆਇਆ ਹਾਂ।

ਮਾਣਯੋਗ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਮੈਡੀਕਲ ਖੇਤਰ ਵਿੱਚ ਸੁਧਾਰ ਕਰਨ ਦੀ ਬਹੁਤ ਜ਼ਰੂਰਤ ਹੈ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਮਸ਼ੀਨਾਂ ਦੀ ਘਾਟ ਹੋਣ ਕਾਰਨ ਇਲਾਜ ਸਹੀ ਢੰਗ ਨਾਲ ਨਹੀਂ ਹੋ ਰਿਹਾ ਹੈ। ਜਿਸ ਕਾਰਨ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਜਾਣਾ ਪੈਂਦਾ ਹੈ। ਪ੍ਰਾਈਵੇਟ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਲੁੱਟ ਖਸੁੱਟ ਹੁੰਦੀ ਹੈ। ਇਸ ਲਈ ਮੇਰੇ ਹਲਕੇ ਵਿੱਚ ਮੈਡੀਕਲ ਸੈਕਟਰ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਕੁੰਵਰ ਵਿਜੇ ਪ੍ਰਾਪਤ ਸਿੰਘ।

**ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ) (ਵਿਦਿਆਰਥੀ ਉਦੈਦੀਪ ਸਿੰਘ, ਸਰਕਾਰੀ ਸੈਕੰਡਰੀ ਸਕੂਲ, ਨੌਸ਼ਹਿਰਾ, ਅੰਮ੍ਰਿਤਸਰ)**: ਮਾਣਯੋਗ ਸਪੀਕਰ ਸਾਹਿਬ, ਮੇਰੇ ਵੱਲੋਂ ਸਾਰੇ ਮਾਣਯੋਗ ਮੈਂਬਰਾਂ ਨੂੰ ਸਤਿ ਸ੍ਰੀ ਅਕਾਲ। ਮੇਰਾ ਨਾਂ ਉਦੈਦੀਪ ਸਿੰਘ ਹੈ ਅਤੇ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਨੌਸ਼ਹਿਰਾ, ਸ੍ਰੀ ਅੰਮ੍ਰਿਤਸਰ ਦਾ ਵਿਦਿਆਰਥੀ ਹਾਂ। ਮੈਂ ਆਪਣੇ ਇਲਾਕੇ ਦੇ ਐਮ.ਐਲ.ਏ. ਕੁੰਵਰ ਵਿਜੈ ਪ੍ਰਤਾਪ ਜੀ ਦਾ ਰੋਲ ਅਦਾ ਕਰਾਂਗਾ। ਮੈਂ ਆਪਣੇ ਇਲਾਕੇ ਦੀਆਂ 12 ਪੰਚਾਇਤਾਂ, ਜਿਹੜੀਆਂ ਕਿ ਮਿਉਂਸਿਪਲ ਕਾਰਪੋਰੇਸ਼ਨ, ਸ੍ਰੀ ਅੰਮ੍ਰਿਤਸਰ ਵਿੱਚ ਸ਼ਾਮਲ ਨਹੀਂ ਹਨ, ਉਨ੍ਹਾਂ ਦੀ ਗੱਲ ਕਰਨਾ ਚਾਹੁੰਦਾ ਹਾਂ। ਇਨ੍ਹਾਂ 12 ਪੰਚਾਇਤਾਂ ਨੂੰ ਮਿਉਂਸਿਪਲ ਕਾਰਪੋਰੇਸ਼ਨ ਵਿੱਚ ਸ਼ਾਮਲ ਕੀਤਾ ਜਾਵੇ। ਉਥੋਂ ਦੇ ਲੋਕ ਗੰਦੇ ਪਾਣੀ, ਕੂੜਾ ਅਤੇ ਗਾਰਬੇਜ ਲਿਫਟਿੰਗ ਤੋਂ ਬਹੁਤ ਪਰੇਸ਼ਾਨ ਹਨ। ਮੇਰੀ ਇਹ ਬੇਨਤੀ ਸਵੀਕਾਰ ਕੀਤੀ ਜਾਵੇ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ। ਸਰਦਾਰ ਲਖਬੀਰ ਸਿੰਘ ਰਾਏ ਜੀ।

(ਇਸ ਸਮੇਂ ਸਰਦਾਰ ਲਖਬੀਰ ਸਿੰਘ ਰਾਏ ਬੋਲਣ ਲਈ ਖੜ੍ਹੇ ਨਹੀਂ ਹੋਏ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸ੍ਰੀ ਮਦਨ ਲਾਲ ਬੱਗਾ ਜੀ।

(ਇਸ ਸਮੇਂ ਸ੍ਰੀ ਮਦਨ ਲਾਲ ਬੱਗਾ ਬੋਲਣ ਲਈ ਖੜ੍ਹੇ ਨਹੀਂ ਹੋਏ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਮਨਜਿੰਦਰ ਸਿੰਘ ਲਾਲਪੁਰਾ ਜੀ।

(ਇਸ ਸਮੇਂ ਸਰਦਾਰ ਮਨਜਿੰਦਰ ਸਿੰਘ ਲਾਲਪੁਰਾ ਬੋਲਣ ਲਈ ਖੜ੍ਹੇ ਨਹੀਂ ਹੋਏ।)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ।

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ (ਗਿੱਦੜਬਾਹਾ) (ਵਿਦਿਆਰਥੀ ਮਨਪ੍ਰੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੁਰਾਈਵਾਲਾ)** : ਧੰਨਵਾਦ, ਸਪੀਕਰ ਸਾਹਿਬ ਕਿ ਤੁਸੀਂ ਸਦਨ ਦਾ ਬਹੁਤ ਹੀ ਕੀਮਤੀ ਸਮਾਂ ਮੈਨੂੰ ਦੇਣ ਦੀ ਖੇਚਲ ਕੀਤੀ ਹੈ। ਮੇਰਾ ਨਾਂ ਮਨਪ੍ਰੀਤ ਸਿੰਘ ਹੈ ਅਤੇ ਮੈਂ ਸਰਕਾਰੀ ਸੀਨੀਅਰ ਸਕੂਲ ਕੁਰਾਈਵਾਲਾ ਦਾ ਵਿਦਿਆਰਥੀ ਹਾਂ। ਮੇਰਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਹੈ। ਅੱਜ ਮੈਂ ਗਿੱਦੜਬਾਹਾ ਹਲਕੇ ਦੇ ਵਿਧਾਇਕ ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਜੀ ਦਾ ਰੋਲ ਅਦਾ ਕਰਨ ਆਇਆ ਹਾਂ।

ਵੈਸੇ ਤਾਂ ਪੰਜਾਬ ਸਰਕਾਰ ਨੇ ਮੇਰੇ ਇਲਾਕੇ ਦੇ ਕੰਮਾਂ ਵਿੱਚ ਬਹੁਤ ਵਿਕਾਸ ਕੀਤਾ ਹੈ ਪਰ ਫਿਰ ਵੀ ਮੈਂ ਪੰਜਾਬ ਸਰਕਾਰ ਦਾ ਧਿਆਨ ਮੇਰੇ ਇਲਾਕੇ ਦੇ ਰਹਿੰਦੇ ਕੰਮਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਮੇਰੇ ਇਲਾਕੇ ਵਿੱਚ ਬਹੁਤ ਲੋੜ ਹੈ। ਜਿਵੇਂ ਕਿ ਗਿੱਦੜਬਾਹਾ ਹਲਕੇ ਦੇ ਹਰ ਇੱਕ ਪਿੰਡ ਵਿੱਚ ਜਿੰਮ ਦਿੱਤੀ ਜਾਵੇ ਅਤੇ ਖੇਡ ਸਟੇਡੀਅਮ ਬਣਾਏ ਜਾਣ। ਹਲਕੇ ਦੇ ਹਰ ਇੱਕ ਪਿੰਡ ਵਿੱਚ ਪਾਣੀ ਦੇ ਖਾਲ ਬਣਾਏ ਜਾਣ, ਪਾਈਪਲਾਇਨਾਂ ਪਾਈਆਂ ਜਾਣ, ਪਿੰਡਾਂ ਦੀਆਂ ਰਹਿੰਦੀਆਂ ਸੜਕਾਂ ਬਣਾਈਆਂ ਜਾਣ। ਇਸ ਦੇ ਨਾਲ ਹੀ ਗਿੱਦੜਬਾਹਾ ਹਲਕੇ ਦੇ ਸਿਵਲ ਹਸਪਤਾਲ ਵਿੱਚ ਖਾਲੀ ਡਾਕਟਰਾਂ ਦੀਆਂ ਆਸਾਮੀਆਂ ਤੇ ਭਰਤੀ ਕੀਤੀ ਜਾਵੇ। ਧੰਨਵਾਦ, ਸਪੀਕਰ ਸਾਹਿਬ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਸ੍ਰੀਮਤੀ ਨਰਿੰਦਰ ਕੌਰ ਭਰਾਜ।

**ਸ੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ) (ਵਿਦਿਆਰਥੀ, ਸਾਨੀਆ ਅਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੜੋਂ)** : ਮਾਣਯੋਗ ਸਪੀਕਰ ਸਾਹਿਬ, ਸਾਰੇ ਐਮ.ਐਲ.ਏ. ਸਾਹਿਬਾਨਾਂ ਦੀ ਨੁਮਾਇੰਦਗੀ ਕਰ ਰਹੇ ਮੇਰੇ ਸਾਰੇ ਸਾਥੀ, ਸਭ ਤੋਂ ਪਹਿਲਾਂ ਸਾਰਿਆਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ।

ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦਾ ਧਿਆਨ ਇੱਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦੀ ਹਾਂ। ਮੇਰੇ ਹਲਕੇ ਵਿੱਚ ਕਈ ਪ੍ਰਾਈਵੇਟ ਮੈਡੀਕਲ ਕਾਲਜ ਹਨ, ਜਿਨ੍ਹਾਂ ਦੀਆਂ ਫੀਸਾਂ ਕਾਫੀ ਜ਼ਿਆਦਾ ਹਨ। ਗਰੀਬ ਘਰਾਂ ਦੇ ਜਿਹੜੇ ਇੰਟੈਲੀਜੈਂਟ ਬੱਚੇ ਹੁੰਦੇ ਹਨ, ਉਹ ਫੀਸਾਂ ਨਾ ਭਰਨ ਕਾਰਨ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦੀ ਹਾਂ ਕਿ ਮੇਰੇ ਹਲਕੇ ਸੰਗਰੂਰ ਵਿੱਚ ਸਰਕਾਰੀ ਮੈਡੀਕਲ ਕਾਲਜ ਜ਼ਰੂਰ ਖੋਲ੍ਹਿਆ ਜਾਵੇ। ਧੰਨਵਾਦ। (ਥੰਪਿੰਗ)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)** : ਧੰਨਵਾਦ ਜੀ। ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਜੀ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ (ਫਾਜ਼ਿਲਕਾ) (ਵਿਦਿਆਰਥੀ ਪ੍ਰਿੰਸ ਕੁਮਾਰ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਕੈੜਿਆਂ ਵਾਲੀ, ਫਾਜ਼ਿਲਕਾ) :** ਮਾਣਯੋਗ ਸਪੀਕਰ ਸਾਹਿਬ ਅਤੇ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਨੂੰ ਸਭ ਤੋਂ ਪਹਿਲਾਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮਾਣਯੋਗ ਸਪੀਕਰ ਸਾਹਿਬ, ਅੱਜ ਮੈਂ ਸਦਨ ਵਿੱਚ, ਲੋਕਤੰਤਰ ਨੂੰ ਹੋਰ ਮਜ਼ਬੂਤ ਕਿਵੇਂ ਕੀਤਾ ਜਾ ਸਕਦਾ ਹੈ, ਬਾਰੇ ਦੱਸਣਾ ਚਾਹਾਂਗਾ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। 2024 ਵਿੱਚ 98 ਕਰੋੜ ਤੋਂ ਵੱਧ ਲੋਕਾਂ ਨੇ ਆਪਣਾ ਲੋਕਤੰਤਰੀ ਅਧਿਕਾਰ ਵਰਤਿਆ ਹੈ। ਪਰ ਲੋਕਤੰਤਰ ਸਿਰਫ ਚੋਣਾਂ ਦਾ ਨਾਂ ਹੀ ਨਹੀਂ ਹੈ, ਇਹ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਨੂੰ ਹਰ ਦਿਨ ਮਜ਼ਬੂਤ ਬਣਾਉਣ ਦੀ ਲੋੜ ਹੁੰਦੀ ਹੈ।

**ਪਾਰਦਰਸ਼ੀ ਅਤੇ ਜਵਾਬਦੇਹ ਸਰਕਾਰ**

ਸਰਕਾਰ ਦਾ ਹਰ ਕੰਮ, ਹਰ ਸਕੀਮ ਦਾ ਨਤੀਜਾ ਜਨਤਾ ਲਈ ਹੋਵੇ।

**ਸਥਾਨਕ ਸਰਕਾਰਾਂ ਨੂੰ ਹੋਰ ਸ਼ਕਤੀ ਦੇਣਾ**

ਪੰਚਾਇਤ ਅਤੇ ਨਿਗਮਾਂ ਨੂੰ ਪੱਕੇ ਵਿੱਤੀ ਹੱਕ ਦੇਣਾ ਜ਼ਰੂਰੀ ਹੈ। ਕਰਨਾਟਕ ਨੇ ਨਵੀਂ ਸੋਚ ਵਾਲੇ ਕੰਮਾਂ ਨਾਲ ਵਿਕਾਸ ਦੀ ਗਤੀ ਤੇਜ਼ ਕੀਤੀ ਹੈ। (ਥੰਪਿੰਗ)

**ਸਰਦਾਰ ਬਲਕਾਰ ਸਿੰਘ (ਕਰਤਾਰਪੁਰ, ਐਸ.ਸੀ.) (ਵਿਦਿਆਰਥੀ ਨਿਤਿਨ ਗੋਰੀਆ, ਪੀ.ਐਮ. ਸ੍ਰੀ ਗਾਖਲ, ਧਾਲੀਵਾਲ)**: ਮਾਣਯੋਗ ਸਪੀਕਰ ਸਾਹਿਬ ਅਤੇ ਸਦਨ ਵਿੱਚ ਮੌਜੂਦ ਮੇਰੇ ਸਾਰੇ ਮੈਂਬਰਾਂ ਨੂੰ ਮੇਰੇ ਵੱਲੋਂ ਪਿਆਰ ਭਰੀ ਸਤਿ ਸ੍ਰੀ ਅਕਾਲ। ਮਾਣਯੋਗ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵੱਲੋਂ ਚਲਾਏ ਜਾ ਰਹੇ ਕੁਝ ਕੰਮਾਂ ਬਾਰੇ ਦੱਸਣਾ ਚਾਹੁੰਦਾ ਹਾਂ। ਬਹੁਤੀ ਡਿਟੇਲ ਵਿੱਚ ਨਹੀਂ ਜਾਵਾਂਗਾਂ ਕਿਉਂਕਿ ਸਾਡੇ ਕੋਲ ਸਮਾਂ ਥੋੜ੍ਹਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਥੋੜ੍ਹੇ ਸਮੇਂ ਵਿੱਚ ਬੋਲਣ ਦੀ ਕਿਰਪਾਲਤਾ ਕਰੋ ਜੀ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ):** ਮਾਣਯੋਗ ਸਪੀਕਰ ਸਾਹਿਬ, ਜਦੋਂ ਤੋਂ ਸਾਡੀ ਪਾਰਟੀ ਸੱਤਾ ਵਿੱਚ ਆਈ ਹੈ, ਸਾਡਾ ਪਹਿਲਾ ਟੀਚਾ ਐਜੂਕੇਸ਼ਨ ਸੀ, ਜੋ ਕਿ ਸਭ ਤੋਂ ਇੰਪਾਰਟੈਂਟ ਹੈ ਅਤੇ ਮੇਰੇ ਬਹੁਤ ਹੀ ਸਤਿਕਾਰਯੋਗ ਐਮ.ਐਲ.ਏ. ਸਾਹਿਬਾਨ ਨੇ ਦੁੱਖ ਜਤਾਇਆ ਹੈ, ਨਾਰਾਜ਼ਗੀ ਜਤਾਈ ਹੈ ਕਿ ਐਜੂਕੇਸ਼ਨ ਸਹੀ ਨਹੀਂ ਮਿਲ ਰਹੀ ਹੈ। ਮਾਣਯੋਗ ਸਪੀਕਰ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰੀ ਸਕੂਲਾਂ ਵਿੱਚ ਸਰਕਾਰ ਨੇ ਬੱਚਿਆਂ ਲਈ ਪ੍ਰੈਕਟੀਕਲ ਬੇਸਡ ਕੰਸੈਪਟ ਅਪਣਾਇਆ ਹੈ। ਸਰਕਾਰ ਬੱਚਿਆਂ ਲਈ ਸਕੂਲਾਂ ਵਿੱਚ ਸਾਇੰਸ ਲੈਬ, even ਲਾਇਬ੍ਰੇਰੀ, ਕੰਪਿਊਟਰ ਲੈਬ even Edusat ਰਾਹੀਂ ਕਰੈਸ਼ ਕੋਰਸਿਜ਼ like JEE, NEET ਸਭ ਉਪਲਬਧ ਕਰਵਾ ਰਹੀ ਹੈ। ਇਸ ਤੋਂ ਇਲਾਵਾ ਆਪਾਂ ਜਾਣਦੇ ਹਾਂ, ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੋਇਆ ਹੈ, its first time in the History ਕਿ ਅਸੀਂ, ਸਰਕਾਰੀ ਸਕੂਲਾਂ ਦੇ ਬੱਚੇ ਵੀ ਵਿਧਾਨ ਸਭਾ ਤੱਕ ਆਏ ਹਾਂ। ਦੂਜੇ ਪੁਆਇੰਟ ਮੈਂ ਮੈਡੀਕਲ ਸਿਸਟਮ ਬਾਰੇ ਐਕਸਪਲੇਨ ਕਰਨਾ ਚਾਹਾਂਗਾ।

ਆਪੋਜ਼ੀਸ਼ਨ ਪਾਰਟੀ ਦਾ ਕਹਿਣਾ ਹੈ ਕਿ ਸਾਡਾ ਮੈਡੀਕਲ ਸਿਸਟਮ ਬਹੁਤ ਕਮਜ਼ੋਰ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਲੋਕਾਂ ਦੀ ਮੰਗਾਂ ਨੂੰ ਦੇਖਦੇ ਹੋਏ ਪਿੰਡਾਂ-ਪਿੰਡਾਂ ਵਿੱਚ, ਮੁਹੱਲੇ-ਮੁਹੱਲੇ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ ਹਨ ਤਾਂ ਕਿ ਜੇਕਰ ਕਿਸੇ ਨੂੰ ਮੈਡੀਕਲ ਫੈਸੀਲਿਟੀ ਚਾਹੀਦੀ ਹੈ ਤਾਂ ਉਹ ਉਥੇ ਜਾ ਕੇ ਲੈ ਸਕਦਾ ਹੈ। ਕੁਝ ਐਮ.ਐਲ.ਏ. ਸਾਹਿਬਾਨ ਦਾ ਇਹ ਵੀ ਕਹਿਣਾ ਹੈ ਕਿ ਮੁਹੱਲਾ ਕਲੀਨਿਕ ਤਾਂ ਪਹਿਲਾਂ ਵੀ ਸਨ, ਡਿਸਪੈਂਸਰੀਆਂ ਦੇ ਨਾਂ ਤੇ ਪਹਿਲਾਂ ਵੀ ਚੱਲਦੇ ਸਨ। ਪਰ ਉਸ ਸਮੇਂ ਦਾ ਅਤੇ ਅੱਜ ਦਾ ਮਾਹੌਲ ਦੇਖੋ ਤਾਂ ਪਤਾ ਲੱਗ ਜਾਵੇਗਾ ਕਿ ਕੀ ਫਰਕ ਹੈ।

**ਮਾਣਯੋਗ ਸਪੀਕਰ ( ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ)**: ਮਾਣਯੋਗ ਸਪੀਕਰ ਸਾਹਿਬ, ਮੈਂ ਦੋ ਗੱਲਾਂ ਹੋਰ ਕਹਿਣੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ sum up ਕਰ ਦਿੰਦਾ ਹਾਂ ਪਰ ਮੇਰੀਆਂ ਦੋ ਗੱਲਾਂ ਹੋਰ ਸੁਣ ਲਈਆਂ ਜਾਣ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਤੁਹਾਨੂੰ ਇੱਕ ਮਿੰਟ ਹੋਰ ਦਿੱਤਾ ਜਾਂਦਾ ਹੈ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ)** : ਠੀਕ ਹੈ ਜੀ। ਮਾਣਯੋਗ ਸਪੀਕਰ ਸਾਹਿਬ, ਅੱਜ ਅਸੀਂ ਸਾਰੇ ਇੱਥੇ ਸੰਵਿਧਾਨ ਦਿਵਸ ਤੇ ਇਕੱਠੇ ਹੋਏ ਹਾਂ। ਮੈਂ ਇੱਕ ਛੋਟੀ ਜਿਹੀ ਬੇਨਤੀ ਕਰਨੀ ਚਾਹਾਂਗਾ ਕਿ ਅੱਜ ਸੰਵਿਧਾਨ ਦਿਵਸ ਤੇ ਜੇ ਅਸੀਂ ਇਕੱਠੇ ਹੋ ਹੀ ਗਏ ਹਾਂ ਤਾਂ ਅਸੀਂ ਇੱਕ ਮਤਾ ਪਾਸ ਕਰ ਦੇਈਏ ਕਿ ਅੱਜ ਸਾਰੇ ਸਕੂਲਾਂ ਵਿੱਚ Constitution ਲਾਗੂ ਕੀਤਾ ਜਾਵੇ। I don't think ਕਿ ਇਸ ਤੋਂ ਇਲਾਵਾ ਕੋਈ ਹੋਰ ਵੱਡੀ ਸ਼ਰਧਾਂਜਲੀ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਦਿੱਤੀ ਜਾ ਸਕਦੀ ਹੈ। ਅਸੀਂ ਸਾਰੇ ਸਕੂਲਾਂ ਵਿੱਚ ਸੰਵਿਧਾਨ ਨੂੰ ਲਾਗੂ ਕਰੀਏ। ਇਹ ਸੰਵਿਧਾਨ ਸਿਰਫ formality ਵਾਸਤੇ ਨਹੀਂ ਲਾਗੂ ਕਰਨਾ ਕਿ ਅਸੀਂ Fundamental Rights ਕਿਤਾਬਾਂ ਵਿੱਚ ਪੜ੍ਹਾ ਦਿੱਤੇ ਅਤੇ ਸੰਵਿਧਾਨ ਲਾਗੂ ਕਰ ਦਿੱਤਾ। ਇਸ ਤਰ੍ਹਾਂ ਨਹੀਂ ਕਰਨਾ।

ਹੋਰ ਬਹੁਤ ਸਾਰੀਆਂ ਕੰਟਰੀਜ਼ ਹਨ ਜਿੱਥੇ ਜਦੋਂ ਬੱਚਾ ਪੈਦਾ ਹੁੰਦਾ ਹੈ ਜਾਂ ਸਕੂਲ ਜਾਂਦਾ ਹੈ ਤਾਂ ਆਪਣੇ fundamental rights ਪੜ੍ਹਦਾ ਹੈ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਠੀਕ ਹੈ ਜੀ, ਧੰਨਵਾਦ ਜੀ।

**ਸਰਦਾਰ ਬਲਕਾਰ ਸਿੰਘ** : **(ਵਿਦਿਆਰਥੀ ਨਿਤਿਨ ਗੋਰੀਆ):** ਸਰ, ਸਿਰਫ ਇੱਕ ਹੋਰ ਗੱਲ।

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ):** ਨਹੀਂ ਜੀ, ਧੰਨਵਾਦ ਜੀ। ਟਾਈਮ ਹੋ ਗਿਆ ਹੈ ਜੀ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ)**: Just one more ਜੀ।

**ਮਾਣਯੋਗ ਸਪੀਕਰ ( ਵਿਦਿਆਰਥੀ ਜਗਮੰਦਰ ਸਿੰਘ)**: ਧੰਨਵਾਦ ਜੀ, ਬੈਠੋ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ)**: Just one more, sir. I will not rise again. Just one more, sir.

**ਮਾਣਯੋਗ ਸਪੀਕਰ** (**ਵਿਦਿਆਰਥੀ ਜਗਮੰਦਰ ਸਿੰਘ)**: ਨਹੀਂ ਜੀ, ਧੰਨਵਾਦ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ)** : One more sir, Please, sir.

**ਮਾਣਯੋਗ ਸਪੀਕਰ** (**ਵਿਦਿਆਰਥੀ ਜਗਮੰਦਰ ਸਿੰਘ)**: ਬੈਠੋ ਜੀ।

**ਸਰਦਾਰ ਬਲਕਾਰ ਸਿੰਘ (ਵਿਦਿਆਰਥੀ ਨਿਤਿਨ ਗੋਰੀਆ)**: Sir, it is a humble request.

**ਮਾਣਯੋਗ ਸਪੀਕਰ** (**ਵਿਦਿਆਰਥੀ ਜਗਮੰਦਰ ਸਿੰਘ)**: ਬੈਠੋ ਜੀ।

## CONCLUDING REMARKS BY THE HON'BLE SPEAKER (SHRI JAGMANDAR SINGH)

**ਮਾਣਯੋਗ ਸਪੀਕਰ (ਵਿਦਿਆਰਥੀ ਜਗਮੰਦਰ ਸਿੰਘ)**: ਅੱਜ ਵਿਦਿਆਰਥੀ ਵਿਧਾਨ ਸਭਾ ਦੇ ਮੌਕ ਸੈਸ਼ਨ ਵਿੱਚ ਆਏ ਸਮੂਹ ਮੈਂਬਰ ਸਾਹਿਬਾਨਾਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਆਪ ਸਭ ਨੇ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਸੈਸ਼ਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਮਦਦ ਕੀਤੀ ਹੈ। ਮੈਂ ਆਸ ਕਰਦਾ ਹਾਂ ਕਿ ਅਸੀਂ ਹਮੇਸ਼ਾ ਇਸੇ ਤਰ੍ਹਾਂ ਇੱਕ ਦੂਸਰੇ ਨਾਲ ਚੱਲ ਕੇ ਆਪਣੇ ਸੂਬੇ ਨੂੰ ਅੱਗੇ ਲੈ ਕੇ ਜਾਵਾਂਗੇ। ਧੰਨਵਾਦ ਜੀ। (ਥੰਪਿੰਗ)

---

## ANNOUNCEMENT BY THE SECRETARY

**ਸਕੱਤਰ, ਪੰਜਾਬ ਵਿਧਾਨ ਸਭਾ (ਸ੍ਰੀ ਰਾਮ ਲੋਕ ਖਟਾਣਾ)** : ਮੈਂ ਸਾਰੇ ਵਿਧਾਇਕ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਥੋੜ੍ਹਾ ਚਿਰ ਹੋਰ ਬੈਠਣ। ਮਾਣਯੋਗ ਸਪੀਕਰ ਸਾਹਿਬ concluding remarks ਦੇਣਗੇ। ਉਸ ਤੋਂ ਬਾਅਦ ਜ਼ਿਲ੍ਹਾ ਵਾਈਜ਼ ਕੋਆਰਡੀਨੇਟਰਜ਼ ਅਤੇ ਬੱਚੇ ਅੱਗੇ ਆਉਣਗੇ ਅਤੇ ਆਪਣੇ ਪਾਰਟੀਸਿਪੇਸ਼ਨ ਸਰਟੀਫਿਕੇਟ ਰਿਸੀਵ ਕਰਨਗੇ। ਸਭ ਤੋਂ ਪਹਿਲਾਂ ਜਿਹੜੇ ਦੂਰ ਦੇ ਜ਼ਿਲ੍ਹੇ ਹਨ, ਅਸੀਂ ਉਨ੍ਹਾਂ ਨੂੰ ਬੁਲਾਵਾਂਗੇ ਅਤੇ ਨੇੜੇ ਦੇ ਜ਼ਿਲ੍ਹਿਆਂ ਨੂੰ ਬਾਅਦ ਵਿੱਚ ਬੁਲਾਵਾਂਗੇ। ਮਾਣਯੋਗ ਸਪੀਕਰ ਸਾਹਿਬ ਆਪਣੇ concluding remarks ਦੇਣ ਦੀ ਕਿਰਪਾਲਤਾ ਕਰਨ।

---

## CONCLUDING REMARKS BY THE HON'BLE SPEAKER (SARDAR KULTAR SINGH SANDHWAN)

**ਮਾਣਯੋਗ ਸਪੀਕਰ (ਸਰਦਾਰ ਕੁਲਤਾਰ ਸਿੰਘ ਸੰਧਵਾਂ)**: ਅੱਜ ਵਾਕਿਆ ਹੀ ਤੁਹਾਡੇ ਤੇ ਗੁਰੂ ਤੇਗ ਬਹਾਦਰ ਪਾਤਸ਼ਾਹ ਦੀ ਬੜੀ ਕਿਰਪਾ ਸੀ ਕਿ ਸਾਡੇ ਬੱਚਿਆਂ ਨੇ ਬਹੁਤ ਹੀ ਉਮਦਾ ਕਾਰਵਾਈ ਵਿੱਚ ਹਿੱਸਾ ਲਿਆ ਹੈ। ਸਾਡੇ ਬੱਚਿਆਂ ਨੇ ਵਿਦਿਆਰਥੀ ਸੈਸ਼ਨ ਦੌਰਾਨ "ਅੱਜ ਦੇ ਬੱਚੇ ਕੱਲ੍ਹ ਦੇ ਨੇਤਾ" ਵਾਲੀ ਕਹਾਵਤ ਸਾਕਾਰ ਕਰ ਦਿੱਤੀ ਹੈ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਪਿਛਲੇ ਸਮਿਆਂ ਦੌਰਾਨ ਚੁਣੇ ਹੋਏ ਲੋਕ ਨੁਮਾਇੰਦਿਆਂ ਵੱਲੋਂ ਇਸ ਮੁਕੱਦਸ ਹਾਊਸ ਦਾ ਸਾਡੇ ਦੇਸ਼ ਦੀਆਂ ਵਿਧਾਨ ਸਭਾਵਾਂ, ਪਾਰਲੀਮੈਂਟ ਹਾਊਸ ਦਾ ਕੀਮਤੀ ਸਮਾਂ ਸ਼ੋਰ ਸ਼ਰਾਬੇ ਅਤੇ ਆਪਸੀ heated ਬਹਿਸ ਦੌਰਾਨ ਜੋ ਅਜਾਈਂ ਜਾਂਦਾ ਹੈ, ਉਸ ਦਾ ਪੱਖ ਵੀ ਬਹੁਤ ਸੋਹਣੇ ਤਰੀਕੇ ਨਾਲ ਪੇਸ਼ ਕੀਤਾ ਹੈ। ਉਥੇ ਹੀ ਸੈਕੰਡ ਹਾਫ ਵਿੱਚ ਜਦੋਂ ਸਦਨ ਦੀ ਕਾਰਵਾਈ ਦੁਬਾਰਾ ਸ਼ੁਰੂ ਹੋਈ ਤਾਂ ਉਸਾਰੂ ਚਰਚਾ ਅਤੇ ਮਸਲਿਆਂ ਦੇ ਹੱਲ ਲਈ ਸੰਜੀਦਗੀ ਦਾ ਪੱਖ ਵੀ ਬਾਖੂਬੀ ਪੇਸ਼ ਕੀਤਾ ਹੈ। ਮੈਂ ਤੁਹਾਡੇ ਤੋਂ ਬੜਾ impressed ਹਾਂ ਤੇ ਮੈਂ ਇਸ ਗੱਲ ਤੋਂ ਬੜਾ ਪ੍ਰਸੰਨ ਹੋਇਆ ਹਾਂ। ਮੈਨੂੰ ਪੂਰਨ ਆਸ ਹੈ ਕਿ ਇਨ੍ਹਾਂ ਵਿਦਿਆਰਥੀਆਂ ਵਿੱਚੋਂ ਹੀ ਭਵਿੱਖ ਦੇ ਵਿਧਾਇਕ, ਮੰਤਰੀ, ਮੁੱਖ ਮੰਤਰੀ, ਐਮ.ਪੀ., ਸਪੀਕਰ ਬਣ ਕੇ ਸਾਹਮਣੇ ਆਉਣਗੇ। ਇਸ ਸੈਸ਼ਨ ਨੂੰ ਵੇਖ ਕੇ ਮੇਰੇ ਇਹ ਸੋਹਣੇ ਪੰਜਾਬ ਦੇ ਹੋਰ ਨੌਜਵਾਨਾਂ ਵਿੱਚ, ਹੋਰ ਵਿਦਿਆਰਥੀਆਂ ਵਿੱਚ ਵੀ ਰਾਜਨੀਤੀ ਨੂੰ ਸਮਝਣ, ਵਰਤਣ ਅਤੇ ਪਰਖਣ ਦੀ ਚੇਟਕ ਪ੍ਰਬਲ ਹੋਵੇਗੀ। ਹੁਣ ਤੱਕ ਰਾਜਨੀਤੀ ਨੂੰ ਆਮ ਲੋਕਾਂ ਦੇ ਵੱਸ ਤੋਂ ਬਾਹਰ ਦੀ ਗੱਲ ਸਮਝਿਆ ਗਿਆ ਔਰ ਪ੍ਰਚਾਰਿਆ ਗਿਆ ਜਿਹੜੀ ਕਿ ਸਾਡੇ ਆਪਣੇ ਹਿਤ ਵਿੱਚ ਨਹੀਂ ਹੈ ਅਤੇ ਨਾ ਹੀ

ਇਹ ਪੰਜਾਬ ਦੇ ਹਿਤ ਵਿੱਚ ਹੈ ਪਰ ਅੱਜ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਮਹਿਲਾਂ ਵਾਲਿਆਂ ਨੂੰ ਨਕਾਰ ਕੇ ਆਮ ਘਰਾਂ ਦੇ ਧੀਆਂ ਪੁੱਤਾਂ ਨੂੰ ਮੌਕਾ ਦੇ ਕੇ ਇਹ ਧਾਰਨਾ ਗਲਤ ਸਾਬਤ ਕਰ ਦਿੱਤੀ ਹੈ। ਅੱਜ ਦੇ ਸੈਸ਼ਨ ਦੌਰਾਨ ਸਾਡੀਆਂ ਧੀਆਂ ਨੇ ਵੀ ਬੜੀ ਬੇਬਾਕੀ ਨਾਲ ਬੜੇ ਹੌਂਸਲੇ ਨਾਲ ਅਤੇ ਬੜੇ ਕਾਨਫੀਡੈਂਸ ਨਾਲ ਹਿੱਸਾ ਲਿਆ। ਸੋ, ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ, ਸਕੂਲ ਸਟਾਫ ਅਤੇ ਮਾਪਿਆਂ ਨੂੰ ਬਹੁਤ ਬਹੁਤ ਮੁਬਾਰਕਾਂ (ਥੰਪਿੰਗ)। ਸਾਡੇ ਸਾਰੇ ਜ਼ਿਲ੍ਹਿਆਂ ਦੇ ਸਿੱਖਿਆ ਅਧਿਆਪਕਾਂ ਨੂੰ ਬਹੁਤ ਬਹੁਤ ਮੁਬਾਰਕਬਾਦ ਜਿਨ੍ਹਾਂ ਨੇ ਪਰਸਨਲ ਇੰਟਰੱਸਟ ਲੈ ਕੇ ਇਸ ਈਵੈਂਟ ਨੂੰ ਸਕਸੈਸਫੁਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ (ਥੰਪਿੰਗ)। ਕੁਝ ਪਾਰਟੀਸੀਪੈਂਟ ਥੋੜ੍ਹੇ ਕਮਜ਼ੋਰ ਸੀ, ਉਨ੍ਹਾਂ ਦੀ ਤਿਆਰੀ ਵਿੱਚ ਕੁਝ ਕਮੀ ਸੀ, ਉਹ ਸਬੰਧਤ ਟੀਚਰ ਨੋਟ ਕਰ ਲੈਣ ਅਤੇ ਅਗਲੀ ਵਾਰ ਤੋਂ ਇਸ ਈਵੈਂਟ ਦੀ ਸੰਜੀਦਗੀ ਨੂੰ ਪੂਰੇ ਤਰੀਕੇ ਨਾਲ ਲੈਣਾ ਹੈ ਕਿਉਂਕਿ ਸਾਡੇ ਭਵਿੱਖ ਦੀਆਂ ਜਿਹੜੀਆਂ ਸਰਕਾਰਾਂ ਹਨ, ਇਹ ਉਨ੍ਹਾਂ ਨੂੰ ਟਰੇਨ ਕਰਨਾ ਹੈ। ਅੱਜ ਦੇ ਸਮੇਂ ਵਿੱਚ ਜਿੰਨੇ ਸਾਡੇ ਸਤਿਕਾਰਯੋਗ ਐਮ.ਐਲ.ਏ. ਸਾਹਿਬਾਨ ਆਏ ਹਨ, ਤੁਸੀਂ ਭਵਿੱਖ ਦੇ ਐਮ.ਐਲ.ਏ. ਬਣ ਜਾਵੋਗੇ, ਤੁਸੀਂ ਰਾਜਨੀਤੀ ਵਿੱਚ ਪੂਰਾ ਇੰਟਰੱਸਟ ਲੈਣਾ ਹੈ ਔਰ ਮੈਂ ਤੁਹਾਨੂੰ ਇੱਕ ਚਾਂਸ ਦਿੰਦਾ ਹਾਂ ਕਿ ਪਿੱਛੇ ਜਿਹੇ ਵੋਟ ਚੋਰੀ ਦੀ ਗੱਲ ਚੱਲੀ ਹੈ। ਤੁਸੀਂ ਸਾਰਿਆਂ ਨੇ ਉਸ ਤੇ ਇੱਕ 500 ਸ਼ਬਦਾਂ ਦਾ ਆਰਟੀਕਲ ਲਿਖਣਾ ਹੈ। ਜਿਹੜਾ ਆਰਟੀਕਲ ਬੈੱਸਟ ਹੋਵੇਗਾ, ਪਹਿਲੇ ਤਿੰਨ ਬੈੱਸਟ ਆਰਟੀਕਲ ਵਾਲਿਆਂ ਨੂੰ ਪੰਜਾਬ ਵਿਧਾਨ ਸਭਾ ਵਿਖੇ ਬੁਲਾ ਕੇ ਸਨਮਾਨਿਤ ਕੀਤਾ ਜਾਵੇਗਾ (ਥੰਪਿੰਗ)। ਜਿਹੜਾ ਫਸਟ ਆਵੇਗਾ, ਉਸ ਨੂੰ 51,000/- ਰੁਪਏ, ਸੈਕਿੰਡ ਨੂੰ 21,000/- ਰੁਪਏ ਅਤੇ ਥਰਡ ਨੂੰ 11,000/- ਰੁਪਏ ਇਨਾਮ ਦਿੱਤਾ ਜਾਵੇਗਾ (ਥੰਪਿੰਗ)। ਇੱਕ ਹੋਰ ਅਨਾਊਂਸਮੈਂਟ ਆਈ ਹੈ ਕਿ ਸਾਰੇ ਡਿਸਟ੍ਰਿਕਟ ਕੋਆਰਡੀਨੇਟਰਜ਼ ਨੂੰ ਹੋਰ ਸਟੂਡੈਂਟਸ ਜਿਹੜੇ ਇੱਥੇ ਆਉਣਾ ਚਾਹੁੰਦੇ ਹਨ, ਉਹ ਇਸ ਸਪੈਸ਼ਲ ਵਿਧਾਨ ਸਭਾ ਵਿੱਚ, ਇਹ ਪੰਜਾਬ ਸਰਕਾਰ ਵੱਲੋਂ ਇੱਕ ਵੱਖਰਾ ਉਪਰਾਲਾ ਕੀਤਾ ਗਿਆ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਬਣਾਈ ਗਈ ਹੈ, ਇਸ ਨੂੰ ਹੋਰ ਸਟੂਡੈਂਟਸ ਨੂੰ ਵਿਜ਼ਿਟ ਵੀ ਕਰਵਾ ਸਕਦੇ ਹੋ ਔਰ 29.11.2025 ਤੱਕ ਇਹ ਸਥਾਨ ਪੰਜਾਬ ਵਿਧਾਨ ਸਭਾ ਦਾ ਹੀ ਹਿੱਸਾ ਰਹੇਗਾ। ਸੋ, ਆਪ ਸਭ ਨੂੰ ਇੱਕ ਵਾਰ ਫਿਰ ਜੀ ਆਇਆਂ ਨੂੰ, ਤੁਹਾਡਾ ਧੰਨਵਾਦ ਅਤੇ ਜਿਸ ਸੰਜੀਦਗੀ ਨਾਲ ਤੁਸੀਂ ਅੱਜ ਇਸ ਸੈਸ਼ਨ ਨੂੰ ਕੰਡਕਟ ਕੀਤਾ ਹੈ, ਮੈਨੂੰ ਲੱਗਦਾ ਹੈ ਕਿ ਸਾਡਾ ਪੰਜਾਬ ਦਾ ਭਵਿੱਖ ਸੇਫ ਹੈਂਡਸ ਵਿੱਚ ਹੈ। ਬਹੁਤ ਬਹੁਤ ਧੰਨਵਾਦ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਜੈ ਹਿੰਦ।

*4:15 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ (ਮੌਕ) ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

---